**ਤੇਜਿੰਦਰ ਕੌਰ ਬੱਬਰ**

ਅਕੋਲਾ 8 ਨਵੰਬਰ। ਰਾਸ਼ਟਰਵਾਦੀ ਕਾਂਗਰਸ ਪਾਰਟੀ-ਸ਼ਰਦਚੰਦਰ ਪਵਾਰ (ਰਾਕਾਂਪਾ-ਐਸਪੀ) ਦੇ ਸੀਨੀਅਰ ਨੇਤਾ ਸ਼ਰਦ ਪਵਾਰ ਨੇ ਬਿਹਾਰ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਬਾਰੇ ਇੱਕ ਵੱਡਾ ਬਿਆਨ ਦਿੱਤਾ ਹੈ। ਸ਼ਨੀਵਾਰ ਨੂੰ ਪਵਾਰ ਨੇ ਕਿਹਾ ਕਿ ਜੇਕਰ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲਾ ਰਾਸ਼ਟਰੀ ਜਨਤੰਤਰਿਕ ਗਠਜੋੜ ਬਿਹਾਰ ਚੋਣਾਂ ਵਿੱਚ ਹਾਰ ਜਾਂਦਾ ਹੈ ਤਾਂ ਉਨ੍ਹਾਂ ਨੂੰ ਕੋਈ ਹੈਰਾਨੀ ਨਹੀਂ ਹੋਵੇਗੀ। ਪਵਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬਿਹਾਰ ਦੇ ਲੋਕ ਬਦਲਾਅ ਚਾਹੁੰਦੇ ਹਨ। ਸ਼ਰਦ ਪਵਾਰ ਨੇ ਬਿਹਾਰ ਨੂੰ ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਵੱਖਰਾ ਦੱਸਿਆ ਅਤੇ ਕਿਹਾ ਕਿ ਇਹ ਸੂਬਾ ਭਾਰਤੀ ਰਾਜਨੀਤੀ ਦੇ ਕੁਝ ਨਿਰਣਾਇਕ ਪਲਾਂ ਦਾ ਗਵਾਹ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਭਾਵੇਂ ਉਨ੍ਹਾਂ ਨੇ ਬਿਹਾਰ ਵਿੱਚ ਪ੍ਰਚਾਰ ਨਹੀਂ ਕੀਤਾ ਹੈ, ਪਰ ਸੂਬੇ ਵਿੱਚ ਉਨ੍ਹਾਂ ਦੇ ਸੰਪਰਕਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਜੇਕਰ ਰਾਜਗ ਸੱਤਾ ਗੁਆ ਦਿੰਦਾ ਹੈ ਤਾਂ ਉਨ੍ਹਾਂ ਨੂੰ ਹੈਰਾਨੀ ਨਹੀਂ ਹੋਵੇਗੀ। ਪਵਾਰ ਨੇ ਬਿਹਾਰ ਦੇ ਲੋਕਾਂ ਦੀ ਸਿਆਸੀ ਜਾਗਰੂਕਤਾ 'ਤੇ ਜ਼ੋਰ ਦਿੰਦਿਆਂ ਕਿਹਾ, ਇਹ ਇੱਕ ਗਰੀਬ ਸੂਬਾ ਹੈ ਪਰ ਇੱਥੋਂ ਦੇ ਨਾਗਰਿਕ ਰਾਜਨੀਤਿਕ ਤੌਰ 'ਤੇ ਜਾਗਰੂਕ ਹਨ। ਉਨ੍ਹਾਂ ਨੇ ਬਿਹਾਰ ਨਾਲ ਜੁੜੇ ਇਤਿਹਾਸਕ ਸਿਆਸੀ ਪਲਾਂ ਦਾ ਜ਼ਿਕਰ ਕੀਤਾ, ਜਿਨ੍ਹਾਂ ਵਿੱਚ ਸ਼ਾਮਲ ਹਨ: ਸੁਤੰਤਰਤਾ ਸੰਗਰਾਮ ਦੌਰਾਨ ਚੰਪਾਰਨ ਵਿੱਚ ਮਹਾਤਮਾ ਗਾਂਧੀ ਦਾ ਅੰਦੋਲਨ। ਐਮਰਜੈਂਸੀ (ਆਪਾਤਕਾਲ) ਦੇ ਵਿਰੁੱਧ ਜੈਪ੍ਰਕਾਸ਼ ਨਾਰਾਇਣ ਦਾ ਅੰਦੋਲਨ। ਵਿਰੋਧੀ ਧਿਰ ਵਿੱਚ ਰਹਿੰਦੇ ਹੋਏ ਇੰਦਰਾ ਗਾਂਧੀ ਦਾ ਹਾਥੀ 'ਤੇ ਸਵਾਰ ਹੋ ਕੇ ਬੇਲਛੀ ਦਾ ਦੌਰਾ ਕਰਨਾ। ਉਨ੍ਹਾਂ ਕਿਹਾ ਕਿ ਇਹ ਸਭ ਭਾਰਤੀ ਰਾਜਨੀਤੀ ਦੇ ਨਿਰਣਾਇਕ ਪਲ ਹਨ। ਜ਼ਿਕਰਯੋਗ ਹੈ ਕਿ ਬਿਹਾਰ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਵਿੱਚ 65.08 ਫੀਸਦੀ ਮਤਦਾਨ ਹੋਇਆ, ਜੋ ਕਿ ਸੂਬੇ ਦੇ ਇਤਿਹਾਸ ਵਿੱਚ ਹੁਣ ਤੱਕ ਦਾ ਸਭ ਤੋਂ ਵੱਧ ਮਤਦਾਨ ਹੈ। ਸੱਤਾਧਾਰੀ ਰਾਜਗ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਦੋ ਦਹਾਕਿਆਂ ਦੇ ਸ਼ਾਸਨ ਦੇ ਆਧਾਰ 'ਤੇ ਸੂਬੇ ਵਿੱਚ ਸੱਤਾ ਬਰਕਰਾਰ ਰੱਖਣ ਦੀ ਉਮੀਦ ਕਰ ਰਿਹਾ ਹੈ। ਦੂਜੇ ਪਾਸੇ, ਰਾਸ਼ਟਰੀ ਜਨਤਾ ਦਲ ਦੀ ਅਗਵਾਈ ਵਾਲਾ ਵਿਰੋਧੀ ਧਿਰ, ਕੁਸ਼ਾਸਨ ਦਾ ਹਵਾਲਾ ਦਿੰਦੇ ਹੋਏ ਅਤੇ ਨੌਕਰੀਆਂ ਦੇਣ ਦੇ ਵਾਅਦਿਆਂ ਨਾਲ ਵੋਟਾਂ ਮੰਗ ਰਿਹਾ ਹੈ। ਸ਼ਰਦ ਪਵਾਰ ਨੇ ਵੋਟਰ ਸੂਚੀ ਵਿੱਚ ਬੇਨਿਯਮੀਆਂ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਵੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਕਿਹਾ ਕਿ ਭਾਰਤ ਦੇ ਚੋਣ ਕਮਿਸ਼ਨ (ਈਸੀਆਈ) ਨੂੰ ਕਾਂਗਰਸ ਨੇਤਾ ਦੀਆਂ ਸ਼ਿਕਾਇਤਾਂ 'ਤੇ ਧਿਆਨ ਦੇਣਾ ਚਾਹੀਦਾ ਹੈ ਅਤੇ ਉਸ ਅਨੁਸਾਰ ਕਦਮ ਚੁੱਕਣੇ ਚਾਹੀਦੇ ਹਨ।



# ਜਿੱਥੋਂ ਟੁੱਟਿਆ ਸੀ ਬੰਨ੍ਹ ਰੇਤ ਮਾਫੀਏ ਨੇ ਉੱਥੇ ਹੀ ਨਜਾਇਜ਼ ਮਾਈਨਿੰਗ ਕਰਨ ਦੀ ਕੀਤੀ ਅਸਫਲ ਕੋਸ਼ਿਸ਼, ਪਿੰਡ ਵਾਲਿਆਂ ਦੀ ਹਿੰਮਤ ਦੇਖ ਭੱਜੇ

**ਮਾਛੀਵਾੜਾ ਸਾਹਿਬ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਇੱਕ ਮਹੀਨੇ ਪਹਿਲਾਂ ਤੇਜ਼ ਬਾਰਿਸ਼ਾਂ ਤੇ ਸਤਲੁਜ ਦਰਿਆ ਵਿੱਚ ਆਏ ਅਥਾਹ ਪਾਣੀ ਨਾਲ ਫੱਸਿਆਂ, ਦੁਪਾਣਾ ਸਾਰੰਗਪੁਰ ਪਿੰਡਾਂ ਕੋਲ ਬੰਨ੍ਹ ਦੀ ਜੋ ਸਥਿਤੀ ਨਾਜ਼ੁਕ ਬਣੀ ਸੀ, ਉਹ ਕਿਸੇ ਤੋਂ ਲੁਕੀ ਨਹੀਂ ਤੇ ਜੇਕਰ ਇਲਾਕੇ ਦੇ ਲੋਕ ਇਕੱਠੇ ਹੋ ਕੇ ਬੰਨ੍ਹ ਨੂੰ ਥੈਲੇ ਭਰ ਭਰ ਆਪਣੀ ਹਿੰਮਤ ਸਦਕਾ ਨਾ ਰੋਕਦੇ ਤਾਂ ਇਲਾਕੇ ਵਿੱਚ ਪਾਣੀ ਨਾਲ ਭਾਰੀ ਤਬਾਹੀ ਹੋ ਜਾਣੀ ਸੀ, ਪਰ ਅੱਜ ਹੈਰਾਨੀ ਉਸ ਵੇਲੇ ਹੋਈ ਜਦੋਂ ਕੇਵਲ ਇੱਕ ਮਹੀਨਾ ਬੀਤਣ ਦੇ ਬਾਅਦ ਹੀ ਰੇਤੇ ਦੀ ਨਜਾਇਜ਼ ਮਾਈਨਿੰਗ ਕਰਨ ਵਾਲੇ ਆਪਣੀਆਂ ਵੱਡੀਆਂ ਪੋਕਲੈਨ ਮਸ਼ੀਨਾਂ, ਟਿੱਪਰਾਂ ,ਟਰਾਲੀਆਂ ਤੇ ਹੋਰ ਮਸ਼ੀਨਾਂ ਲੈ ਕੇ ਉੱਥੇ ਰੇਤੇ ਦੀ ਨਜਾਇਜ਼ ਮਾਈਨਿੰਗ ਕਰਨ ਰਹੀ ਰਾਤ ਦੇ ਹਨ੍ਹੇਰੇ ਵਿੱਚ ਪੁੱਜ ਗਏ। ਪਿੰਡ ਵਾਸੀਆਂ ਦੇ ਇਲਾਕੇ ਦੇ ਮੋਹਤਵਾਰ ਸੱਜਣਾਂ ਨੂੰ ਪਤਾ ਲੱਗਣ ਤੇ ਜਦੋਂ ਲੋਕਾਂ ਦਾ ਉੱਥੇ ਇਕੱਠ ਹੋਇਆ ਤਾਂ ਉਹਨਾਂ ਵਿਅਕਤੀਆਂ ਨਾਲ ਹੱਥੋਪਾਈ ਤੱਕ ਕਰਨ ਦੀ ਕੋਸ਼ਿਸ਼ ਕੀਤੀ। ਲੋਕਾਂ ਦਾ ਭਾਰੀ ਇਕੱਠ ਹੁੰਦਾ ਦੇਖ ਉਹ ਟਿੱਪਰ ,ਇੱਕ ਕਾਰ, ਟਰੈਕਟਰ ਟਰਾਲੀ ਛੱਡ ਭੱਜ ਗਏ ਜਦਕਿ ਪੰਜ ਵਿਅਕਤੀਆਂ ਨੂੰ ਪਿੰਡ ਵਾਸੀਆਂ ਨੇ ਫੜ ਕੇ ਪੁਲਿਸ ਹਵਾਲੇ ਕੀਤਾ ਤੇ 10 ਤੋਂ ਵੱਧ ਵਿਅਕਤੀ ਭੱਜਣ ਵਿੱਚ ਸਫਲ ਰਹੇ। ਜ਼ਿਕਰ ਯੋਗ ਹੈ ਕਿ ਉੱਥੇ ਜੋ ਕਾਰ ਛੱਡ ਕੇ ਭੱਜੇ ਉਸ ਵਿੱਚ ਸ਼ਰਾਬ ਦੀਆਂ ਬੋਤਲਾਂ ਤਾਕੀ ਦੇ ਸ਼ਹਿਰ ਰਾਹੀਂ ਪੰਜਾਂ ਸਪਸ਼ਟ ਦਿਖਾਈ ਦੇ ਰਹੀਆਂ ਹਨ ।ਪਿੰਡ ਦੋਪਾਣਾ ਵਿਖੇ ਸਤਲੁਜ ਦਰਿਆ 'ਚ ਅੱਧੀ ਰਾਤ ਨੂੰ ਜਦੋਂ ਨਾਜਾਇਜ਼ ਮਾਈਨਿੰਗ ਸ਼ੁਰੂ ਹੋਈ ਤਾਂ ਪਿੰਡ ਵਾਸੀਆਂ ਨੇ ਮਾਈਨਿੰਗ ਕਰਨ ਵਾਲੇ ਵਿਅਕਤੀਆਂ ਨੂੰ ਘੇਰ ਲਿਆ। ਇਸ ਤੋਂ ਬਾਅਦ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਮਾਛੀਵਾੜਾ ਖਾਮ ਦੇ ਵਾਸੀ ਦਵਿੰਦਰ ਸਿੰਘ ਤੇ ਹੋਰ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਅੱਧੀ ਰਾਤ ਨੂੰ ਨੇੜ੍ਹੇ ਹੀ ਵਗਦੇ ਸਤਲੁਜ ਦਰਿਆ 'ਚੋਂ ਰੇਤ ਮਾਫ਼ੀਆ ਮਸ਼ੀਨਾਂ ਅਤੇ ਹੋਰ ਵਾਹਨਾਂ ਰਾਹੀਂ ਨਾਜਾਇਜ਼ ਮਾਈਨਿੰਗ ਕਰ ਰਿਹਾ ਹੈ। ਪਿੰਡ ਵਾਸੀਆਂ ਨੇ ਰੇਤ ਮਾਫ਼ੀਆ ਨੂੰ ਇਕੱਠੇ ਹੋ ਕੇ ਘੇਰ ਲਿਆ ਅਤੇ ਨਾਜਾਇਜ਼ ਮਾਈਨਿੰਗ ਤੁਰੰਤ ਬੰਦ ਕਰਨ ਲਈ ਕਿਹਾ। ਦਵਿੰਦਰ ਸਿੰਘ ਨੇ ਦੱਸਿਆ ਕਿ ਰੇਤ ਦੀ ਨਾਜਾਇਜ਼ ਮਾਈਨਿੰਗ ਕਰਨ ਵਾਲਿਆਂ ਵਲੋਂ ਉਨ੍ਹਾਂ ਨੂੰ ਧਮਕੀਆਂ ਵੀ ਦਿੱਤੀਆਂ ਗਈਆਂ ਅਤੇ ਧੱਕਾ-ਮੁੱਕੀ ਵੀ ਕੀਤੀ ਗਈ, ਜਿਸ 'ਤੇ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਗਿਆ।

ਅੱਧੀ ਰਾਤ ਨੂੰ ਨਾਜਾਇਜ਼ ਮਾਈਨਿੰਗ ਦੀ ਸੂਚਨਾ ਮਿਲਣ 'ਤੇ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਪਿੰਡ ਵਾਸੀਆਂ ਵਲੋਂ ਨਾਜਾਇਜ਼ ਮਾਈਨਿੰਗ ਕਰਨ ਵਾਲੇ ਕੁੱਝ ਵਿਅਕਤੀ ਅਤੇ ਉਨ੍ਹਾਂ ਦੀ ਮਸ਼ੀਨ ਅਤੇ ਵਾਹਨ ਪੁਲਸ ਦੇ ਸਪੁਰਦ ਕਰ ਦਿੱਤੇ ਗਏ। ਪਿੰਡ ਵਾਸੀਆਂ ਨੇ ਦੱਸਿਆ ਕਿ ਸਤਲੁਜ ਦਰਿਆ 'ਚੋਂ ਨਾਜਾਇਜ਼ ਮਾਈਨਿੰਗ ਹੋਣ ਦਾ ਖਾਮਿਆਜ਼ਾ ਉਹ ਪਹਿਲਾਂ ਹੀ ਭੁਗਤ ਚੁੱਕੇ ਹਨ ਕਿਉਂਕਿ ਹੜ੍ਹਾਂ ਦੌਰਾਨ ਪਹਿਲਾਂ ਹੀ ਕਮਜ਼ੋਰ ਧੁੱਸੀ ਬੰਨ੍ਹ ਨੂੰ ਪਾੜ ਪੈਣ ਲੱਗ ਗਿਆ ਸੀ ਅਤੇ ਜੇਕਰ ਹੁਣ ਮਾਈਨਿੰਗ ਹੋਈ ਤਾਂ ਬੰਨ੍ਹ ਟੁੱਟ ਜਾਵੇਗਾ। ਉਨ੍ਹਾਂ ਕਿਹਾ ਕਿ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ਨੂੰ ਬਚਾਉਣ ਲਈ ਨਾਜਾਇਜ਼ ਮਾਈਨਿੰਗ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਪੁਲਸ ਪ੍ਰਸ਼ਾਸਨ ਇਸ ਮਾਮਲੇ ਵਿਚ ਸਖ਼ਤ ਕਾਰਵਾਈ ਕਰੇ। ਇਸ ਸਬੰਧੀ ਥਾਣਾ ਮੁਖੀ ਇੰਸਪੈਕਟਰ ਹਰਵਿੰਦਰ ਸਿੰਘ ਨੇ ਕਿਹਾ ਕਿ ਨਾਜਾਇਜ਼ ਮਾਈਨਿੰਗ ਕਰਨ ਵਾਲਿਆਂ ਦੇ ਵਾਹਨ ਕਬਜ਼ੇ ਵਿਚ ਕਰ ਲਏ ਗਏ ਹਨ। ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਵਲੋਂ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮਾਛੀਵਾੜਾ ਇਲਾਕੇ ਵਿਚ ਨਾਜਾਇਜ਼ ਮਾਈਨਿੰਗ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।



ਫੜੇ ਗਏ ਟਿੱਪਰ ,ਟਰਾਲੀ ਅਤੇ ਕਾਰ ਨਾਲ ਜਾਣਕਾਰੀ ਦੇ ਰਹੇ ਪਿੰਡ ਵਾਸੀ।

# ਗੁਰਪੁਰਬ ਪੁੰਨਿਆ ਦੇ ਸ਼ੁੱਭ ਦਿਹਾੜੇ 'ਤੇ ਅੱਖਾਂ ਦਾ ਮੁਫ਼ਤ ਆਪ੍ਰੇਸ਼ਨ ਲੈਂਜ ਕੈਂਪ ਲਗਾਏ



ਕੈਂਪ ਦੌਰਾਨ ਡਾਕਟਰ ਮਰੀਜ਼ ਦੀ ਅੱਖ ਦੀ ਜਾਂਚ ਕਰਦੇ ਹੋਏ ਨਾਲ ਸੰਤ ਰਿਸ਼ੀ ਰਾਮ ਜੀ, ਵਿਧਾਇਕ ਅਮੋਲਕ ਸਿੰਘ ਤੇ ਪਤਵੰਤੇ ਸੱਜਣ।

**ਜੈਤੋਂ,8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵਾਮੀ ਬ੍ਰਹਮ ਮੁਨੀ ਸ਼ਾਸਤਰੀ ਜੀ (ਮੁੱਖ ਸਰਪ੍ਰਸਤ) ਦੀ ਯੋਗ ਅਗਵਾਈ ਹੇਠ ਪ੍ਰਸਿੱਧ ਸਮਾਜ ਸੇਵੀ ਸੰਸਥਾ ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੁਸਾਇਟੀ ਜੈਤੋ (ਸੰਤ ਜਲਾਲ ਵਾਲਿਆਂ ਦਾ ਅੱਖਾਂ ਦਾ ਹਸਪਤਾਲ ਜੈਤੋ) ਵਿਖੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਪੁੰਨਿਆ ਦੇ ਸ਼ੁੱਭ ਦਿਹਾੜੇ 'ਤੇ ਅੱਖਾਂ ਦਾ ਮੁਫ਼ਤ ਆਪ੍ਰੇਸ਼ਨ ਲੈਂਜ ਕੈਂਪ ਸਥਾਨਕ ਚੈਨਾ ਰੋਡ ਹਸਪਤਾਲ ਵਿਖੇ ਇੰਗਲੈਂਡ ਦੀ ਸੰਗਤ ਜਸਵਿੰਦਰ ਸਿੰਘ ਢਿੱਲੋਂ, ਗੁਰਦੇਵ ਸਿੰਘ ਪੁਰੇਵਾਲ, ਪਰਮਿੰਦਰ ਕੌਰ ਪੁਰੇਵਾਲ, ਜੋਗਾ ਸਿੰਘ ਢਿੱਲੋਂ, ਹਰਨੇਕ ਸਿੰਘ ਧਾਲੀਵਾਲ, ਪਰਮਿੰਦਰ ਸਿੰਘ ਮਾਂਗਟ, ਬਲਵਿੰਦਰ ਸਿੰਘ ਚੋਹਾਨ, ਗੁਰਮੀਤ ਸਿੰਘ ਭੱਲਾ, ਭੁਪਿੰਦਰ ਪਾਲ ਸਿੰਘ ਭਮਰਾ, ਹਰਮਿੰਦਰ ਸਿੰਘ ਦੂਹਰਾ, ਰਮਨ ਕੁਮਾਰ ਸ਼ਰਮਾ, ਜਸਪਾਲ ਸਿੰਘ ਭੱਲਾ, ਕੁਲਬੀਰ ਸਿੰਘ ਮੋਡੇਅਰ, ਪ੍ਰਵੀਨ ਕੁਮਾਰ ਮੈਣੀ ਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਦੇ ਸਹਿਯੋਗ ਨਾਲ ਲਗਾਇਆ ਗਿਆ।

ਇਸ ਮੌਕੇ ਅਮੋਲਕ ਸਿੰਘ ਹਲਕਾ ਵਿਧਾਇਕ ਤੇ ਗੁਰਦਿੱਤ ਸਿੰਘ ਸੇਖੋਂ ਵਿਧਾਇਕ ਫਰੀਦਕੋਟ ਬਤੌਰ ਮੁੱਖ ਮਹਿਮਾਨ ਸਮਾਗਮ ਵਿੱਚ ਸ਼ਾਮਲ ਹੋਏ। ਉਹਨਾਂ ਕਿਹਾ ਕਿ ਮਨੁੱਖਤਾ ਦੀ ਸੇਵਾ ਲਈ ਦਾਨੀ ਸੱਜਣਾਂ ਦਾ ਸਹਿਯੋਗ ਵੱਡਮੁੱਲਾ ਹੈ ਤੇ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ ਹਨ। ਇਸ ਮੌਕੇ ਸਵਾਮੀ ਬ੍ਰਹਮ ਮੁਨੀ ਜੀ, ਅਮੋਲਕ ਸਿੰਘ, ਗੁਰਦਿੱਤ ਸਿੰਘ ਸੇਖੋਂ ਤੇ ਸੰਤ ਰਿਸ਼ੀ ਰਾਮ ਜੀ ਨੇ ਦੀਪਕ ਪ੍ਰਜਵਲਿਤ ਕਰਕੇ ਕੈਂਪ ਦਾ ਉਦਘਾਟਨ ਕੀਤਾ।

ਸੰਸਥਾ ਵੱਲੋਂ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਸੰਤ ਰਿਸ਼ੀ ਰਾਮ ਜੀ ਪ੍ਰਧਾਨ ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੋਸਾਇਟੀ ਜੈਤੋ ਨੇ ਦੱਸਿਆ ਕਿ ਕੈਂਪ 'ਚ ਅੱਖਾਂ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਦੀਪਕ ਅਰੋੜਾ, ਡਾ. ਮੋਨਿਕਾ ਬਲਿਆਨ ਅਤੇ ਡਾ. ਭੁਪਿੰਦਰ ਕੌਰ ਤੇ ਉਨ੍ਹਾਂ ਦੀ ਟੀਮ ਨੇ ਲਗਭਗ 750 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਅਤੇ 325 ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਦੇ ਮੁਫਤ ਆਪ੍ਰੇਸ਼ਨ ਕੀਤੇ ਜਾਣ ਲਈ ਚੋਣ ਕੀਤੀ।

ਮਰੀਜ਼ਾਂ ਲਈ ਰਹਿਣ ਤੇ ਲੰਗਰ ਦਾ ਪ੍ਰਬੰਧ ਸੁਸਾਇਟੀ ਵੱਲੋਂ ਮੁਫ਼ਤ ਕੀਤਾ ਗਿਆ। ਉਹਨਾਂ ਦੱਸਿਆ ਕਿ ਇਸ ਕੈਂਪ ਵਿੱਚ ਦਿਲ ਦੇ ਰੋਗੀਆਂ, ਹਾਈ ਬਲੱਡ ਪਰੈਸ਼ਰ ਤੇ ਸ਼ੂਗਰ ਦੇ ਮਰੀਜ਼ਾਂ ਦੀਆਂ ਅੱਖਾਂ ਦਾ ਸਿਰਫ਼ ਚੈੱਕ ਅੱਪ ਕੀਤਾ ਗਿਆ ਪਰ ਉਹਨਾਂ ਨੂੰ ਆਪ੍ਰੇਸ਼ਨ ਲਈ ਦਾਖਲ ਨਹੀਂ ਕੀਤਾ ਗਿਆ। ਹਰੇਕ ਮਰੀਜ਼ ਆਪਣੇ ਆਧਾਰ ਕਾਰਡ ਦੀਆਂ ਦੋ ਫੋਟੋ ਕਾਪੀਆਂ ਜ਼ਰੂਰ ਨਾਲ ਲੈ ਕੇ ਆਉਣ।

ਇਸ ਮੌਕੇ ਇਸ ਮੌਕੇ ਮਾਤਾ ਰਜਨੀ ਦੇਵੀ ਵਿਵੇਕ ਆਸ਼ਰਮ ਜੈਤੋ, ਹੈੱਡ ਗ੍ਰੰਥੀ ਰਾਮ ਸਿੰਘ, ਟਰੱਕ ਯੂਨੀਅਨ ਦੇ ਪ੍ਰਧਾਨ ਹਰਸਿਮਰਨ ਮਲਹੋਤਰਾ, ਜ਼ਿਲ੍ਹਾ ਜੁਆਇੰਟ ਸਕੱਤਰ ਯੂਥ ਸੁਖਰੀਤ ਰੋਮਾਣਾ, ਡੀ. ਸੀ. ਸਿੰਘ, ਡਾਕਟਰ ਮੱਖਣ ਸਿੰਘ ਕਰੀਰਵਾਲੀ, ਮੇਜਰ ਸਿੰਘ ਗੋਂਦਾਰਾ, ਜਗਦੀਸ਼ ਸਿੰਘ, ਜਸਵਿੰਦਰ ਸਿੰਘ ਪਟਵਾਰੀ, ਸੁਰਜੀਤ ਸਿੰਘ ਅਰੋੜਾ ਰੋੜੀ ਕਪੂਰਾ, ਸਤਵਿੰਦਰ ਸਿੰਘ ਅੰਗਰੋਈਆ, ਬੂਟਾ ਸਿੰਘ ਮੱਲਣ, ਬਲੀ ਸਿੰਘ, ਮਨੀ ਸਿੰਘ, ਬਿੰਦਰ ਪਾਲ ਜੈਤੋ, ਤੇਜਿੰਦਰ ਸਿੰਘ ਬਰਾੜ, ਜਗਮੀਤ ਸਿੰਘ ਮੱਲਣ, ਅਮਨਦੀਪ ਸਿੰਘ ਜਿਗਰੀ, ਹਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਸੁੱਖਾ, ਗੁਰਪੀਤ ਸਿੰਘ ਬਾਜਾਖਾਨਾ, ਮੈਡਮ ਸੁਮਨ, ਮੈਡਮ ਸੁਸ਼ਮਾ, ਮੈਡਮ ਕਰਮਜੀਤ ਕੌਰ, ਮੈਡਮ ਜਸਵੀਰ ਕੌਰ ਹਾਜ਼ਰ ਸਨ।

# ਮੁੱਖ ਮੰਤਰੀ ਵੱਲੋਂ ਪੰਜਾਬ ਵਾਸੀਆਂ ਨੂੰ ਵੱਡੀ ਸੌਗਾਤ, ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ ਲੋਕਾਂ ਨੂੰ ਸਮਰਪਿਤ

## ➢ ਸ਼ਾਹਪੁਰ ਕੰਢੀ ਪ੍ਰਾਜੈਕਟ ਨਾਲ ਸੂਬੇ ਨੂੰ ਵੱਡੇ ਪੱਧਰ 'ਤੇ ਮਿਲਣਗੀਆਂ ਬਿਜਲੀ ਅਤੇ ਸਿੰਚਾਈ ਸਹੂਲਤਾਂ ➢ ਮਾਝੇ ਦੇ ਜ਼ਿਲ੍ਹਿਆਂ ਲਈ ਲਾਈਫ ਲਾਈਨ ਸਾਬਤ ਹੋਵੇਗਾ ਸ਼ਾਹਪੁਰ ਕੰਢੀ ਡੈਮ

**ਪਠਾਨਕੋਟ, 6 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪੰਜਾਬ ਵਾਸੀਆਂ ਨੂੰ ਵੱਡੀ ਸੌਗਾਤ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 3394.49 ਕਰੋੜ ਦੀ ਲਾਗਤ ਵਾਲੇ ਸ਼ਾਹਪੁਰ ਕੰਢੀ ਪ੍ਰਾਜੈਕਟ ਦਾ ਰਸਮੀ ਤੌਰ 'ਤੇ ਉਦਘਾਟਨ ਕੀਤਾ ਜਿਸ ਨਾਲ ਸੂਬੇ ਵਿੱਚ ਬਿਜਲੀ ਤੇ ਸਿੰਚਾਈ ਸਹੂਲਤਾਂ ਵਿੱਚ ਵੱਡਾ ਵਾਧਾ ਹੋਵੇਗਾ।

ਇਹ ਪ੍ਰਾਜੈਕਟ ਨੂੰ ਸਮਰਪਿਤ ਕਰਨ ਮੌਕੇ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅੱਜ ਦੇਸ਼ ਲਈ ਖਾਸ ਕਰਕੇ ਪੰਜਾਬ ਲਈ ਇਤਿਹਾਸਕ ਦਿਨ ਹੈ। ਉਨ੍ਹਾਂ ਕਿਹਾ ਕਿ ਉਹ ਡੈਮ ਦਾ ਨਿਰਮਾਣ ਕਰਨ ਵਾਲੇ ਇੰਜਨੀਅਰਾਂ, ਮੁਲਾਜ਼ਮਾਂ ਅਤੇ ਕਿਰਤੀ-ਕਾਮਿਆਂ ਦਾ ਸਾਰੇ ਪੰਜਾਬੀਆਂ ਵੱਲੋਂ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਦਿਨ-ਰਾਤ ਮਿਹਨਤ ਕਰਕੇ ਇਸ ਪ੍ਰਾਜੈਕਟ ਨੂੰ ਹਕੀਕਤ ਵਿੱਚ ਬਦਲ ਦਿੱਤਾ। ਉਨ੍ਹਾਂ ਕਿਹਾ ਕਿ ਇਹ ਡੈਮ ਕਿਸਾਨਾਂ, ਸਨਅਤਕਾਰਾਂ, ਕਾਰੋਬਾਰੀਆਂ ਅਤੇ ਆਮ ਲੋਕਾਂ ਲਈ ਵਰਦਾਨ ਸਾਬਤ ਹੋਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਰਗੇ ਖੇਤੀ ਪ੍ਰਧਾਨ ਸੂਬੇ ਨੂੰ ਸਭ ਤੋਂ ਵੱਧ ਫਾਇਦਾ ਹੋਵੇਗਾ ਕਿਉਂਕਿ ਇਸ ਨਾਲ ਇਸ ਡੈਮ ਨਾਲ ਜਿੱਥੇ ਬਿਜਲੀ ਦਾ ਉਤਪਾਦਨ ਵਧੇਗਾ, ਉਥੇ ਸਿੰਚਾਈ ਦੀ ਸਹੂਲਤ ਵੀ ਮਿਲੇਗੀ। ਇਸ ਪ੍ਰਾਜੈਕਟ ਨਾਲ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਡੇ ਮੌਕੇ ਹਾਸਲ ਹੋਣਗੇ।

ਮੁੱਖ ਮੰਤਰੀ ਨੇ ਕਿਹਾ, ਸ਼ਾਹਪੁਰ ਕੰਢੀ ਡੈਮ ਪੰਜਾਬ ਦੀ ਖਾਸ ਕਰਕੇ ਮਾਝੇ ਦੇ ਇਲਾਕੇ ਦੀ ਲਾਈਫ ਲਾਈਨ (ਜੀਵਨ ਰੇਖਾ) ਸਾਬਤ ਹੋਵੇਗੀ। ਮੈਨੂੰ ਉਮੀਦ ਹੈ ਕਿ ਇਹ ਡੈਮ ਜਿੱਥੇ ਲੱਖਾਂ ਘਰਾਂ ਨੂੰ ਰੌਸ਼ਨ ਕਰੇਗਾ, ਉਥੇ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਵੀ ਰੁਸ਼ਨਾਏਗਾ।

ਇਸ ਪ੍ਰਾਜੈਕਟ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ ਦੀ ਕੀਮਤ 3394.49 ਕਰੋੜ ਰੁਪਏ ਹੈ। ਇਸ ਵਿੱਚੋਂ 2694.02 ਕਰੋੜ ਰੁਪਏ (ਲਗਪਗ 80 ਫੀਸਦੀ) ਪੰਜਾਬ ਵੱਲੋਂ ਖਰਚੇ ਜਾ ਰਹੇ ਹਨ ਜਦਕਿ ਬਾਕੀ 700.45 ਕਰੋੜ ਰੁਪਏ (20 ਫੀਸਦੀ) ਦੀ ਸਹਾਇਤਾ ਭਾਰਤ ਸਰਕਾਰ ਵੱਲੋਂ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸ਼ਾਹਪੁਰ ਕੰਢੀ ਪ੍ਰਾਜੈਕਟ ਲਈ 3171.72 ਏਕੜ ਜ਼ਮੀਨ ਐਕੁਵਾਇਰ ਕੀਤੀ ਜਿਸ ਵਿੱਚ 1643.77 ਏਕੜ ਜ਼ਮੀਨ ਪੰਜਾਬ ਦੀ ਜਦਕਿ 1527.95 ਏਕੜ ਜ਼ਮੀਨ ਜੰਮੂ ਕਸ਼ਮੀਰ ਦੀ ਹੈ।

ਨਵੇਂ ਡੈਮ ਨਾਲ ਸਿੰਚਾਈ ਸਹੂਲਤਾਂ ਦਾ ਜ਼ਿਕਰ ਕਰਦਿਆਂ ਇਸ ਪ੍ਰਾਜੈਕਟ ਨਾਲ ਪੰਜਾਬ ਵਿੱਚ 5000 ਹੈਕਟੇਅਰ (12500 ਏਕੜ) ਵਿੱਚ ਸਿੰਚਾਈ ਸਹੂਲਤ ਹੋਵੇਗੀ ਜਿਸ ਨਾਲ ਮਾਝੇ ਇਲਾਕੇ ਦੇ ਪਠਾਨਕੋਟ, ਗੁਰਦਾਸਪੁਰ ਅਤੇ ਅੰਮ੍ਰਿਤਸਰ ਸਮੇਤ ਹੋਰ ਜ਼ਿਲ੍ਹਿਆਂ ਦੇ ਖੇਤਾਂ ਵਿੱਚ ਪਾਣੀ ਪਹੁੰਚੇਗਾ। ਇਸ ਪ੍ਰਾਜੈਕਟ ਨਾਲ ਅਪਰ ਬਾਰੀ ਦੁਆਬ ਨਹਿਰ ਅਧੀਨ ਇਕ ਲੱਖ 18 ਹਜ਼ਾਰ ਹੈਕਟੇਅਰ ਰਕਬੇ ਲਈ ਹੁਣ ਨਿਰੰਤਰ ਸਿੰਚਾਈ ਸਹੂਲਤਾਂ ਮਿਲਣਗੀਆਂ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਸ਼ਾਹਪੁਰ ਕੰਢੀ ਡੈਮ ਪ੍ਰੋਜੈਕਟ ਦੇ ਨਿਰਮਾਣ ਤੋਂ ਪਹਿਲਾਂ, ਰਣਜੀਤ ਸਾਗਰ ਡੈਮ ਪਾਵਰ ਹਾਊਸ ਸਵੇਰੇ ਤੇ ਸ਼ਾਮ ਸਮੇਂ ਬਿਜਲੀ ਦੀ ਵੱਧ ਲੋੜ ਹੋਣ ਦੇ ਮੌਕੇ ਆਪਣੀ ਪੂਰੀ 600 ਮੈਗਾਵਾਟ ਦੀ ਸਮਰੱਥਾ ਨਾਲ ਕੰਮ ਨਹੀਂ ਕਰ ਸਕਦਾ ਸੀ, ਕਿਉਂਕਿ ਹੇਠਾਂ ਪਾਣੀ ਸਟੋਰ ਕਰਨ ਲਈ ਕੋਈ ਰਿਜ਼ਰਵਾਇਰ ਮੌਜੂਦ ਨਹੀਂ ਸੀ ਅਤੇ ਪਾਣੀ ਪਾਕਿਸਤਾਨ ਅਜਾਈਂ ਚਲਾ ਜਾਂਦਾ ਸੀ। ਉਨ੍ਹਾਂ ਦੱਸਿਆ ਕਿ ਸ਼ਾਹਪੁਰ ਕੰਢੀ ਡੈਮ ਦੇ ਚਾਲੂ ਹੋਣ ਨਾਲ, ਰਣਜੀਤ ਸਾਗਰ ਪਾਵਰ ਹਾਊਸ ਹੁਣ ਸਵੇਰੇ ਅਤੇ ਸ਼ਾਮ ਦੌਰਾਨ ਬਿਜਲੀ ਦੀ ਲੋੜ ਅਨੁਸਾਰ ਪ੍ਰਭਾਵਸ਼ਾਲੀ ਤਰੀਕੇ ਨਾਲ ਬਿਜਲੀ ਉਤਪਾਦਨ ਕਰ ਰਿਹਾ ਹੈ। ਰਣਜੀਤ ਸਾਗਰ ਡੈਮ ਤੋਂ ਛੱਡਿਆ ਗਿਆ ਪਾਣੀ ਹੁਣ ਸ਼ਾਹਪੁਰ ਕੰਢੀ ਰਿਜ਼ਰਵਾਇਰ ਵਿੱਚ ਸਟੋਰ ਕੀਤਾ ਜਾਂਦਾ ਹੈ। ਇਸ ਨਾਲ ਬਿਜਲੀ ਦਾ ਉਤਪਾਦਨ ਕਰਨ ਅਤੇ ਕਿਸਾਨਾਂ ਨੂੰ ਸਿੰਚਾਈ ਲਈ ਪਾਣੀ ਦੀ ਸਪਲਾਈ ਯਕੀਨੀ ਬਣ ਰਹੀ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਸ਼ਾਹਪੁਰ ਕੰਢੀ ਡੈਮ ਦੀ ਉਚਾਈ 55.5 ਮੀਟਰ ਹੈ ਅਤੇ ਇਸ ਪ੍ਰਾਜੈਕਟ ਵਿੱਚ 7.7 ਕਿਲੋਮੀਟਰ ਹਾਈਡਲ ਚੈਨਲ ਹੋਵੇਗਾ। ਉਨ੍ਹਾਂ ਦੱਸਿਆ ਕਿ 206 ਮੈਗਾਵਾਟ ਦੀ ਸਮਰੱਥਾ ਵਾਲੇ ਦੋ ਬਿਜਲੀ ਘਰ (ਪਾਵਰ ਹਾਊਸ) ਬਣਾਏ ਜਾ ਰਹੇ ਹਨ ਅਤੇ ਇਨ੍ਹਾਂ ਦਾ 75 ਫੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ। ਇਹ ਪ੍ਰਾਜੈਕਟ ਮਾਰਚ, 2026 ਤੱਕ ਪੂਰਾ ਕਰਕੇ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ ਜਿਸ ਨਾਲ ਬਿਜਲੀ ਦਾ ਉਤਪਾਦਨ ਸ਼ੁਰੂ ਹੋਵੇਗਾ।

ਸਿੰਚਾਈ ਸਹੂਲਤਾਂ ਲਈ ਡੈਮ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਇਸ ਡੈਮ ਨਾਲ ਤਿੰਨ ਨਵੀਆਂ ਨਹਿਰਾਂ ਦੇ ਨਿਰਮਾਣ ਦਾ ਕੰਮ ਵੀ ਅੰਤਿਮ ਪੜਾਅ 'ਤੇ ਹੈ। ਉਨ੍ਹਾਂ ਦੱਸਿਆ ਕਿ ਸ਼ਾਹਪੁਰ ਕੰਢੀ ਡੈਮ ਦੇ ਉਪਰਲੇ ਪਾਸੇ ਇੱਕ ਝੀਲ ਬਣਾਈ ਗਈ ਹੈ, ਜਿਸ ਨੂੰ ਆਉਣ ਵਾਲੇ ਸਾਲਾਂ ਵਿੱਚ ਪੰਜਾਬ ਦੇ ਸਭ ਤੋਂ ਵੱਡੇ ਸੈਲਾਨੀ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਡੈਮ ਨਾਲ ਪੰਜਾਬ, ਉੱਤਰੀ ਭਾਰਤ ਵਿੱਚ ਵਾਟਰ ਸਪੋਰਟਸ ਨੂੰ ਵੱਡਾ ਹੁਲਾਰਾ ਦੇਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ਾਹਪੁਰ ਕੰਢੀ ਡੈਮ, ਰਣਜੀਤ ਸਾਗਰ ਡੈਮ ਅਤੇ ਚਮਰੋੜ ਨੂੰ ਵਿਸ਼ਵ ਪੱਧਰੀ ਟੂਰਿਜ਼ਮ ਹੱਬ ਵਜੋਂ ਵਿਕਸਤ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੁਝ ਕੰਪਨੀਆਂ ਇਨ੍ਹਾਂ ਡੈਮਾਂ ਵਿੱਚ ਟੂਰਿਜ਼ਮ ਪ੍ਰਾਜੈਕਟ ਲਾਉਣ ਲਈ ਤਿਆਰ ਹਨ ਜਿਨ੍ਹਾਂ ਨਾਲ ਗੱਲਬਾਤ ਦਾ ਦੌਰ ਜਾਰੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵੱਡੀਆਂ ਕੰਪਨੀਆਂ ਇਸ ਇਲਾਕੇ ਦੀ ਖ਼ੂਬਸੂਰਤੀ ਤੋਂ ਬਹੁਤ ਆਕਰਸ਼ਿਤ ਹੈ ਜਿਸ ਕਰਕੇ ਇੱਥੇ ਸੈਰ ਸਪਾਟੇ ਨੂੰ ਉਤਸ਼ਾਹਤ ਕਰਨ ਦੀਆਂ ਬਹੁਤ ਵੱਡੀਆਂ ਸੰਭਾਵਨਾਵਾਂ ਹਨ। ਇਸ ਮੌਕੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਤੇ ਬਰਿੰਦਰ ਕੁਮਾਰ ਗੋਇਲ ਅਤੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਤੇ ਹੋਰ ਹਾਜ਼ਰ ਸਨ।



# ਖਾਲਸਾ ਸਕੂਲ ਖਰੜ 'ਚ ਪ੍ਰਕਾਸ਼ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ



**ਖਰੜ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਰੜ ਦੀ ਮੈਨੇਜਮੈਂਟ ਕਮੇਟੀ, ਵਿਦਿਆਰਥੀ ਸਭਾ, ਪ੍ਰਬੰਧਕ ਕਮੇਟੀ ਅਤੇ ਸਮੂਹ ਸਟਾਫ ਵਲੋਂ ਪਹਿਲੇ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ ਪੁਰਬ ਨੂੰ ਸਮਾਗਮ ਕਰਵਾਇਆ ਗਿਆ। ਪਹਿਲਾਂ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਖਰੜ ਸਹਿਰ ਨਿਵਾਸੀਆਂ ਤੋਂ ਇਲਾਵਾ ਦੂਰ ਦਰਾਡੇ ਤੋਂ ਸੰਗਤਾਂ ਨੇ ਸਮਾਗਮ ਵਿਚ ਪੁੱਜ ਕੇ ਮੱਥਾ ਟੇਕਿਆ ਅਤੇ ਗੁਰਬਾਣੀ ਸਰਵਣ ਕੀਤੀ। ਉਸ ਉਪਰੰਤ ਸਕੂਲ ਦੇ ਬੱਚਿਆਂ ਵਲੋਂ ਵੱਖ-ਵੱਖ ਧਾਰਮਿਕ ਪ੍ਰੋਗਰਾਮ ਪੇਸ਼ ਕੀਤੇ ਗਏ। ਭਾਈ ਜਗਤਾਰ ਸਿੰਘ ਰਾਗੀ ਜਥੇ ਵਲੋਂ ਕੀਰਤਨ ਕੀਤਾ ਗਿਆ ਅਤੇ ਢਾਡੀ ਜਥਾ ਭਾਈ ਚਰਨਜੀਤ ਸਿੰਘ ਚੰਨੀ ਰਸਨਹੇੜੀ ਵਾਲੇ ਵਲੋਂ ਸਿੱਖ ਇਤਿਹਾਸ ਤੇ ਚਾਨਣਾ ਪਾਉਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਤੇ ਚਾਨਣਾ ਪਾਇਆ। ਦੀ ਅੰਬਾਲਾ ਬੋਰਡ ਆਫ ਐਜੂਕੇਸ਼ਨ ਦੇ ਜਨਰਲ ਮੈਨੇਜ਼ਰ ਹਰਬੰਸ ਸਿੰਘ ਕੰਧੋਲਾ, ਸਾਬਕਾ ਐਸ.ਜੀ.ਪੀ.ਸੀ.ਮੈਬਰ ਭਜ਼ਨ ਸਿੰਘ ਸ਼ੇਰਗਿੱਲ, ਹਾਕਮ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।ਸਾਬਕਾ ਵਿਦਿਆਰਥੀ ਖਾਲਸਾ ਸੀ.ਸੈ.ਸਕੂਲ ਸੰਸਥਾ ਖਰੜ ਵਲੋਂ ਫਰੂਟ ਚਾਟ ਦਾ ਲੰਗਰ ਅਤੇ ਸ੍ਰੀ ਰਾਮ ਲੀਲਾ ਕਲੱਬ, ਲਾਇਨਜ਼ ਕਲੱਬ ਖਰੜ ਸਿਟੀ, ਕ੍ਰਿਕਟ ਐਸੋਸੀਏਸ਼ਨ ਸਮੇਤ ਹੋਰ ਸੰਸਥਾਵਾਂ ਵਲੋਂ ਲੰਗਰਾਂ ਵਿਚ ਪਾਣੀ ਦੀ ਸੇਵਾ ਕੀਤੀ ਗਈ। ਸਕੂਲ ਦੇ ਪ੍ਰਿੰਸੀਪਲ ਜਸਬੀਰ ਸਿੰਘ ਧਨੋਆ ਨੇ ਸਮੂਹ ਸੰਗਤਾਂ, ਦਾਨੀ ਸੱਜਣਾਂ, ਸਕੂਲ ਸਟਾਫ ਅਤੇ ਹੋਰਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕਮਲਜੀਤ ਸਿੰਘ ਲੋਗੀਆਂ, ਐਸ.ਆਈ.ਐਸ.ਕੋਰਾ, ਗੁਰਮੁੱਖ ਸਿੰਘ, ਜੁਝਾਰ ਸਿੰਘ ਲੋਗੀਆਂ, ਪ੍ਰਿਤਪਾਲ ਸਿੰਘ ਲੋਗੀਆਂ, ਡਾ.ਸੁਦਾਗਰ ਸਿੰਘ, ਦਲਜੀਤ ਸਿੰਘ, ਪਰਮਜੀਤ ਸਿੰਘ ਪੰਮੀ ਆਦਿ।

# ਭਾਰਤੀਆਂ ਦੀ ਕਮਾਈ 'ਚ ਜ਼ਬਰਦਸਤ ਵਾਧਾ

**ਮੁੰਬਈ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਪਾਸੇ ਜਿੱਥੇ ਪਿਛਲੇ ਚਾਰ ਸਾਲਾਂ 'ਚ ਦੁਨੀਆਂ ਭਰ 'ਚ ਸ਼ਰਾਬ ਦੀ ਖਪਤ 'ਚ ਤੇਜ਼ੀ ਨਾਲ ਗਿਰਾਵਟ ਆਈ ਹੈ, ਉੱਥੇ ਦੂਜੇ ਪਾਸੇ ਭਾਰਤੀ ਬਾਜ਼ਾਰ 'ਚ ਇਸ ਦੀ ਖਪਤ ਲਗਾਤਾਰ ਵੱਧ ਰਹੀ ਹੈ ਜਿਸ ਕਾਰਨ ਦੇਸ਼ ਦੀਆਂ ਸ਼ਰਾਬ ਕੰਪਨੀਆਂ ਨੇ ਨਿਵੇਸ਼ਕਾਂ ਨੂੰ 14 ਗੁਣਾ ਤਕ ਰੀਟਰਨ ਦਿੱਤਾ ਹੈ। ਭਾਰਤ ਦਾ ਸ਼ਰਾਬ ਬਾਜ਼ਾਰ ਹੁਣ 60 ਅਰਬ ਡਾਲਰ ਤਕ ਪਹੁੰਚ ਚੁੱਕਾ ਹੈ।

**ਭਾਰਤ 'ਚ ਵਾਧੇ ਦੇ ਮੁੱਖ ਕਾਰਨ:** ਭਾਰਤ 'ਚ ਇਸ ਵਾਧੇ ਦੇ ਤਿੰਨ ਮੁੱਖ ਕਾਰਨ ਮੰਨੇ ਜਾ ਰਹੇ ਹਨ - ਨੌਜਵਾਨ ਆਬਾਦੀ, ਔਰਤਾਂ 'ਚ ਵੱਧਦੀ ਖਪਤ, ਅਤੇ ਆਮਦਨ 'ਚ ਤੇਜ਼ੀ ਨਾਲ ਵਾਧਾ।

ਦੇਸ਼ ਦੀ 60% ਆਬਾਦੀ 35 ਸਾਲ ਤੋਂ ਘੱਟ ਉਮਰ ਦੀ ਹੈ ਜਦ ਕਿ WHO ਅਨੁਸਾਰ ਪਿਛਲੇ ਦੋ ਦਹਾਕਿਆਂ 'ਚ ਔਰਤਾਂ 'ਚ ਸ਼ਰਾਬ ਦੀ ਖਪਤ 50% ਵਧੀ ਹੈ। ਇਸ ਦੇ ਨਾਲ ਹੀ ਆਮਦਨ 'ਚ 30% ਵਾਧੇ ਕਾਰਨ ਪ੍ਰੀਮੀਅਮ ਅਤੇ ਬ੍ਰੈਂਡਿਡ ਸ਼ਰਾਬ ਦੀ ਮੰਗ ਹਰੇਕ ਸਾਲ 18% ਦੀ ਦਰ ਨਾਲ ਵੱਧ ਰਹੀ ਹੈ।

**ਭਾਰਤੀ ਬਾਜ਼ਾਰ ਦਾ ਵਾਧਾ ਅਤੇ 14 ਗੁਣਾ ਰਿਟਰਨ:** ਪਿਛਲੇ ਚਾਰ ਸਾਲਾਂ 'ਚ ਭਾਰਤ ਦੀਆਂ ਕੰਪਨੀਆਂ ਜਿਵੇਂ ਕਿ ਯੂਨਾਈਟਿਡ ਸਪਿਰਟਸ, ਰੈਡਿਕੋ ਖੇਤਾਨ ਅਤੇ ਗਲੋਬਜ਼ ਸਪਿਰਟਸ ਦੇ ਸ਼ੇਅਰ 14 ਗੁਣਾ ਤਕ ਵਧੇ ਹਨ।

**ਖਪਤ 'ਚ ਵਾਧਾ:** 2005 'ਚ ਪ੍ਰਤੀ ਵਿਅਕਤੀ ਸ਼ਰਾਬ ਖਪਤ 2.4 ਲੀਟਰ ਸੀ ਜੋ 2016 'ਚ 5.7 ਲੀਟਰ ਤਕ ਪਹੁੰਚ ਗਈ ਅਤੇ 2030 ਤਕ ਇਸ ਦੇ 6.7 ਲੀਟਰ ਹੋਣ ਦੀ ਸੰਭਾਵਨਾ ਹੈ।

**ਸੂਬਿਆਂ ਦਾ ਮਾਲੀਆ:** ਰਾਜਾਂ ਨੂੰ ਸ਼ਰਾਬ ਦੀ ਵਿਕਰੀ ਤੋਂ 19 ਹਜ਼ਾਰ 730 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ ਹੈ।

**ਦੁਨੀਆਂ ਭਰ ਦੇ ਬਾਜ਼ਾਰਾਂ ਦੀ ਸਥਿਤੀ:** ਅਮਰੀਕਾ, ਯੌਰਪ ਅਤੇ ਚੀਨ ਵਰਗੇ ਵੱਡੇ ਬਾਜ਼ਾਰਾਂ 'ਚ ਡਿਐਗੋ, ਪੈਰਨੋਡ ਰਿਕਾਰਡ, ਰੈਮੀ ਕਵਾਇੰਟਰਿਊ ਅਤੇ ਬ੍ਰਾਊਨ ਫ਼ੋਰਮੈਨ ਵਰਗੀਆਂ ਵੱਡੀਆਂ ਕੰਪਨੀਆਂ ਦੇ ਸ਼ੇਅਰ 75% ਤਕ ਟੁੱਟ ਚੁੱਕੇ ਹਨ।

ਇਸ ਉਦਯੋਗ ਦਾ ਮੁਲਾਂਕਣ 74 ਲੱਖ ਕਰੋੜ ਰੁਪਏ ਘਟਿਆ ਹੈ।

**ਸ਼ੇਅਰਾਂ ਦੀ ਔਸਤ ਗਿਰਾਵਟ:** ਬਲੂਮਬਰਗ ਦੀ ਰਿਪੋਰਟ ਅਨੁਸਾਰ ਜੂਨ 2021 ਤੋਂ ਦੁਨੀਆਂ ਦੇ 50 ਪ੍ਰਮੁੱਖ ਸ਼ਰਾਬ ਬ੍ਰੈਂਡਾਂ ਦੇ ਸ਼ੇਅਰਾਂ 'ਚ ਔਸਤਨ 46% ਦੀ ਗਿਰਾਵਟ ਦਰਜ ਕੀਤੀ ਗਈ ਹੈ।

**ਕਾਰਨ:** ਇਸ ਗਿਰਾਵਟ ਦੇ ਮੁੱਖ ਕਾਰਨਾਂ 'ਚ ਸਿਹਤ ਪ੍ਰਤੀ ਵਧੇਰੇ ਜਾਗਰੂਕਤਾ, ਬਦਲਦੀ ਜੀਵਨਸ਼ੈਲੀ ਅਤੇ ਮਹਿੰਗਾਈ ਸ਼ਾਮਿਲ ਹਨ।

**ਕੰਪਨੀਆਂ ਦਾ ਬਦਲਾਅ:** ਹੁਣ ਇਹ ਵੱਡੀਆਂ ਕੰਪਨੀਆਂ ਗ਼ੈਰ-ਐਲਕੋਹੌਲਿਕ ਉਤਪਾਦਾਂ ਵੱਲ ਵੱਧ ਰਹੀਆਂ ਹਨ। ਉਦਾਹਰਣ ਲਈ, ਡਿਆਜੀਓ ਨੇ ਰਿਚੂਅਲ ਜ਼ੀਰੋ ਪਰੂਫ਼ ਖ਼ਰੀਦਿਆ ਹੈ ਜਦੋਂ ਕਿ ਕਾਰਲਜ਼ਬਰਗ ਅਤੇ ਕੰਪਾਰੀ-ਮਿਲਾਨੋ ਨੇ ਵੀ ਅਜਿਹੇ ਬ੍ਰੈਂਡਜ਼ ਲੌਂਚ ਕੀਤੇ ਹਨ।



# ਕੈਨੇਡਾ 'ਚ ਨਿਕਲਿਆ 250,00,000 ਡਾਲਰ ਦਾ ਰਿਕਾਰਡ ਜੈਕਪੌਟ

**ਟੋਰੌਂਟੋ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੇਜ਼ ਕੇਅਰ ਫ਼ਾਊਂਡੇਸ਼ਨ ਨੇ ਬਲੂ ਜੇਜ਼ ਦੀ ਵਰਲਡ ਸੀਰੀਜ਼ ਦੌਰਾਨ 25 ਮਿਲੀਅਨ ਡਾਲਰ ਦੇ 50/50 ਜੈਕਪੌਟ ਦੇ ਖ਼ੁਸ਼ਕਿਸਮਤ ਜੇਤੂ ਦਾ ਐਲਾਨ ਕਰ ਦਿੱਤਾ ਹੈ। ਰਿਕਾਰਡ ਤੋੜਨ ਵਾਲੇ ਇਸ ਰੈਫ਼ਲ ਦਾ ਜੇਤੂ ਓਨਟੈਰੀਓ ਦੇ ਔਸ਼ਵਾ ਦਾ ਰਹਿਣ ਵਾਲਾ ਐਰਿਕ ਨਾਮ ਦਾ ਇੱਕ ਵਿਅਕਤੀ ਹੈ। ਫ਼ਾਊਂਡੇਸ਼ਨ ਨੇ ਉਸ ਦਾ ਉਪਨਾਮ ਜਾਰੀ ਨਹੀਂ ਕੀਤਾ।

ਇਹ ਜੈਕਪੌਟ 25,010,057 ਡਾਲਰ ਦਾ ਸੀ ਜਿਸ ਨੂੰ ਬੇਸਬਾਲ ਇਤਿਹਾਸ 'ਚ ਸਭ ਤੋਂ ਵੱਡਾ 50/50 ਜੈਕਪੌਟ ਦੱਸਿਆ ਗਿਆ ਹੈ। ਇਹ ਰਾਸ਼ੀ ਇਸ ਲਈ ਇੰਨੀ ਵੱਡੀ ਹੋ ਗਈ ਕਿਉਂਕਿ ਵਰਲਡ ਸੀਰੀਜ਼ 'ਚ ਸਾਰੀਆਂ ਗੇਮਾਂ ਵਿਕ ਗਈਆਂ ਸਨ, ਅਤੇ ਉਸ ਦੇ TV ਦਰਸ਼ਕਾਂ ਦੀ ਗਿਣਤੀ ਅਣਗਿਣਤ ਸੀ।

ਜੇਜ਼ ਕੇਅਰ ਫ਼ਾਊਂਡੇਸ਼ਨ ਦੁਆਰਾ ਚਲਾਏ ਜਾਂਦੇ ਇਸ 50/50 ਰੈਫ਼ਲ 'ਚ ਇਕੱਠੇ ਕੀਤੇ ਕੁੱਲ ਪੈਸੇ ਨੂੰ ਅੱਧਾ-ਅੱਧਾ ਵੰਡਿਆ ਜਾਂਦਾ ਹੈ, ਜਿਸ 'ਚੋਂ ਅੱਧਾ ਹਿੱਸਾ ਜੇਤੂ ਨੂੰ ਅਤੇ ਬਾਕੀ ਦਾ ਅੱਧਾ ਹਿੱਸਾ ਕੈਨੇਡਾ ਭਰ ਦੇ ਕਮਿਊਨਿਟੀ ਪ੍ਰੋਗਰਾਮਾਂ ਲਈ ਡੋਨੇਟ ਕਰ ਦਿੱਤਾ ਜਾਂਦਾ ਹੈ। ਨੋਵਾ ਸਕੋਸ਼ੀਅਨਜ਼ ਨੂੰ ਪਿਛਲੇ ਸਾਲ ਓਨਟੈਰੀਓ ਦੇ ਨਾਲ ਇਸ ਪ੍ਰਸਿੱਧ ਰੈਫ਼ਲ ਲਈ 50-50 ਟਿਕਟਾਂ ਔਨਲਾਈਨ ਖ਼ਰੀਦਣ ਦੀ ਇਜਾਜ਼ਤ ਦਿੱਤੀ ਗਈ ਸੀ।

**ਵਰਲਡ ਸੀਰੀਜ਼ 'ਚ ਬਲੂ ਜੇਜ਼ ਦੀ ਹਾਰ:** ਟੋਰੌਂਟੋ ਬਲੂ ਜੇਜ਼ ਸ਼ਨੀਵਾਰ ਰਾਤ ਨੂੰ ਲੌਸ ਐਂਜਲਸ ਡੌਜਰਜ਼ ਤੋਂ ਵਰਲਡ ਸੀਰੀਜ਼ ਦੇ ਦਿਲ ਤੋੜਨ ਵਾਲੀ ਗੇਮ 7 'ਚ ਹਾਰ ਗਏ ਸਨ। ਡੌਜਰਜ਼ ਨੇ ਉਹ ਗੇਮ 5-4 ਨਾਲ ਜਿੱਤ ਲਈ ਸੀ, ਅਤੇ ਉਨ੍ਹਾਂ ਨੇ ਸੀਰੀਜ਼ 4-3 ਨਾਲ ਆਪਣੇ ਨਾਮ ਕਰ ਲਈ। ਫ਼ਾਊਂਡੇਸ਼ਨ ਨੇ X 'ਤੇ ਲਿਖਿਆ, "ਬਲੂ ਜੇਜ਼ ਦੇ ਪ੍ਰਸ਼ੰਸਕੋ, ਇਸ ਵਰਲਡ ਸੀਰੀਜ਼ 'ਚ ਇੱਕ ਰਿਕਾਰਡ-ਸੈੱਟਿੰਗ 25,010,057 ਡਾਲਰਜ਼ ਇਕੱਠੇ ਕਰਨ ਲਈ ਤੁਹਾਡਾ ਧੰਨਵਾਦ। ਅਸੀਂ ਪੂਰੇ ਸੀਜ਼ਨ ਦੌਰਾਨ ਤੁਹਾਡੇ ਸ਼ਾਨਦਾਰ ਸਮਰਥਨ ਦੀ ਸੱਚਮੁੱਚ ਸ਼ਲਾਘਾ ਕਰਦੇ ਹਾਂ।"

**ਉਮਰ 22 ਅਤੇ ਸਿਰ 'ਤੇ ਇਨਾਮ 14 ਲੱਖ**

ਬਾਲਾਘਾਟ: ਬਾਲਾਘਾਟ 'ਚ ਆਪਣੇ ਸਿਰ 'ਤੇ 14 ਲੱਖ ਰੁਪਏ ਦਾ ਇਨਾਮ ਰੱਖਣ ਵਾਲੀ ਨਕਸਲੀ ਸੁਨੀਤਾ ਦੇ ਆਤਮ-ਸਮਰਪਣ ਨੂੰ ਇੱਕ ਵੱਡੀ ਸਫ਼ਲਤਾ ਮੰਨਿਆ ਜਾ ਰਿਹਾ ਹੈ। ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਸੁਨੀਤਾ, ਜਿਸ ਦੀ ਉਮਰ ਸਿਰਫ਼ 22 ਸਾਲ ਹੈ, ਨੇ ਬਦਨਾਮ ਮਾਓਵਾਦੀ ਕਮਾਂਡਰ, ਕੇਂਦਰੀ ਕਮੇਟੀ ਮੈਂਬਰ (CCM) ਰਾਮਦਰ ਲਈ ਸੁਰੱਖਿਆ ਗਾਰਡ ਵਜੋਂ ਸੇਵਾ ਨਿਭਾਈ ਸੀ।

**ਸੁਨੀਤਾ ਨੂੰ ਦੇਖ ਕੇ ਹਰ ਕੋਈ ਰਹਿ ਗਿਆ ਹੈਰਾਨ:** ਜਦੋਂ ਸੁਨੀਤਾ ਨੇ ਆਤਮ-ਸਮਰਪਣ ਕੀਤਾ ਤਾਂ ਉਹ ਇੱਕ ਮਾਸੂਮ ਲੜਕੀ ਜਾਪਦੀ ਸੀ, ਅਤੇ ਹਰ ਕੋਈ ਉਸ ਨੂੰ ਦੇਖ ਕੇ ਹੈਰਾਨ ਰਹਿ ਗਿਆ। ਹੱਥਾਂ 'ਚ ਹਥਿਆਰ ਅਤੇ ਚਿਹਰੇ 'ਤੇ ਅਜੀਬ ਹਾਵ-ਭਾਵ, ਸੁਨੀਤਾ ਦੇ ਮਨ ਦੀ ਸਥਿਤੀ ਨੂੰ ਬਾਖ਼ੂਬੀ ਪ੍ਰਗਟ ਕਰਦੇ ਸਨ। ਹਰ ਕੋਈ ਸੋਚ ਰਿਹਾ ਸੀ ਕਿ ਇੰਨੀ ਛੋਟੀ ਉਮਰ ਦੀ ਮਹਿਲਾ ਅਜਿਹੇ ਖ਼ਤਰਨਾਕ ਕੰਮ ਕਿਵੇਂ ਕਰ ਸਕਦੀ ਹੈ। ਜਦੋਂ ਸੁਨੀਤਾ ਆਪਣੀ ਇੰਸਾਸ ਰਾਈਫ਼ਲ ਅਤੇ ਹੱਥਾਂ 'ਚ ਤਿੰਨ ਮੈਗਜ਼ੀਨ ਲੈ ਕੇ ਆਤਮ ਸਮਰਪਣ ਕਰਨ ਲਈ ਪਹੁੰਚੀ ਤਾਂ ਹਰ ਕੋਈ ਹੈਰਾਨ ਰਹਿ ਗਿਆ। ਅਧਿਕਾਰੀ ਉਸ ਨੂੰ ਬੇਟੀ-ਬੇਟੀ ਕਹਿ ਰਹੇ ਸਨ ਅਤੇ ਸਵਾਲ ਪੁੱਛ ਰਹੇ ਸਨ, ਉਸ ਬਾਰੇ ਜਾਣਨਾ ਚਾਹੁੰਦੇ ਸਨ, ਪਰ ਸੁਨੀਤਾ ਸ਼ਾਇਦ ਸਾਰੇ ਧਿਆਨ ਅਤੇ ਲੋਕਾਂ ਤੋਂ ਘਬਰਾ ਗਈ ਸੀ। ਉਹ ਜ਼ਿਆਦਾ ਕੁੱਝ ਨਹੀਂ ਕਹਿ ਸਕੀ।

**ਤਿੰਨ ਸੂਬਿਆਂ ਦੀਆਂ ਸਰਕਾਰਾਂ ਨੇ ਰੱਖਿਆ ਸੀ 14 ਲੱਖ ਦਾ ਇਨਾਮ:** ਤੁਸੀਂ ਸੁਨੀਤਾ ਦੇ ਆਤਮ-ਸਮਰਪਣ ਦੀ ਮਹੱਤਤਾ ਨੂੰ ਇਸ ਤਰ੍ਹਾਂ ਸਮਝ ਸਕਦੇ ਹੋ ਕਿ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਮਹਾਰਾਸ਼ਟਰ ਦੀਆਂ ਸਰਕਾਰਾਂ ਨੇ ਉਸ ਨੂੰ ਫ਼ੜਾਉਣ ਬਦਲੇ 1.4 ਮਿਲੀਅਨ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਸੀ। ਸੁਨੀਤਾ 2022 'ਚ ਮਾਓਵਾਦੀ ਸੰਗਠਨ 'ਚ ਸ਼ਾਮਿਲ ਹੋਈ, ਅਤੇ ਮਾਡ ਖੇਤਰ 'ਚ ਉਸ ਨੇ ਛੇ ਮਹੀਨਿਆਂ ਦੀ ਸਖ਼ਤ ਸਿਖਲਾਈ ਲਈ। ਆਪਣੀ ਸਿਖਲਾਈ ਪੂਰੀ ਕਰਨ ਤੋਂ ਬਾਅਦ ਉਸ ਨੂੰ ਤੁਰੰਤ ਰਾਮਦਰ, ਜੋ ਕਿ ਸਭ ਤੋਂ ਪ੍ਰਮੁੱਖ ਕਮਾਂਡਰਾਂ 'ਚੋਂ ਇੱਕ ਸੀ, ਦੀ ਟੀਮ 'ਚ ਇੱਕ ਸੁਰੱਖਿਆ ਗਾਰਡ ਵਜੋਂ ਨਿਯੁਕਤ ਕੀਤਾ ਗਿਆ।

**ਸਰਕਾਰ ਸੁਨੀਤਾ ਦੇ ਪੁਨਰਵਾਸ ਦਾ ਰੱਖੇਗੀ ਧਿਆਨ:** ਇਹ ਧਿਆਨ ਦੇਣ ਯੋਗ ਹੈ ਕਿ ਸਰਕਾਰ ਦੀ ਬੇਨਤੀ 'ਤੇ 80 ਤੋਂ ਵੱਧ ਨਕਸਲੀਆਂ ਨੇ ਆਤਮ-ਸਮਰਪਣ ਕੀਤਾ ਹੈ। ਸਰਕਾਰ ਨੇ ਉਨ੍ਹਾਂ ਲਈ ਇੱਕ ਪੁਨਰਵਾਸ ਯੋਜਨਾ ਲਾਗੂ ਕੀਤੀ ਹੈ ਜਿਸ ਨਾਲ ਉਹ ਸਨਮਾਨ ਦੀ ਜ਼ਿੰਦਗੀ ਜੀ ਸਕਣਗੇ। ਮੱਧ ਪ੍ਰਦੇਸ਼ ਸਰਕਾਰ ਦੀ ਆਤਮ-ਸਮਰਪਣ ਨੀਤੀ ਤਹਿਤ ਉਸ ਨੂੰ ਇਨਾਮ ਅਤੇ ਪੁਨਰਵਾਸ ਲਾਭ ਪ੍ਰਾਪਤ ਹੋਣਗੇ। ਸਰਕਾਰ ਸੁਨੀਤਾ ਨੂੰ ਮੁੱਖ ਧਾਰਾ 'ਚ ਵਾਪਿਸ ਆਉਣ ਅਤੇ ਆਪਣੀ ਜ਼ਿੰਦਗੀ ਦੁਬਾਰਾ ਸ਼ੁਰੂ ਕਰਨ ਲਈ ਪੂਰਾ ਸਮਰਥਨ ਵੀ ਪ੍ਰਦਾਨ ਕਰੇਗੀ।





# ਬਦ ਤੋਂ ਬਦਤਰ ਹੋਏ US ਦੇ ਹਾਲਾਤ

**ਨਿਊਯੌਰਕ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ 'ਚ ਸਰਕਾਰੀ ਸ਼ੱਟਡਾਊਨ ਕਾਰਨ ਫ਼ੈਡਰਲ ਸਰਕਾਰ ਨੇ ਸਪਲੀਮੈਂਟਲ ਨਿਊਟ੍ਰੀਸ਼ਨ ਅਸਿਸਟੈਂਸ ਪ੍ਰੋਗਰਾਮ (SNAP) 'ਤੇ ਰੋਕ ਲਾ ਦਿੱਤੀ ਹੈ ਜਿਸ ਕਾਰਨ ਭੋਜਨ ਵੰਡ ਕੇਂਦਰਾਂ ਅਤੇ ਸਟੋਰਾਂ 'ਤੇ ਮੁਫ਼ਤ ਭੋਜਨ ਅਤੇ ਕਰਿਆਨੇ ਦਾ ਸਾਮਾਨ ਲੈਣ ਲਈ ਲੋਕਾਂ ਦੀਆਂ ਲੰਬੀਆਂ ਕਤਾਰਾਂ ਦੇਖੀਆਂ ਗਈਆਂ। ਨਿਊ ਯੌਰਕ ਦੇ ਬ੍ਰੌਂਕਸ ਇਲਾਕੇ ਵਰਲਡ ਔਫ ਲਾਈਫ਼ ਕ੍ਰਿਸ਼ਚੀਅਨ ਫ਼ੈਲੋਸ਼ਿਪ ਇੰਟਰਨੈਸ਼ਨਲ ਪੈਂਟਰੀ 'ਚ ਆਮ ਨਾਲੋਂ ਲਗਭਗ 200 ਲੋਕ ਵੱਧ ਪੁੱਜੇ। ਕੁੱਝ ਲੋਕ ਸਵੇਰੇ 4 ਵਜੇ ਫ਼ਲ, ਸਬਜ਼ੀਆਂ, ਬ੍ਰੈੱਡ, ਦੁੱਧ, ਜੂਸ, ਸੈਂਡਵਿਚ ਅਤੇ ਹੋਰ ਚੀਜ਼ਾਂ ਲੈਣ ਲਈ ਪੁੱਜੇ ਹੋਏ ਸਨ। ਇਸ ਪੈਂਟਰੀ 'ਚੋਂ ਇੱਕ ਸਮਾਜ ਸੇਵਿਕਾ ਮੈਰੀ ਮਾਰਟਿਨ ਵੀ ਭੋਜਨ ਸਹਾਇਤਾ ਲੈਂਦੀ ਹੈ। ਖੇਤੀਬਾੜੀ ਵਿਭਾਗ ਨੇ ਸ਼ੁਰੂ ਹੋਣ ਵਾਲੇ ਭੋਜਨ ਪ੍ਰੋਗਰਾਮ ਤਹਿਤ ਭੁਗਤਾਨ ਨੂੰ ਰੋਕਣ ਦੀ ਯੋਜਨਾ ਬਣਾਈ ਸੀ ਹਾਲਾਂਕਿ ਬਾਅਦ 'ਚ ਦੋ ਫ਼ੈਡਰਲ ਜੱਜਾਂ ਨੇ ਪ੍ਰਸ਼ਾਸਨ ਨੂੰ ਭੁਗਤਾਨ ਜਾਰੀ ਰੱਖਣ ਦਾ ਹੁਕਮ ਦਿੱਤਾ। ਇਹ ਸਪੱਸ਼ਟ ਨਹੀਂ ਸੀ ਕਿ ਫ਼ੈਸਲੇ ਤੋਂ ਬਾਅਦ ਲਾਭਪਾਤਰੀਆਂ ਦੇ ਡੈਬਿਟ ਕਾਰਡਾਂ 'ਚ ਪੈਸੇ ਕਦੋਂ ਜਮ੍ਹਾਂ ਕੀਤੇ ਜਾਣਗੇ ਜਿਸ ਕਾਰਨ ਬਹੁਤ ਸਾਰੇ ਲਾਭਪਾਤਰੀਆਂ 'ਚ ਡਰ ਅਤੇ ਉਲਝਣ ਪੈਦਾ ਹੋ ਗਈ। SNAP ਅਮਰੀਕਾ 'ਚ ਲਗਭਗ 42 ਕਰੋੜ ਲੋਕਾਂ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਦਾ ਹੈ।

# ਸੁਰਜੀਤ ਗੜ੍ਹੀ ਪੰਦਰਵੀਂ ਵਾਰ ਬਣੇ ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ

**ਪਟਿਆਲਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਹੁਦੇਦਾਰਾਂ ਦੀ ਅੱਜ ਮੁੜ ਹੋਈ ਚੋਣ ਦੌਰਾਨ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਜ਼ਰੀਏ ਪਟਿਆਲਾ ਜ਼ਿਲ੍ਹੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਮੁੜ ਤੋਂ ਨੁਮਾਇੰਦਗੀ ਮਿਲੀ ਹੈ। ਉਹ ਭਾਵੇਂ ਪਟਿਆਲਾ ਜ਼ਿਲ੍ਹੇ ਦੇ ਰਾਜਪੁਰਾ ਹਲਕੇ ਤੋਂ ਇੱਕੀ ਸਾਲਾਂ ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਚਲੇ ਆ ਰਹੇ ਹਨ, ਪਰ ਐਤਕੀ ਪੰਦਰਵੀਂ ਵਾਰ ਐਗਜ਼ੈਕਟਿਵ ਮੈਂਬਰ ਚੁਣੇ ਗਏ ਹਨ।

2004 'ਚ ਮੈਂਬਰ ਬਣਨ ਉਪਰੰਤ ਉਹ 2005 'ਚ ਐਗਜ਼ੈਕਟਿਵ ਬਣੇ ਸਨ ਤੇ ਫਿਰ ਲਗਾਤਾਰ 11 ਸਾਲ ਇਸ ਵਕਾਰੀ ਅਹੁਦੇ 'ਤ ਬਣੇ ਰਹੇ। ਫੇਰ ਚੰਦ ਕੁ ਸਾਲਾਂ ਤੋਂ ਬਾਅਦ ਮੁੜ ਤੋਂ ਉਹ ਐਤਕੀਂ ਪੰਦਰਵੀਂ ਵਾਰ ਐਗਜ਼ੈਕਟਿਵ ਮੈਂਬਰ ਚੁਣੇ ਗਏ ਹਨ।

ਦੱਸ ਦੇਈਏ ਕਿ ਸ਼੍ਰੋਮਣੀ ਕਮੇਟੀ ਦੇ ਤਕਰੀਬਨ ਪੌਣੇ ਦੋ ਸੌ ਮੈਂਬਰਾਂ ਵਿਚੋਂ 15 ਮੈਂਬਰਾਂ ਨੂੰ ਐਗਜ਼ੈਕਟਿਵ 'ਚ ਲਿਆ ਜਾਂਦਾ ਹੈ ਜਿਸ 'ਚ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਤੋਂ ਇਲਾਵਾ 11 ਜਣਿਆਂ ਨੂੰ ਐਗਜ਼ੈਕਟਿਵ ਮੈਂਬਰ ਬਣਾਇਆ ਜਾਂਦਾ ਹੈ। ਐਤਕੀਂ ਐਗਜ਼ੈਕਟਿਵ ਮੈਂਬਰ ਬਣੇ 11 ਜਣਿਆ ਵਿਚੋਂ ਸੁਰਜੀਤ ਗੜ੍ਹੀ ਸਭ ਤੋਂ ਵੱਧ ਵਾਰ ਐਗਜ਼ੈਕਟਿਵ ਮੈਂਬਰ ਬਣੇ ਹਨ। ਸ੍ਰੀ ਗੜ੍ਹੀ ਪਹਿਲਾਂ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਅਤਿ ਕਰੀਬੀ ਸਨ, ਇਸੇ ਕਰਕੇ ਹੀ ਉਨ੍ਹਾਂ ਨੂੰ ਮੈਂਬਰ ਬਣਨ ਤੋਂ ਅਗਲੇ ਹੀ ਸਾਲ ਐਗਜ਼ੈਕਟਿਵ ਮੈਂਬਰੀ ਦਾ ਵਕਾਰੀ ਅਹੁਦਾ ਹਾਸਲ ਹੋਇਆ। ਜਦਕਿ ਹੁਣ ਉਹ ਸੁਖਬੀਰ ਸਿੰਘ ਬਾਦਲ ਦੇ ਕਰੀਬੀ ਹਨ। ਭਾਵੇਂ ਪਿਛਲੇ ਸਾਲ ਵੀ ਪਟਿਆਲਾ ਤੋਂ ਉਹ ਹੀ ਐਗਜ਼ੈਕਟਿਵ ਮੈਂਬਰ ਸਨ, ਪਰ ਅਕਾਲੀ ਦਲ ਦੀ ਗੁੱਟਬੰਦੀ ਦੇ ਚੱਲਦਿਆਂ ਪਟਿਆਲਾ ਜ਼ਿਲ੍ਹੇ 'ਚ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਚਰਨਜੀਤ ਬਰਾੜ, ਹਰਿੰਦਰਪਾਲ ਚੰਦੂਮਾਜਰਾ ਸਮੇਤ ਕੁਝ ਹੋਰ ਸਿਰਕੱਢ ਆਗੂ ਵੀ ਬਾਦਲ ਵਿਰੋਧੀ ਖੇਮੇ 'ਚ ਹਨ।

## ਪਤਨੀ ਨੇ ਆਸ਼ਿਕ ਨਾਲ ਰਲ? ਕੇ ਮਾਰ'ਤਾ ਘਰਵਾਲਾ ! ਪੰਜਾਬ ਪੁਲਸ ਨੇ ਕੀਤੇ ਸਨਸਨੀਖੇਜ਼ ਖ਼ੁਲਾਸੇ

ਫ਼ਤਹਿਗੜ੍ਹ ਸਾਹਿਬ 8 ਨਵੰਬਰ। ਬੀਤੇ 4 ਨਵੰਬਰ ਨੂੰ ਪਿੰਡ ਤਲਾਣੀਆਂ ਵਿਖੇ ਸੁਰਜੀਤ ਸਿੰਘ (44) ਨਾਮਕ ਵਿਅਕਤੀ ਦੇ ਕਤਲ ਮਾਮਲੇ ਵਿਚ ਪੁਲਸ ਨੇ ਸਨਸਨੀਖੇਜ਼ ਖ਼ੁਲਾਸੇ ਕੀਤੇ ਹਨ। ਇਸ ਮਾਮਲੇ ਵਿਚ ਪਤਨੀ ਸਮੇਤ ਚਾਰ ਵਿਅਕਤੀਆਂ ਖਿਲਾਫ ਥਾਣਾ ਫ਼ਤਿਹਗੜ੍ਹ ਸਾਹਿਬ ਦੀ ਪੁਲਸ ਨੇ ਮਾਮਲਾ ਦਰਜ ਕੀਤਾ ਸੀ। ਇਸ ਮਾਮਲੇ ਵਿਚ ਮ੍ਰਿਤਕ ਦੀ ਪਤਨੀ ਅਤੇ ਉਸ ਦੇ ਆਸ਼ਿਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਫਤਿਹਗੜ੍ਹ ਸਾਹਿਬ ਦੇ ਜ਼ਿਲ੍ਹਾ ਪੁਲਸ ਮੁਖੀ ਸ਼ੁਭਮ ਅਗਰਵਾਲ ਨੇ ਦੱਸਿਆ ਕਿ ਸੁਰਜੀਤ ਸਿੰਘ ਦੇ ਕਤਲ ਦੇ ਮਾਮਲੇ ਵਿਚ ਚਾਰ ਵਿਅਕਤੀ ਸ਼ਾਮਲ ਸਨ, ਜਿਨ੍ਹਾਂ ਵਿਚ ਮ੍ਰਿਤਕ ਸੁਰਜੀਤ ਸਿੰਘ ਦੀ ਪਤਨੀ ਬਲਵੀਰ ਕੌਰ ਅਤੇ ਬਲਵੀਰ ਕੌਰ ਦਾ ਆਸ਼ਿਕ ਅਮਰਨਾਥ ਅਤੇ ਦੋ ਹੋਰ ਸਾਥੀ ਸ਼ਾਮਲ ਸਨ। ਇਨ੍ਹਾਂ ਵਿਚੋਂ ਬਲਬੀਰ ਕੌਰ ਅਤੇ ਅਮਰਨਾਥ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਬਾਕੀ ਦੋ ਸਾਥੀਆਂ ਦੀ ਭਾਲ ਜਾਰੀ ਹੈ। ਉਨ੍ਹਾਂ ਦੱਸਿਆ ਕਿ ਬਲਬੀਰ ਕੌਰ ਦੇ ਅਮਰਨਾਥ ਨਾਲ ਸਬੰਧ ਸਨ, ਜਿਸ ਕਾਰਨ ਉਸ ਨੇ ਆਪਣੇ ਪਤੀ ਸੁਰਜੀਤ ਸਿੰਘ ਦਾ ਕਤਲ ਕਰਵਾਇਆ।

## ਪੰਜਾਬ ਦੇ ਇਕ ਹੋਰ ਚੋਟੀ ਦੇ ਕਬੱਡੀ ਖ਼ਿਡਾਰੀ ਦੀ ਮੌਤ ! ਖੇਡ ਜਗਤ 'ਚ ਪਸਰਿਆ ਮਾਤਮ

ਬਠਿੰਡਾ 8 ਨਵੰਬਰ। ਕਬੱਡੀ ਜਗਤ ਲਈ ਅੱਜ ਇਕ ਹੋਰ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਕਬੱਡੀ ਦੇ ਮਸ਼ਹੂਰ ਅਤੇ ਅੰਤਰਰਾਸ਼ਟਰੀ ਖਿਡਾਰੀ ਜੀਤ ਕੋਟਲੀ ਦਾ ਅੱਜ ਦੇਹਾਂਤ ਹੋ ਗਿਆ ਹੈ। ਜਾਣਕਾਰੀ ਅਨੁਸਾਰ, ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਟਲੀ ਖੁਰਦ ਨਾਲ ਸਬੰਧਤ ਕਬੱਡੀ ਖਿਡਾਰੀ ਜੀਤ ਕੋਟਲੀ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਸਨ। ਉਨ੍ਹਾਂ ਨੂੰ ਇਲਾਜ ਲਈ ਬਠਿੰਡਾ ਦੇ ਇਕ ਨਿੱਜੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਅੱਜ ਉਨ੍ਹਾਂ ਨੇ ਆਖਰੀ ਸਾਹ ਲਏ। ਇਸ ਦੁਖਦਾਈ ਖ਼ਬਰ ਕਾਰਨ ਖੇਡ ਪ੍ਰੇਮੀਆਂ ਅਤੇ ਪਿੰਡ ਵਿਚ ਸੋਗ ਦੀ ਲਹਿਰ ਦੌੜ ਗਈ ਹੈ। ਖਿਡਾਰੀ ਜੀਤ ਕੋਟਲੀ ਆਪਣੇ ਪਿੱਛੇ ਆਪਣੀ ਪਤਨੀ, ਇਕ 8 ਸਾਲ ਦੀ ਧੀ ਅਤੇ ਇਕ 5 ਸਾਲ ਦਾ ਪੁੱਤ ਛੱਡ ਗਏ ਹਨ। ਮਰਹੂਮ ਕੌਮਾਂਤਰੀ ਖਿਡਾਰੀ ਜੀਤ ਕੋਟਲੀ ਦਾ ਅੰਤਿਮ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਕੋਟਲੀ ਖੁਰਦ ਵਿਖੇ ਕਰ ਦਿੱਤਾ ਗਿਆ। ਖੇਡ ਜਗਤ ਦੇ ਇਸ ਵੱਡੇ ਘਾਟੇ 'ਤੇ ਵੱਖ-ਵੱਖ ਸ਼ਖਸੀਅਤਾਂ ਵੱਲੋਂ ਦੁੱਖ ਪ੍ਰਗਟ ਕੀਤਾ ਜਾ ਰਿਹਾ ਹੈ।

## ਪੰਜਾਬ ਦੇ 10 ਲੱਖ ਕਿਸਾਨਾਂ ਲਈ ਖ਼ੁਸ਼ਖ਼ਬਰੀ, ਮਾਨ ਸਰਕਾਰ ਦੇ ਉਪਰਾਲੇ ਸਦਕਾ ਮਿਲਿਆ ਵੱਡਾ ਲਾਭ

ਚੰਡੀਗੜ੍ਹ 8 ਨਵੰਬਰ। ਝੋਨੇ ਦੀ ਸੁਚਾਰੂ ਖ਼ਰੀਦ ਨੂੰ ਯਕੀਨੀ ਬਣਾਉਣ 'ਚ ਕੋਈ ਕਸਰ ਨਾ ਛੱਡਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸਰਗਰਮ ਪਹੁੰਚ ਸਦਕਾ 5 ਨਵੰਬਰ ਤੱਕ 10,11,149 ਲੱਖ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਦਾ ਲਾਭ ਮਿਲਿਆ ਹੈ। ਖ਼ੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਹੇਠ ਖ਼ਰੀਦ, ਚੁਕਾਈ ਅਤੇ ਅਦਾਇਗੀ ਪੂਰੇ ਜ਼ੋਰਾਂ-ਸ਼ੋਰਾਂ ਨਾਲ ਕੀਤੀ ਜਾ ਰਹੀ ਹੈ। ਹੁਣ ਤੱਕ 95021 ਕਿਸਾਨਾਂ ਨੂੰ ਐੱਮ. ਐੱਸ. ਪੀ. ਦਾ ਲਾਭ ਮਿਲਣ ਨਾਲ ਪਟਿਆਲਾ ਜ਼ਿਲ੍ਹਾ ਸਭ ਤੋਂ ਅੱਗੇ ਹੈ। ਜ਼ਿਕਰਯੋਗ ਹੈ ਕਿ 5 ਨਵੰਬਰ ਸ਼ਾਮ ਤੱਕ ਸੂਬੇ ਭਰ ਦੀਆਂ ਮੰਡੀਆਂ 'ਚ ਕੁੱਲ 13869759.05 ਮੀਟਰਕ ਟਨ ਝੋਨੇ ਦੀ ਆਮਦ ਹੋਈ ਹੈ। ਇਸ 'ਚੋਂ 13597879.27 ਮੀਟਰਕ ਟਨ ਝੋਨਾ ਖਰੀਦਿਆ ਗਿਆ ਹੈ। ਇਸ ਤਰ੍ਹਾਂ ਹੁਣ ਤੱਕ ਕੁੱਲ 98 ਫ਼ੀਸਦੀ ਫ਼ਸਲ ਖ਼ਰੀਦੀ ਜਾ ਚੁੱਕੀ ਹੈ। ਕੁੱਲ ਚੁਕਾਈ ਦਾ ਅੰਕੜਾ 11729851.90 ਮੀਟਰਕ ਟਨ ਹੈ, ਜੋ ਹੁਣ ਤੱਕ ਖ਼ਰੀਦੀ ਗਈ ਕੁੱਲ ਫ਼ਸਲ ਦਾ 86 ਫ਼ੀਸਦੀ ਬਣਦਾ ਹੈ।

## ਕਾਰ ਤੇ ਬਾਈਕ ਵਿਚਾਲੇ ਹੋਈ ਭਿਆਨਕ ਟੱਕਰ ! 2 ਨੌਜਵਾਨਾਂ ਦੀ ਹੋਈ ਦਰਦਨਾਕ ਮੌਤ

ਨੈਸ਼ਨਲ ਡੈਸਕ 8 ਨਵੰਬਰ। ਉੱਤਰ ਪ੍ਰਦੇਸ਼ ਤੋਂ ਇਕ ਮੰਦਭਾਗੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਪੁਲਸ ਸੂਤਰਾਂ ਨੇ ਦੱਸਿਆ ਕਿ ਸ਼ਨੀਵਾਰ ਨੂੰ ਮਹਾਰਾਜਗੰਜ ਜ਼ਿਲ੍ਹੇ ਦੇ ਬ੍ਰਿਜਮਾਨਗੰਜ ਇਲਾਕੇ ਵਿੱਚ ਦੋ ਮੋਟਰਸਾਈਕਲ ਸਵਾਰਾਂ ਦੀ ਇੱਕ ਕਾਰ ਨਾਲ ਟੱਕਰ ਹੋਣ ਕਾਰਨ ਮੌਤ ਹੋ ਗਈ। ਸੂਤਰਾਂ ਨੇ ਦੱਸਿਆ ਕਿ ਸਵੇਰੇ ਲਗਭਗ 11:30 ਵਜੇ ਮਹਾਰਾਜਗੰਜ ਤੋਂ ਬ੍ਰਿਜਮਾਨਗੰਜ ਜਾ ਰਹੀ ਇੱਕ ਕਾਰ ਨੇ ਇੱਕ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਨਾਲ ਅਜੈ (26) ਅਤੇ ਮਹੇਸ਼ (32) ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਪੁਲਸ ਨੇ ਕਾਰ ਨੂੰ ਜ਼ਬਤ ਕਰ ਲਿਆ ਹੈ ਅਤੇ ਡਰਾਈਵਰ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਸੂਤਰਾਂ ਅਨੁਸਾਰ, ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਕਾਰਵਾਈ ਕੀਤੀ ਜਾ ਰਹੀ ਹੈ। ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।

## ਪੰਜਾਬ ਦੇ ਮੌਸਮ ਦੀ ਨਵੀਂ ਅਪਡੇਟ ! 11 ਤਾਰੀਖ਼ ਤੱਕ ਲਈ ਵਿਭਾਗ ਨੇ ਕੀਤੀ ਭਵਿੱਖਬਾਣੀ

ਜਲੰਧਰ 8 ਨਵੰਬਰ। ਪੰਜਾਬ ਦੇ ਮੌਸਮ ਨੂੰ ਲੈ ਕੇ ਵੱਡੀ ਭਵਿੱਖਬਾਣੀ ਕੀਤੀ ਗਈ ਹੈ। ਦਰਅਸਲ ਪੱਛਮੀ ਗੜਬੜੀ ਕਾਰਨ ਪਏ ਮੀਂਹ ਤੋਂ ਬਾਅਦ ਪੰਜਾਬ ਦੇ ਮੌਸਮ 'ਚ ਵੱਡਾ ਬਦਲਾਅ ਵੇਖਣ ਨੂੰ ਮਿਲਿਆ ਹੈ। ਸੂਬੇ 'ਚ ਠੰਡ ਨੇ ਅਚਾਨਕ ਜ਼ੋਰ ਫੜ ਲਿਆ ਹੈ। ਇਸੇ ਦੇ ਚੱਲਦਿਆਂ ਰਾਤ ਦੇ ਤਾਪਮਾਨ 'ਚ 4 ਡਿਗਰੀ ਸੈਲਸੀਅਸ ਦੀ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਆਉਣ ਵਾਲੇ ਦਿਨਾਂ ਵਿਚ ਧੁੰਦ ਦਾ ਅਸਰ ਵੀ ਵੇਖਣ ਨੂੰ ਮਿਲੇਗਾ। ਤਾਜ਼ਾ ਮਿਲੀ ਜਾਣਕਾਰੀ ਮੁਤਾਬਕ ਮੌਸਮ ਵਿਭਾਗ ਵੱਲੋਂ ਅੱਜ ਤੋਂ ਲੈ ਕੇ 11 ਤਾਰੀਖ਼ ਤੱਕ ਮੌਸਮ ਦੀ ਵੱਡੀ ਅਪਡੇਟ ਦਿੱਤੀ ਗਈ ਹੈ। ਵਿਭਾਗ ਵੱਲੋਂ ਆਉਣ ਵਾਲੇ ਦਿਨਾਂ ਵਿਚ ਕੋਈ ਬਾਰਿਸ਼ ਦਾ ਅਲਰਟ ਜਾਰੀ ਨਹੀਂ ਕੀਤਾ ਗਿਆ ਹੈ। ਸੂਬੇ ਵਿਚ ਮੌਸਮ ਖ਼ੁਸ਼ਕ ਰਹੇਗਾ। ਇਥੇ ਦੱਸ ਦੇਈਏ ਕਿ ਪੰਜਾਬ ਵਿਚ ਸਵੇਰੇ ਸ਼ਾਮ ਨੂੰ ਠੰਡੀਆਂ ਹਾਵਾਵਾਂ ਦਾ ਅਸਰ ਨਜ਼ਰ ਆਉਣਾ ਵੀ ਸ਼ੁਰੂ ਹੋ ਗਿਆ ਹੈ, ਜਿਸ ਦਾ ਭਾਵ ਹੈ ਕਿ ਆਉਣ ਵਾਲੇ ਦਿਨ ਯਾਨੀ ਕਿ ਅਗਲੇ ਹਫ਼ਤੇ ਤੱਕ ਠੰਡ ਆਪਣਾ ਜ਼ੋਰ ਵਿਖਾ ਦੇਵੇਗੀ। ਬੀਤੇ ਦਿਨੀਂ ਸੂਬੇ ਦੇ ਕਈ ਜ਼ਿਲ੍ਹਿਆਂ 'ਚ ਭਾਰੀ ਮੀਂਹ ਦੇ ਨਾਲ ਹੋਈ ਗੜ੍ਹੇਮਾਰੀ ਨੇ ਮੌਸਮ ਹੋਰ ਵੀ ਠੰਡਾ ਕਰ ਦਿੱਤਾ ਹੈ। ਇਨ੍ਹਾਂ ਦਿਨਾਂ 'ਚ ਲੋਕਾਂ ਨੂੰ ਆਪਣੀ ਸਿਹਤ ਦਾ ਵਿਸ਼ੇਸ਼ ਧਿਆਨ ਰੱਖਣ ਦੀ ਜ਼ਰੂਰਤ ਹੈ, ਕਿਉਂਕਿ ਇਹ ਠੰਡ ਹੱਡਾਂ ਵਿਚ ਵੜ ਜਾਂਦੀ ਹੈ, ਜਿਸ ਨਾਲ ਲੋਕਾਂ ਨੂੰ ਖਾਂਸੀ, ਜ਼ੁਕਾਮ ਅਤੇ ਹੋਰ ਬੀਮਾਰੀਆਂ ਦਾ ਸਾਹਮਣਾ ਕਰਨਾ ਵੀ ਪੈ ਸਕਦਾ ਹੈ।

## ਪੂਰਵ ਦਿਸ਼ਾ ਦੇ ਵਲ ਜਾਣ ਵਾਲੀਆਂ ਤਿਉਹਾਰ ਵਿਸ਼ੇਸ਼ ਰੇਲਗੱਡੀਆਂ-2025

ਛੱਠ ਪੂਜਾ ਤਿਉਹਾਰਾਂ ਦੇ ਦੋਰਾਨ ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ-ਜਾਣ ਲਈ ਉੱਤਰ ਰੇਲਵੇ ਦੁਵਾਰਾ ਹੋਰ ਖੇਤਰੀ ਰੇਲਾਂ ਦੇ ਸਹਿਯੋਗ ਨਾਲ ਮਿਤੀ 09.11.2025 ਤੋਂ 11.11.2025 ਤਕ ਪੂਰਵ ਦਿਸ਼ਾ ਦੇ ਵਲ ਹੇਠਾ ਲਿਖੀ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਚਲਾਈਆਂ ਜਾਣਗੀਆਂ, ਜਿਨ੍ਹਾਂ ਦਾ ਵੇਰਵਾ ਹੇਠਾ ਅਨੁਸਾਰ ਹੈ:-

### ਮਿਤੀ 09.11.2025 (ਐਤਵਾਰ) ਨੂੰ ਪੂਰਵ ਦਿਸ਼ਾ ਦੇ ਵੱਲ ਜਾਣ ਵਾਲੀਆਂ ਰੇਲਗੱਡੀਆਂ ਦੀ ਸੂਚੀ

| ਵਿਸ਼ੇਸ਼ ਗੱਡੀ ਨੰ: | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਜਗ੍ਹਾਂ | ਠਹਿਰਣਾ |
|---|---|---|---|---|---|---|
| 02254 | ਨਵੀਂ ਦਿੱਲੀ (ਵੰਦੇ ਭਾਰਤ) | 08:35 | ਪਟਨਾ ਜੰ: | 21:30 | ਵਾਤਾ. ਚੇਅਰਕਾਰ ਅਤੇ ਆਗਿਜ. ਕੁਰਸੀਯਾਨ | ਅਲੀਗੜ੍ਹ ਜੰ:, ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਦੀਨ ਦਯਾਲ ਉਪਾਦਯੇ ਜੰ:, ਬਕਸਰ ਅਤੇ ਆਰਾ |
| 04090 | ਆਨੰਦ ਵਿਹਾਰ (ਟ.) | 14:25 | ਪਟਨਾ ਜੰ: | 11:00 | 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ | ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਵਾਰਾਣਸੀ ਜੰ:, ਗਾਜੀਪੁਰ ਸਿਟੀ, ਬਲਿਯਾ, ਸਹਤਵਾਰ, ਸੁਮੇਰਨਪੁਰ, ਛਪਰਾ ਅਤੇ ਪਾਟਲੀਪੁਤਰ |
| 04450 | ਨਵੀਂ ਦਿੱਲੀ | 15:10 | ਦਰਭੰਗਾ | 16:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ ਜੰ:, ਕਾਨਪੁਰ ਸੈਂਟਰਲ, ਊਨਾਵ ਜੰ:, ਏਸ਼ਬਾਗ, ਬਾਦਸ਼ਾਹਨਗਰ, ਗੋਂਡਾ ਜੰ:, ਗੋਰਖਪੁਰ। ਦੇਵਰਿਯਾ ਸਦਰ, ਸੀਵਾਨ ਜੰ:, ਛਪਰਾ, ਸੋਨਪੁਰ ਜੰ:, ਹਾਜੀਪੁਰ ਜੰ:, ਮੁਜੱਫਰਪੁਰ ਜੰ: ਅਤੇ ਸਮਸਤੀਪੁਰ ਜੰ: |
| 04454 | ਨਵੀਂ ਦਿੱਲੀ | 20:00 | ਮਾਨਸੀ | 23:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ ਜੰ:, ਟੂੰਡਲਾ ਜੰ:, ਇਟਾਵਾ, ਕਾਨਪੁਰ ਸੈਂਟਰਲ, ਉਨਾਵ ਜੰ:, ਏਸ਼ਬਾਕ, ਬਾਦਸ਼ਾਹਨਗਰ, ਬਾਰਾਬੰਕੀ ਜੰ:, ਗੋਂਡਾ ਜੰ:, ਬਸਤੀ, ਖਲੀਲਾਬਾਦ, ਗੋਰਖਪੁਰ, ਦੇਵਰੀਆ ਸਦਰ, ਸੀਵਾਨ ਜੰ:, ਛਪਰਾ, ਸੋਨਪੁਰ ਜੰ:, ਹਾਜੀਪੁਰ ਜੰ:, ਸ਼ਾਹਪੁਰ ਪਟੋਰੀ, ਬਰੌਨੀ ਜੰ:, ਬੇਗੁਸਰਾਏ ਅਤੇ ਖਗੜਿਯਾ ਜੰ: |
| 04456 | ਨਵੀਂ ਦਿੱਲੀ | 22:40 | ਧਨਬਾਦ | 02:20 | ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਆਲਮਨਗਰ, ਓਤਰੇਟੀਯਾ, ਰਾਯਬਰੇਲੀ ਜੰ:, ਅਮੇਠੀ, ਮਾਂ ਬੇਲਹਾ ਦੇਵੀ ਧਾਮ, ਪ੍ਰਤਾਪਗੜ੍ਹ, ਬਦੋਹੀ, ਵਾਰਾਣਸੀ ਜੰ:, ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹਿ ਨਾਰਾਇਣ ਰੋਡ, ਕੋਡਰਮਾ ਹਜ਼ਾਰੀ ਬਾਗ ਰੋਡ, ਪਾਰਸਨਾਥ ਅਤੇ ਗੋਮੇ |
| 04458 | ਆਨੰਦ ਵਿਹਾਰ (ਟ.) | 13:40 | ਭਾਗਲਪੁਰ | 14:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਪਟਨਾ ਜੰ:, ਪਟਨਾ ਸਾਹਿਬ, ਫਤੂਹਾ, ਖੁਸਰਪੁਰ, ਬਖਿਤਯਾਰਪੁਰ ਜੰ:, ਬਾੜ, ਮੁਕਾਮਾ ਜੰ:, ਹਾਥੀਦਾ ਜੰ:, ਬਤਹਿਆ, ਲਖੀਸਰਾਏ ਜੰ:, ਕਯੂਲ ਜੰ:, ਕਜਰਾ, ਅਭੈਪੁਰ, ਦਰਹਰਾ, ਜਮਾਲਪੁਰ ਜੰ:, ਬਰਿਯਾਰਪੁਰ ਅਤੇ ਸੁਲਤਾਨਗੰਜ |
| 04016 | ਆਨੰਦ ਵਿਹਾਰ (ਟ.) | 15:30 | ਸੀਤਾਮੜ੍ਹੀ | 15:00 | 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਲਖਨਊ, ਗੋਂਡਾ ਜੰ:, ਗੋਰਖਪੁਰ ਕਪਤਾਨਗੰਜ ਜੰ:, ਸਿਸਵਾ ਬਜ਼ਾਰ, ਬਗਹਾ, ਹਰਿਨਗਰ, ਨਰਕਟਿਯਾਗੰਜ ਜੰ:, ਸਿਕਟਾ, ਰਕਸੌਲ ਜੰ:, ਅਤੇ ਬੇਰਗਨੀਆ |
| 04452 | ਨਵੀਂ ਦਿੱਲੀ | 18:15 | ਹਾਵੜਾ ਜੰ: | 23:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ, ਜੰ:, ਟੂੰਡਲਾ ਜੰ:, ਇਟਾਵਾ, ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਜੰਘਈ ਜੰ:, ਜੰਘਈ ਜੰ:, ਵਾਰਾਣਸੀ ਜੰ:, ਦੀਨਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹਿ ਨਾਰਾਇਣ ਰੋਡ, ਗਯਾ, ਕੋਡਰਮਾ ਪਾਰਸਨਾਕ ਧਨਬਾਦ ਜੰ:, ਆਸਨਸੋਲ ਜੰ:, ਦੁਰਗਾਪੁਰ, ਵਰਧਾਮਾਨ ਅਤੇ ਬੈਂਡੇਲ ਜੰ: |
| 04094 | ਹਜ਼ਰਤ ਨਿਜ਼ਾਮੁਦੀਨ | 11:00 | ਪਟਨਾ ਜੰ: | 05:00 | ਪਹਿਲੀ ਵਾਤਾ., 2 ਟੀਯਰ ਵਾਤਾ, 3 ਟੀਯਰ ਵਾਤਾ. | ਗਾਜੀਆਬਾਦ, ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ ਅਤੇ ਦਾਨਾਪੁਰ |
| 04096 | ਆਨੰਦ ਵਿਹਾਰ (ਟ.) | 00:05 | ਪਾਟਲੀਪੁਤਰ | 21:30 | ਪਹਿਲੀ ਵਾਤਾ., 2 ਟੀਯਰ ਵਾਤਾ. 3 ਟੀਯਰ ਵਾਤਾ., 3 ਟਿਯਰ ਵਾਤਾ. ਇਕੋਨਮੀ, ਸਲੀਪਰ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਵਾਰਾਣਸੀ ਜੰ:, ਗਾਜੀਪੁਰ ਸਿਟੀ, ਫੇਫਨਾ ਜੰ:, ਬਲਿਯਾ, ਸਹਤਵਾਰ, ਬਕੁਲਹਾ, ਛਪਰਾ ਅਤੇ ਦਿਘਵਾਰਾ |
| 04098 | ਨਵੀਂ ਦਿੱਲੀ | 09:30 | ਹਸਨਪੁਰ ਰੋਡ | 12:00 | 3 ਟੀਯਰ ਵਾਤਾ., ਇਕੋਨੋਮੀ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟਰਲ, ਓਨਾਵ, ਏਸ਼ਬਾਗ, ਬਾਦਸ਼ਾਹਨਗਰ, ਬਾਰਾਬੰਕੀ, ਬੁੜਵਲ, ਗੋਂਡਾ, ਗੋਰਖਪੁਰ, ਕਪਤਾਨਗੰਜ, ਸਿਸਵਾ ਬਾਜ਼ਾਰ, ਬਗਹਾ, ਨਰਕਿਟਾਗੰਜ, ਬੇਤੀਆ, ਸਗੋਲੀ, ਬਾਪੂਧਾਮ, ਮੋਤੀਹਾਰੀ, ਮੁਜੱਫਰਪੁਰ ਅਤੇ ਸਮਸਤੀਪੁਰ ਜੰ: |
| 03698 | ਦਿੱਲੀ ਜੰ: | 08:55 | ਗਯਾ | 00:30 | 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ | ਗੋਵਿੰਦਪੁਰੀ, ਪ੍ਰਯਾਗਰਾਜ ਜੰ:, ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ ਡੇਹਰੀ ਆਨ ਸੋਨ, ਅਤੇ ਅਨੁਗ੍ਰਦਹਿ ਨਾਰਾਇਣ ਰੋਡ |
| 05580 | ਆਨੰਦ ਵਿਹਾਰ (ਟ.) | 05:15 | ਪੂਰਣਿਆਂ ਕੋਰਟ | 13:45 | 3 ਟੀਯਰ ਵਾਤਾ. ਇਕੋਨਮੀ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਸੀਤਾਪੁਰ ਜੰ:, ਗੋਂਡਾ ਜੰ:, ਬਸਤੀ, ਗੋਰਖਪੁਰ ਜੰ:, ਕਪਤਾਨਗੰਜ ਜੰ:, ਬਗਹਾ,ਨਰਕਟਿਯਾਗੰਜ ਜੰ:, ਸਿਕਟਾ, ਰਕਸੌਲ ਜੰ:, ਬਰਗਨੀਆ, ਸੀਤਾਮੜ੍ਹੀ, ਜਨਕਪੁਰ ਰੋਡ, ਸ਼ੀਸ਼ੋ ਸਕਰੀ ਜੰ:, ਝਾਂਜਰਪੁਰ ਗੋਗਰਡੀਹਾ, ਨਿਰਮਲੀ ਸਰਾਏਗੜ੍ਹ, ਸੁਪੋਲ, ਗੜਬਵਾਲੀ, ਸਹਰਸਾ ਜੰ:, ਦੋਰਮ, ਮਧੇਪੁਰਾ, ਮੁਰਲੀਗੰਂ ਅਤੇ ਬਨਮਨਖੀ ਜੰ: |
| 05284 | ਆਨੰਦ ਵਿਹਾਰ (ਟ.) | 07:00 | ਮੁਜੱਫਰਪੁਰ ਜੰ: | 04:50 | 3 ਟੀਯਰ ਵਾਤਾ., 3 ਟੀਯਰ ਇਕਾਨੋਮੀ, ਸਲੀਪਰ ਅਤੇ ਜਨਰਲ | ਮੁਰਾਦਾਬਾਦ, ਸ਼ਾਹਜਹਾਂਪੁਰ, ਹਰਦੋਈ, ਲਖਨਊ, ਗੋਂਡਾ ਜੰ:, ਬਸਤੀ, ਗੋਰਖਪੁਰ, ਬਗਹਾ, ਹਰੀਨਗਰ, ਨਰਕਟਿਯਾਗੰਜ ਜੰ:, ਬੇਤੀਆ, ਸਗੌਲੀ ਜੰ:, ਬਾਪੂਧਾਮ ਮੋਤੀਹਾਰੀ ਪਿਪਰਾ, ਚਕੀਆ, ਮਹਸੀ ਅਤੇ ਮੋਤੀਪੁਰ |
| 02418 | ਦਿੱਲੀ ਜੰ: | 09:30 | ਪ੍ਰਯਾਗਰਾਜ ਜ਼ੰ: | 19:40 | ਪਹਿਲੀ ਵਾਤਾਂ., 2 ਟੀਯਰ ਵਾਤਾ., 3 ਟੀਯਰ ਵਾਤਾ., 3 ਟੀਯਰ ਵਾਤ., ਇਕੋਨੋਮੀ, ਸਲੀਪਰ ਅਤੇ ਜਨ. | ਅਲੀਗੜ੍ਹ ਜੰ:, ਟੂੰਡਲਾ ਜੰ:, ਇਟਾਵਾ ਜੰ:, ਗੋਬਿੰਦਪੁਰੀ ਅਤੇ ਫਤੇਹਪੁਰ |
| 02392 | ਆਨੰਦ ਵਿਹਾਰ (ਟ.) | 23:20 | ਪਟਨਾ ਜੰ: | 17:20 | 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀ. ਅਤੇ ਜਨ. | ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ, ਬਕਸਰ, ਆਰਾ ਅਤੇ ਦਾਨਾਪੁਰ |
| 05220 | ਆਨੰਦ ਵਿਹਾਰ (ਟ.) | 12:00 | ਮੁਜੱਫਰਪੁਰ ਜੰ: | 09:45 | 2 ਟੀਯਰ ਵਾਤਾ., 3 ਟੀਯਰ ਵਾਤਾ., 3 ਟੀਯਰ ਵਾਤਾ. ਇਕੋਨੋਮੀ, ਸਲੀ. ਅਤੇ ਜਨ. | ਗੋਵਿੰਦਪੁਰੀ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਦਾਨਾਪੁਰ, ਪਾਟਲੀਪੁਤਰ ਸੋਨਪੁਰ ਅਤੇ ਹਾਜੀਪੁਰ |
| 03310 | ਦਿੱਲੀ ਜੰ: | 11:45 | ਧਨਬਾਦ | 13:00 | 3 ਟੀਯਰ ਵਾਤਾ., ਇਕਾਨੋਮੀ | ਟੂੰਡਲਾ ਜੰ:, ਗੋਵਿੰਦਪੁਰੀ, ਪ੍ਰਯਾਗਰਾਜ ਜੰ:, ਵਾਰਾਣਸੀ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ ਡੇਅਰੀ ਆਨ ਸੋਨ, ਅਨੁਗ੍ਰਹਿ ਨਾਰਾਇਣ ਰੋਡੇ ਗਯਾ ਜੰ:, ਕੋਡਰਮਾ, ਪਾਰਸਨਾਥ ਅਤੇ ਗੋਮੇ |
| 05590 | ਆਨੰਦ ਵਿਹਾਰ (ਟ.) | 13:00 | ਛਪਰਾ | 09:00 | ਸਲੀਪਰ ਅਤੇ ਜਨਰਲ | ਗਾਜੀਆਬਾਦ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਸੀਤਾਪੁਰ ਜੰ:, ਬੁੜਵਲ ਜੰ:, ਗੋਂਡਾ ਜੰ:, ਬਸਤੀ, ਖਲੀਲਾਬਾਦ, ਗੋਰਖਪੁਰ ਜੰ:, ਕਪਤਾਨਗੰਜ ਜੰ:, ਰਾਮਕੋਲਾ, ਪਡਰੌਨਾ ਥਾਵੇ ਜੰ:, ਦਿਘਵਾ ਦੁਬੌਲੀ ਅਤੇ ਮਸ਼ਰਖ |
| 05504 | ਆਨੰਦ ਵਿਹਾਰ (ਟ.) | 05:30 | ਮੁਜੱਫਰਪੁਰ ਜੰ: | 22:15 | ਸਲੀਪਰ ਅਤੇ ਜਨਰਲ | ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਪੰ.ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਦਾਨਾਪੁਰ, ਪਾਟਲੀਪੁਤਰ ਅਤੇ ਹਾਜੀਪੁਰ ਜੰ: |
| 05514 | ਆਨੰਦ ਵਿਹਾਰ (ਟ.) | 12:00 | ਸਹਰਸਾ ਜੰ: | 17:15 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ ਜੰ:, ਟੂੰਡਲਾ ਜੰ:, ਇਟਾਵਾ, ਕਾਨਪੁਰ ਸੈਂਟ੍ਰਲ, ਏਸ਼ਬਾਗ, ਬਾਦਸ਼ਾਹਨਗਰ, ਬਾਰਾਬੰਕੀ ਜੰ:, ਗੋਂਡਾ ਜੰ:, ਬਸਤੀ, ਖਲੀਲਾਬਾਦ, ਗੋਰਖਪੁਰ, ਦੇਵਰਿਯਾ ਸਦਰ, ਸੀਵਾਨ ਜੰ:, ਛਪਰਾ, ਸੋਨਪੁਰ ਜੰ:, ਹਾਜੀਪੁਰ ਜੰ:, ਮੁਜੱਫਰਪੁਰ ਜੰ:, ਸਮਸਤੀਪੁਰ ਜੰ:, ਦਲਸਿੰਘ ਸਰਾਯ, ਬਰੌਨੀ ਜੰ:, ਬੇਗੂਸਰਾਏ, ਖਗੜਿਯਾ ਜੰ: ਅਤੇ ਮਾਨਸੀ ਜੰ: |

### ਮਿਤੀ 10.11.2025 (ਸੋਮਵਾਰ) ਨੂੰ ਪੂਰਵ ਦਿਸ਼ਾ ਦੇ ਵੱਲ ਜਾਣ ਵਾਲੀਆਂ ਰੇਲਗੱਡੀਆਂ ਦੀ ਸੂਚੀ

| ਵਿਸ਼ੇਸ਼ ਗੱਡੀ ਨੰ: | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਜਗ੍ਹਾਂ | ਠਹਿਰਣਾ |
|---|---|---|---|---|---|---|
| 02252 | ਨਵੀਂ ਦਿੱਲੀ (ਵੰਦੇ ਭਾਰਤ) | 08:35 | ਪਟਨਾ ਜੰ: | 21:30 | ਵਾਤਾ. ਚੇਅਰਕਾਰ ਅਤੇ ਆਗਿਜ. ਕੁਰਸੀਯਾਨ | ਅਲੀਗੜ੍ਹ ਜੰ:, ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਦੀਨ ਦਯਾਲ ਉਪਾਦਯੇ ਜੰ:, ਬਕਸਰ ਅਤੇ ਆਰਾ |
| 04090 | ਆਨੰਦ ਵਿਹਾਰ (ਟ.) | 14:25 | ਪਟਨਾ ਜੰ: | 11:00 | 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ | ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਵਾਰਾਣਸੀ ਜੰ:, ਗਾਜੀਪੁਰ ਸਿਟੀ, ਬਲਿਯਾ, ਸਹਤਵਾਰ, ਸੁਮੇਰਨਪੁਰ, ਛਪਰਾ ਅਤੇ ਪਾਟਲੀਪੁਤਰ |
| 04450 | ਨਵੀਂ ਦਿੱਲੀ | 15:10 | ਦਰਭੰਗਾ | 16:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ ਜੰ:, ਕਾਨਪੁਰ ਸੈਂਟਰਲ, ਊਨਾਵ ਜੰ:, ਏਸ਼ਬਾਗ, ਬਾਦਸ਼ਾਹਨਗਰ, ਗੋਂਡਾ ਜੰ:, ਗੋਰਖਪੁਰ। ਦੇਵਰਿਯਾ ਸਦਰ, ਸੀਵਾਨ ਜੰ:, ਛਪਰਾ, ਸੋਨਪੁਰ ਜੰ:, ਹਾਜੀਪੁਰ ਜੰ:, ਮੁਜੱਫਰਪੁਰ ਜੰ: ਅਤੇ ਸਮਸਤੀਪੁਰ ਜੰ: |
| 04454 | ਨਵੀਂ ਦਿੱਲੀ | 20:00 | ਮਾਨਸੀ | 23:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ ਜੰ:, ਟੂੰਡਲਾ ਜੰ:, ਇਟਾਵਾ, ਕਾਨਪੁਰ ਸੈਂਟਰਲ, ਉਨਾਵ ਜੰ:, ਏਸ਼ਬਾਕ, ਬਾਦਸ਼ਾਹਨਗਰ, ਬਾਰਾਬੰਕੀ ਜੰ:, ਗੋਂਡਾ ਜੰ:, ਬਸਤੀ, ਖਲੀਲਾਬਾਦ, ਗੋਰਖਪੁਰ, ਦੇਵਰੀਆ ਸਦਰ, ਸੀਵਾਨ ਜੰ:, ਛਪਰਾ, ਸੋਨਪੁਰ ਜੰ:, ਹਾਜੀਪੁਰ ਜੰ:, ਸ਼ਾਹਪੁਰ ਪਟੋਰੀ, ਬਰੌਨੀ ਜੰ:, ਬੇਗੁਸਰਾਏ ਅਤੇ ਖਗੜਿਯਾ ਜੰ: |
| 04456 | ਨਵੀਂ ਦਿੱਲੀ | 22:40 | ਧਨਬਾਦ | 02:20 | ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਆਲਮਨਗਰ, ਓਤਰੇਟੀਯਾ, ਰਾਯਬਰੇਲੀ ਜੰ:, ਅਮੇਠੀ, ਮਾਂ ਬੇਲਹਾ ਦੇਵੀ ਧਾਮ, ਪ੍ਰਤਾਪਗੜ੍ਹ, ਬਦੋਹੀ, ਵਾਰਾਣਸੀ ਜੰ:, ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹਿ ਨਾਰਾਇਣ ਰੋਡ, ਕੇਡਰਮਾ ਹਜ਼ਾਰੀ ਬਾਗ ਰੋਡ, ਪਾਰਸਨਾਥ ਅਤੇ ਗੋਮੇ |
| 04458 | ਆਨੰਦ ਵਿਹਾਰ (ਟ.) | 13:40 | ਭਾਗਲਪੁਰ | 14:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਪਟਨਾ ਜੰ:, ਪਟਨਾ ਸਾਹਿਬ, ਫਤੂਹਾ, ਖੁਸਰਪੁਰ, ਬਖਿਤਯਾਰਪੁਰ ਜੰ:, ਬਾੜ, ਮੁਕਾਮਾ ਜੰ:, ਹਾਥੀਦਾ ਜੰ:, ਬਤਹਿਆ, ਲਖੀਸਰਾਏ ਜੰ:, ਕਯੂਲ ਜੰ:, ਕਜਰਾ, ਅਭੈਪੁਰ, ਦਰਹਰਾ, ਜਮਾਲਪੁਰ ਜੰ:, ਬਰਿਯਾਰਪੁਰ ਅਤੇ ਸੁਲਤਾਨਗੰਜ |
| 04016 | ਆਨੰਦ ਵਿਹਾਰ (ਟ.) | 15:30 | ਸੀਤਾਮੜ੍ਹੀ | 15:00 | 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਲਖਨਊ, ਗੋਂਡਾ ਜੰ:, ਗੋਰਖਪੁਰ ਕਪਤਾਨਗੰਜ ਜੰ:, ਸਿਸਵਾ ਬਜ਼ਾਰ, ਬਗਹਾ, ਹਰਿਨਗਰ, ਨਰਕਟਿਯਾਗੰਜ ਜੰ:, ਸਿਕਟਾ, ਰਕਸੌਲ ਜੰ:, ਅਤੇ ਬੇਰਗਨੀਆ |
| 04452 | ਨਵੀਂ ਦਿੱਲੀ | 18:15 | ਹਾਵੜਾ ਜੰ: | 23:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ, ਜੰ:, ਟੂੰਡਲਾ ਜੰ:, ਇਟਾਵਾ, ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਜੰਘਈ ਜੰ:, ਜੰਘਈ ਜੰ:, ਵਾਰਾਣਸੀ ਜੰ:, ਦੀਨਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹਿ ਨਾਰਾਇਣ ਰੋਡ, ਗਯਾ, ਕੋਡਰਮਾ ਪਾਰਸਨਾਥ ਧਨਬਾਦ ਜੰ:, ਆਸਨਸੋਲ ਜੰ:, ਦੁਰਗਾਪੁਰ, ਵਰਧਾਮਾਨ ਅਤੇ ਬੈਂਡੇਲ ਜੰ: |
| 04094 | ਹਜ਼ਰਤ ਨਿਜ਼ਾਮੁਦੀਨ | 11:00 | ਪਟਨਾ ਜੰ: | 05:00 | ਪਹਿਲੀ ਵਾਤਾ., 2 ਟੀਯਰ ਵਾਤਾ, 3 ਟੀਯਰ ਵਾਤਾ. | ਗਾਜੀਆਬਾਦ, ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ ਅਤੇ ਦਾਨਾਪੁਰ |
| 04096 | ਆਨੰਦ ਵਿਹਾਰ (ਟ.) | 00:05 | ਪਾਟਲੀਪੁਤਰ | 21:30 | ਪਹਿਲੀ ਵਾਤਾ., 2 ਟੀਯਰ ਵਾਤਾ. 3 ਟੀਯਰ ਵਾਤਾ., 3 ਟਿਯਰ ਵਾਤਾ. ਇਕੋਨਮੀ, ਸਲੀਪਰ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਵਾਰਾਣਸੀ ਜੰ:, ਗਾਜੀਪੁਰ ਸਿਟੀ, ਫੇਫਨਾ ਜੰ:, ਬਲਿਯਾ, ਸਹਤਵਾਰ, ਬਕੁਲਹਾ, ਛਪਰਾ ਅਤੇ ਦਿਘਵਾਰਾ |
| 04098 | ਨਵੀਂ ਦਿੱਲੀ | 09:30 | ਹਸਨਪੁਰ ਰੋਡ | 12:00 | 3 ਟੀਯਰ ਵਾਤਾ., ਇਕੋਨੋਮੀ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟਰਲ, ਓਨਾਵ, ਏਸ਼ਬਾਗ, ਬਾਦਸ਼ਾਹਨਗਰ, ਬਾਰਾਬੰਕੀ, ਬੁੜਵਲ, ਗੋਂਡਾ, ਗੋਰਖਪੁਰ, ਕਪਤਾਨਗੰਜ, ਸਿਸਵਾ ਬਾਜ਼ਾਰ, ਬਗਹਾ, ਨਰਕਿਟਾਗੰਜ, ਬੇਤੀਆ, ਸਗੋਲੀ, ਬਾਪੂਧਾਮ, ਮੋਤੀਹਾਰੀ, ਮੁਜੱਫਰਪੁਰ ਅਤੇ ਸਮਸਤੀਪੁਰ ਜੰ: |
| 03640 | ਦਿੱਲੀ ਜੰ: | 19:00 | ਗਯਾ | 11:30 | 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ | ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ ਅਤੇ ਅਨੁਗ੍ਰਹਿ ਨਾਰਾਇਣ ਰੋਡ |
| 03256 | ਆਨੰਦ ਵਿਹਾਰ (ਟ.) | 23:30 | ਪਟਨਾ ਜੰ: | 18:35 | ਪਹਿਲੀ ਵਾਤਾਂ., 2 ਟੀਯਰ ਵਾਤਾ., 3 ਟੀਯਰ ਵਾਤਾ., 3 ਟੀਯਰ ਵਾਤ., ਇਕੋਨੋਮੀ, ਸਲੀਪਰ ਅਤੇ ਜਨ. | ਗੋਵਿੰਦਪੁਰੀ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ ਅਤੇ ਦਾਨਾਪੁਰ |
| 02398 | ਆਨੰਦ ਵਿਹਾਰ (ਟ.) | 08:20 | ਗਯਾ | 00:30 | ਪਹਿਲੀ ਵਾਤਾ., 2 ਟੀਯਰ ਵਾਤਾ., 3 ਟੀਯਰ ਵਾਤਾ., 3 ਟੀਯਰ ਵਾਤਾ. ਇਕੋਨਾਮੀ, ਸਲੀਪਰ ਅਤੇ ਜਨਰਲ | ਗੋਵਿੰਦਪੁਰੀ, ਪ੍ਰਯਾਗਰਾਜ ਜੰ:, ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ ਡੇਹਰੀ ਆਨ ਸੋਨ ਅਤੇ ਅਨੁਗ੍ਰਹਿ ਐਨ ਰੋਡ |
| 03258 | ਆਨੰਦ ਵਿਹਾਰ (ਟ.) | 05:00 | ਦਾਨਾਪੁਰ | 20:45 | 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ | ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰਕਸ਼ਨ, ਬਕਸਰ ਅਤੇ ਆਰਾ |
| 04124 | ਹਜ਼ਰਤ ਨਿਜ਼ਾਮੁਦੀਨ | 15:45 | ਪ੍ਰਯਾਗਰਾਜ ਜੰ: | 09:10 | 3 ਟੀਯਰ ਵਾਤਾ., ਸਲੀਪਰ ਅਤੇ ਜਨਰਲ | ਕੋਸੀ ਕਲਾਂ, ਮਥੁਰਾ ਜੰ:, ਆਗਰਾ ਕੈਂਟ ਜੰ:, ਧੋਲਪੁਰ, ਗਵਾਲੀਅਰ ਜੰ:, ਵੀਰਾਂਗਨਾ ਲਖਸ਼ਮੀਬਾਈ ਝਾਂਸੀ ਜੰ:, ਮਊ ਰਾਨੀਪੁਰ, ਹਰਪਾਲਪੁਰ, ਕੁਲਪਹਾੜ, ਮਹੋਬਾ, ਬਾਂਦਾ ਜੰਕਸ਼ਨ, ਅਤਰਰਾ, ਚਿਤਰਕੋਟ, ਮਾਨਿਕਪੁਰ ਜੰਕਸ਼ਨ, ਡਭੋਰਾ ਅਤੇ ਸ਼ੰਕਰਗੜ੍ਹ |
| 05518 | ਆਨੰਦ ਵਿਹਾਰ (ਟ.) | 12:00 | ਸਹਰਸਾ ਜੰ: | 17:15 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ ਜੰ:, ਟੂੰਡਲਾ ਜੰ:, ਇਟਾਵਾ, ਕਾਨਪੁਰ ਸੈਂਟ੍ਰਲ, ਏਸ਼ਬਾਗ, ਬਾਦਸ਼ਾਹਨਗਰ, ਬਾਰਾਬੰਕੀ ਜੰ:, ਗੋਂਡਾ ਜੰ:, ਬਸਤੀ, ਖਲੀਲਾਬਾਦ, ਗੋਰਖਪੁਰ, ਦੇਵਰਿਯਾ ਸਦਰ, ਸੀਵਾਨ ਜੰ:, ਛਪਰਾ, ਸੋਨਪੁਰ ਜੰ:, ਹਾਜੀਪੁਰ ਜੰ:, ਮੁਜੱਫਰਪੁਰ ਜੰ:, ਸਮਸਤੀਪੁਰ ਜੰ:, ਦਲਸਿੰਘ ਸਰਾਯ, ਬਰੌਨੀ ਜੰ:, ਬੇਗੂਸਰਾਏ, ਖਗੜਿਯਾ ਜੰ: ਅਤੇ ਮਾਨਸੀ ਜੰ: |
| 05508 | ਆਨੰਦ ਵਿਹਾਰ (ਟ.) | 05:30 | ਮੁਜੱਫਰਪੁਰ ਜੰ: | 22:15 | ਸਲੀਪਰ ਅਤੇ ਜਨਰਲ | ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਪੰ.ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਦਾਨਾਪੁਰ, ਪਾਟਲੀਪੁਤਰ ਅਤੇ ਹਾਜੀਪੁਰ ਜੰ: |

### ਮਿਤੀ 11.11.2025 (ਮੰਗਲਵਾਰ) ਨੂੰ ਪੂਰਵ ਦਿਸ਼ਾ ਦੇ ਵੱਲ ਜਾਣ ਵਾਲੀਆਂ ਰੇਲਗੱਡੀਆਂ ਦੀ ਸੂਚੀ

| ਵਿਸ਼ੇਸ਼ ਗੱਡੀ ਨੰ: | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਜਗ੍ਹਾਂ | ਠਹਿਰਣਾ |
|---|---|---|---|---|---|---|
| 02254 | ਨਵੀਂ ਦਿੱਲੀ (ਵੰਦੇ ਭਾਰਤ) | 08:35 | ਪਟਨਾ ਜੰ: | 21:30 | ਵਾਤਾ. ਚੇਅਰਕਾਰ ਅਤੇ ਆਗਿਜ. ਕੁਰਸੀਯਾਨ | ਅਲੀਗੜ੍ਹ ਜੰ:, ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਦੀਨ ਦਯਾਲ ਉਪਾਦਯੇ ਜੰ:, ਬਕਸਰ ਅਤੇ ਆਰਾ |
| 04090 | ਆਨੰਦ ਵਿਹਾਰ (ਟ.) | 14:25 | ਪਟਨਾ ਜੰ: | 11:00 | 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ | ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਵਾਰਾਣਸੀ ਜੰ:, ਗਾਜੀਪੁਰ ਸਿਟੀ, ਬਲਿਯਾ, ਸਹਤਵਾਰ, ਸੁਮੇਰਨਪੁਰ, ਛਪਰਾ ਅਤੇ ਪਾਟਲੀਪੁਤਰ |
| 04450 | ਨਵੀਂ ਦਿੱਲੀ | 15:10 | ਦਰਭੰਗਾ | 16:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ ਜੰ:, ਕਾਨਪੁਰ ਸੈਂਟਰਲ, ਊਨਾਵ ਜੰ:, ਏਸ਼ਬਾਗ, ਬਾਦਸ਼ਾਹਨਗਰ, ਗੋਂਡਾ ਜੰ:, ਗੋਰਖਪੁਰ। ਦੇਵਰਿਯਾ ਸਦਰ, ਸੀਵਾਨ ਜੰ:, ਛਪਰਾ, ਸੋਨਪੁਰ ਜੰ:, ਹਾਜੀਪੁਰ ਜੰ:, ਮੁਜੱਫਰਪੁਰ ਜੰ: ਅਤੇ ਸਮਸਤੀਪੁਰ ਜੰ: |
| 04454 | ਨਵੀਂ ਦਿੱਲੀ | 20:00 | ਮਾਨਸੀ | 23:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ ਜੰ:, ਟੂੰਡਲਾ ਜੰ:, ਇਟਾਵਾ, ਕਾਨਪੁਰ ਸੈਂਟਰਲ, ਉਨਾਵ ਜੰ:, ਏਸ਼ਬਾਕ, ਬਾਦਸ਼ਾਹਨਗਰ, ਬਾਰਾਬੰਕੀ ਜੰ:, ਗੋਂਡਾ ਜੰ:, ਬਸਤੀ, ਖਲੀਲਾਬਾਦ, ਗੋਰਖਪੁਰ, ਦੇਵਰੀਆ ਸਦਰ, ਸੀਵਾਨ ਜੰ:, ਛਪਰਾ, ਸੋਨਪੁਰ ਜੰ:, ਹਾਜੀਪੁਰ ਜੰ:, ਸ਼ਾਹਪੁਰ ਪਟੋਰੀ, ਬਰੌਨੀ ਜੰ:, ਬੇਗੁਸਰਾਏ ਅਤੇ ਖਗੜਿਯਾ ਜੰ: |
| 04456 | ਨਵੀਂ ਦਿੱਲੀ | 22:40 | ਧਨਬਾਦ | 02:20 | ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਆਲਮਨਗਰ, ਓਤਰੇਟੀਯਾ, ਰਾਯਬਰੇਲੀ ਜੰ:, ਅਮੇਠੀ, ਮਾਂ ਬੇਲਹਾ ਦੇਵੀ ਧਾਮ, ਪ੍ਰਤਾਪਗੜ੍ਹ, ਬਦੋਹੀ, ਵਾਰਾਣਸੀ ਜੰ:, ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹਿ ਨਾਰਾਇਣ ਰੋਡ, ਕੇਡਰਮਾ ਹਜ਼ਾਰੀ ਬਾਗ ਰੋਡ, ਪਾਰਸਨਾਥ ਅਤੇ ਗੋਮੇ |
| 04458 | ਆਨੰਦ ਵਿਹਾਰ (ਟ.) | 13:40 | ਭਾਗਲਪੁਰ | 14:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਪਟਨਾ ਜੰ:, ਪਟਨਾ ਸਾਹਿਬ, ਫਤੂਹਾ, ਖੁਸਰਪੁਰ, ਬਖਿਤਯਾਰਪੁਰ ਜੰ:, ਬਾੜ, ਮੁਕਾਮਾ ਜੰ:, ਹਾਥੀਦਾ ਜੰ:, ਬਤਹਿਆ, ਲਖੀਸਰਾਏ ਜੰ:, ਕਯੂਲ ਜੰ:, ਕਜਰਾ, ਅਭੈਪੁਰ, ਦਰਹਰਾ, ਜਮਾਲਪੁਰ ਜੰ:, ਬਰਿਯਾਰਪੁਰ ਅਤੇ ਸੁਲਤਾਨਗੰਜ |
| 04016 | ਆਨੰਦ ਵਿਹਾਰ (ਟ.) | 15:30 | ਸੀਤਾਮੜ੍ਹੀ | 15:00 | 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਲਖਨਊ, ਗੋਂਡਾ ਜੰ:, ਗੋਰਖਪੁਰ ਕਪਤਾਨਗੰਜ ਜੰ:, ਸਿਸਵਾ ਬਜ਼ਾਰ, ਬਗਹਾ, ਹਰਿਨਗਰ, ਨਰਕਟਿਯਾਗੰਜ ਜੰ:, ਸਿਕਟਾ, ਰਕਸੌਲ ਜੰ:, ਅਤੇ ਬੇਰਗਨੀਆ |
| 04452 | ਨਵੀਂ ਦਿੱਲੀ | 18:15 | ਹਾਵੜਾ ਜੰ: | 23:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ, ਜੰ:, ਟੂੰਡਲਾ ਜੰ:, ਇਟਾਵਾ, ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਜੰਘਈ ਜੰ:, ਜੰਘਈ ਜੰ:, ਵਾਰਾਣਸੀ ਜੰ:, ਦੀਨਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹਿ ਨਾਰਾਇਣ ਰੋਡ, ਗਯਾ, ਕੋਡਰਮਾ ਪਾਰਸਨਾਕ ਧਨਬਾਦ ਜੰ:, ਆਸਨਸੋਲ ਜੰ:, ਦੁਰਗਾਪੁਰ, ਵਰਧਾਮਾਨ ਅਤੇ ਬੈਂਡੇਲ ਜੰ: |
| 04094 | ਹਜ਼ਰਤ ਨਿਜ਼ਾਮੁਦੀਨ | 11:00 | ਪਟਨਾ ਜੰ: | 05:00 | ਪਹਿਲੀ ਵਾਤਾ., 2 ਟੀਯਰ ਵਾਤਾ, 3 ਟੀਯਰ ਵਾਤਾ. | ਗਾਜੀਆਬਾਦ, ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ ਅਤੇ ਦਾਨਾਪੁਰ |
| 04096 | ਆਨੰਦ ਵਿਹਾਰ (ਟ.) | 00:05 | ਪਾਟਲੀਪੁਤਰ | 21:30 | ਪਹਿਲੀ ਵਾਤਾ., 2 ਟੀਯਰ ਵਾਤਾ. 3 ਟੀਯਰ ਵਾਤਾ., 3 ਟਿਯਰ ਵਾਤਾ. ਇਕੋਨਮੀ, ਸਲੀਪਰ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ:, ਵਾਰਾਣਸੀ ਜੰ:, ਗਾਜੀਪੁਰ ਸਿਟੀ, ਫੇਫਨਾ ਜੰ:, ਬਲਿਯਾ, ਸਹਤਵਾਰ, ਬਕੁਲਹਾ, ਛਪਰਾ ਅਤੇ ਦਿਘਵਾਰਾ |
| 04098 | ਨਵੀਂ ਦਿੱਲੀ | 09:30 | ਹਸਨਪੁਰ ਰੋਡ | 12:00 | 3 ਟੀਯਰ ਵਾਤਾ., ਇਕੋਨੋਮੀ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟਰਲ, ਓਨਾਵ, ਏਸ਼ਬਾਗ, ਬਾਦਸ਼ਾਹਨਗਰ, ਬਾਰਾਬੰਕੀ, ਬੁੜਵਲ, ਗੋਂਡਾ, ਗੋਰਖਪੁਰ, ਕਪਤਾਨਗੰਜ, ਸਿਸਵਾ ਬਾਜ਼ਾਰ, ਬਗਹਾ, ਨਰਕਿਟਾਗੰਜ, ਬੇਤੀਆ, ਸਗੋਲੀ, ਬਾਪੂਧਾਮ, ਮੋਤੀਹਾਰੀ, ਮੁਜੱਫਰਪੁਰ ਅਤੇ ਸਮਸਤੀਪੁਰ ਜੰ: |
| 03698 | ਦਿੱਲੀ ਜੰ: | 08:55 | ਗਯਾ | 00:30 | 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ | ਗੋਵਿੰਦਪੁਰੀ, ਪ੍ਰਯਾਗਰਾਜ ਜੰ:, ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ ਡੇਹਰੀ ਆਨ ਸੋਨ, ਅਤੇ ਅਨੁਗ੍ਰਦਹਿ ਨਾਰਾਇਣ ਰੋਡ |
| 02310 | ਆਨੰਦ ਵਿਹਾਰ (ਟ.) | 19:30 | ਰਾਜੇਂਦਰ ਨਗਰ (ਟ.) | 10:00 | 2 ਟੀਯਰ ਵਾਤਾ., 3 ਟੀਯਰ ਵਾਤਾ., ਅਤੇ 3 ਟੀਯਰ ਵਾਤ. ਇਕਾਨੋਮੀ | ਗੋਵਿੰਦਪੁਰੀ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ, ਬਕਸਰ, ਆਰਾ, ਦਾਨਾਪੁਰ ਅਤੇ ਪਟਨਾ ਜੰ: |
| 04064 | ਦਿੱਲੀ ਜੰ: | 11:00 | ਭਾਗਲਪੁਰ | 10:30 | ਸਲੀਪਰ ਅਤੇ ਜਨਰਲ | ਅਲੀਗੜ੍ਹ ਜੰ:, ਟੂੰਡਲਾ ਜੰ:, ਗੋਵਿੰਦਪੁਰੀ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ। ਡੇਹਰੀ ਆਨ ਸੋਨ, ਅਨੁਗ੍ਰਹਿ ਐਨ ਰੋਡ, ਰਫੀਗੰਜ, ਗਯਾ ਜੰਕਸ਼ਨ, ਤਿਲੈਯਾ, ਨਵਾਦਾ, ਵਾਰਿਸ ਅਲੀਗੰਜ, ਸ਼ੇਪਖੁਰਾ, ਕਿਊਲ ਜੰਕਸ਼ਨ, ਅਭਯਪੁਰ, ਜਮਾਲਪੁਰ ਜੰਕਸ਼ਨ ਅਤੇ ਸੁਲਤਾਨਗੰਜ |
| 03436 | ਆਨੰਦ ਵਿਹਾਰ (ਟ.) | 15:45 | ਮਾਲਦਾ ਟਾਊਨ | 21:05 | 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ | ਟੂੰਡਲਾ ਜੰ:, ਗੋਵਿੰਦਪੁਰੀ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:ਠ ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹਿ ਐਨ ਰੋਡ, ਗਯਾ ਜੰਕਸ਼ਨ, ਤਿਲੈਯਾ, ਨਵਾਦਾ, ਸ਼ੇਖਪੁਰਾ, ਕਿਊਲ ਜੰਕਸ਼ਨ, ਅਭਯਪੁਰ, ਜਮਾਲਪੁਰ ਜੰਕਸ਼ਨ, ਸੁਲਤਾਨਗੰਡਜ, ਭਾਗਲਪੁਰ, ਕਹਲਗਾਂਵ, ਪੀਰਪੈਂਤੀ, ਸਹਿਬਗੰਜ ਜੰਕਸ਼ਨ, ਬਰਹਰਵਾ ਜੰਕਸ਼ਨ ਅਤੇ ਨਯੂ ਫਰਕਕਾ ਜੰਕਸ਼ਨ |
| 05576 | ਆਨੰਦ ਵਿਹਾਰ (ਟ.) | 05:15 | ਸਹਰਸਾ ਜੰ: | 10:30 | 3 ਟੀਯਰ ਵਾਤਾ. ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਸੀਤਾਪੁਰਰ ਜੰ:, ਗੋਂਡਾ ਜੰ:, ਬਸਤੀ, ਗੋਰਖਪੁਰ ਜੰ:, ਕਪਤਾਨਗੰਜ ਜੰਕਸ਼ਨ, ਬਗਹਾ, ਨਰਕਟਿਯਾਗੰਜ ਜੰਕਸ਼ਨ, ਰਕਸੌਲ ਜੰਕਸ਼ਨ, ਬੈਰਗਨਿਯਾ, ਸੀਤਾਮੜ੍ਹੀ, ਜਨਕਪੁਰ ਰੋਡ, ਸ਼ਿਸ਼ੋ, ਸਕਰੀ ਜੰਕਸ਼ਨ, ਝੰਝਾਰਪੁਰ, ਘੋਘਰਡੀਹਾ, ਨਿਰਮਲੀ, ਸਰਾਯਗੜ੍ਹ, ਸੂਪੋਲ ਅਤੇ ਗੜ੍ਹ ਬਰੂਆਰੀ |
| 03222 | ਆਨੰਦ ਵਿਹਾਰ (ਟ.) | 16:00 | ਰਾਜਗੀਰ | 16:45 | 2 ਟੀਯਰ ਵਾਤਾ., 3 ਟੀਯਰ ਵਾਤਾ., ਅਤੇ ਸਲੀਪਰ ਅਤੇ ਜਨਰਲ | ਗਾਜੀਆਬਾਦ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਲਖਨਊ ਜੰ:, ਅਯੋਧਿਆ ਧਾਮ ਜੰ:, ਵਾਰਾਣਸੀ, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ, ਆਰਾ, ਦਾਨਾਪੁਰ, ਪਟਨਾ ਜੰ:, ਪਟਨਾ ਸਾਹਿਬ, ਫਤੂਹਾ, ਬਖਿਤਯਾਰਪੁਰ ਜੰ:, ਹਰਨੌਤ, ਬੇਨਾ, ਬਿਹਾਰਸ਼ਰੀਫ, ਪਾਵਾਪੁਰ ਰੋਡ ਅਤੇ ਨਾਲੰਦਾ |

ਰੇਲ ਯਾਤਰਾ ਦੇ ਦੌਰਾਨ ਜਲਨਵਾਲੀਆਂ ਵਸਤੂਆਂ, ਜਿਵੇਂ ਪਟਾਕੇ, ਪੈਟਰੋਲ, ਗੈਸ ਸਿਲੰਡਰ, ਮਿੱਟੀ ਦਾ ਤੇਲ, ਆਦਿ ਲੈਕੇ ਕਦੇ ਸਫ਼ਰ ਨਾ ਕਰੋ ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਹੋਰ ਜਾਣਕਾਰੀ ਜਿਵੇਂ ਕਿ ਸੀਟ ਦੀ ਉਪਲਬਧਤਾ ਅਤੇ ਸਮੇਂ-ਸਾਰਣੀ ਆਦਿ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://enquiry.indianrail.gov.in ਜਾਂ NETS ਏਪ ਦੇਖੋ ।

ਉੱਤਰ ਰੇਲਵੇ

ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉਤੇ ਸਾਨੂੰ ਫਾਲੋ ਕਰੋ

## ਸੰਪਾਦਕੀ

### ਵਿਦੇਸ਼ ਜਾਣ ਦਾ ਸੁਪਨਾ

ਜਦੋਂ ਵੀ ਪੰਜਾਬ ਜਾਂ ਹਰਿਆਣਾ ਦਾ ਕੋਈ ਨੌਜਵਾਨ ਗੁਆਟੇਮਾਲਾ, ਮੈਕਸੀਕੋ ਜਾਂ ਡੇਰੀਅਨ ਗੈਪ ਦੇ ਸੰਘਣੇ ਜੰਗਲਾਂ ਵਿੱਚ ਮਰਦਾ ਹੈ ਤਾਂ ਭਾਰਤ ਦੀ ਰੂਹ ਬੇਚੈਨ ਹੋ ਜਾਂਦੀ ਹੈ- ਪਰ ਫਿਰ ਸ਼ਾਂਤ ਹੋ ਜਾਂਦੀ ਹੈ। ਇਸ ਤੋਂ ਛੇਤੀ ਬਾਅਦ 'ਡੌਂਕਰ' ਮੁੜ ਸਰਗਰਮ ਹੋ ਜਾਂਦੇ ਹਨ। ਨਾਜਾਇਜ਼ ਟਰੈਵਲ ਏਜੰਟਾਂ ਦਾ ਗੁਪਤ ਤੰਤਰ ਅਮਰੀਕਾ ਪਹੁੰਚਣ ਦੇ ਸੁਪਨੇ ਵੇਚਦਾ ਹੈ, ਜਿਸ ਦੀ ਕੀਮਤ ਅਕਸਰ ਜਾਨ ਦੇ ਕੇ ਚੁਕਾਉਣੀ ਪੈਂਦੀ ਹੈ। ਲਗਾਤਾਰ ਵਾਪਰਦੇ ਦੁਖਾਂਤਾਂ ਤੇ ਕਦੇ ਨਾ ਪਰਤੇ ਪੁੱਤਾਂ ਦੇ ਨੁਕਸਾਨ ਦੇ ਬਾਵਜੂਦ, ਇਹ ਤਸਕਰ ਬੇਖ਼ੌਫ਼ ਹੋ ਕੇ ਆਪਣਾ ਕਾਰੋਬਾਰ ਵਧਾ ਰਹੇ ਹਨ। ਗੁਆਟੇਮਾਲਾ ਵਿੱਚ ਹਾਲ ਹੀ ਵਿੱਚ ਪੰਜਾਬ ਅਤੇ ਹਰਿਆਣਾ ਦੇ ਦੋ ਨੌਜਵਾਨਾਂ ਦੀ ਮੌਤ ਕੋਈ ਨਿਰਾਲੀ ਘਟਨਾ ਨਹੀਂ, ਸਗੋਂ ਇਸ ਦੁਖਦਾਈ ਰੁਝਾਨ ਦਾ ਹੀ ਹਿੱਸਾ ਹੈ। ਪਿਛਲੇ ਤਿੰਨ ਸਾਲਾਂ ਵਿੱਚ ਦਰਜਨਾਂ ਭਾਰਤੀ ਗ਼ੈਰ-ਕਾਨੂੰਨੀ 'ਡੰਕੀ' ਰੂਟ, ਜੋ ਕਿ ਦੱਖਣੀ ਅਤੇ ਮੱਧ ਅਮਰੀਕਾ ਵਿੱਚੋਂ ਲੰਘਦਾ ਇੱਕ ਖ਼ਤਰਨਾਕ ਰਸਤਾ ਹੈ, ਰਾਹੀਂ ਅਮਰੀਕਾ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦੇ ਮਾਰੇ ਗਏ ਹਨ। ਡੇਰੀਅਨ ਗੈਪ ਦੇ ਜੰਗਲਾਂ ਵਿੱਚ ਡੁੱਬਣ ਤੋਂ ਲੈ ਕੇ ਸਰਹੱਦੀ ਬਲਾਂ ਦੀਆਂ ਗੋਲੀਆਂ ਲੱਗਣ ਤੱਕ ਉਨ੍ਹਾਂ ਦੀਆਂ ਕਹਾਣੀਆਂ ਲਾਲਚ, ਬੇਵਸੀ ਅਤੇ ਸਰਕਾਰੀ ਬੇਪਰਵਾਹੀ ਦੇ ਨਾਪਾਕ ਗੱਠਜੋੜ ਨੂੰ ਬੇਨਕਾਬ ਕਰਦੀਆਂ ਹਨ।

ਇਸ ਨੂੰ ਜੋ ਗੱਲ ਹੋਰ ਵੀ ਬਦਤਰ ਬਣਾਉਂਦੀ ਹੈ, ਉਹ ਹੈ ਇਸ ਰੈਕੇਟ ਦਾ ਬੇਸ਼ਰਮੀ ਨਾਲ ਚੱਲਦੇ ਰਹਿਣਾ। ਏਜੰਟ ਛੋਟੇ ਕਸਬਿਆਂ ਵਿੱਚ 'ਯੂ ਐੱਸ ਏ ਵਾਇਆ ਲੈਟਿਨ ਅਮੈਰਿਕਾ' ਦੇ ਪੈਕੇਜਾਂ ਦਾ ਖੁੱਲ੍ਹੇਆਮ ਪ੍ਰਚਾਰ ਕਰਦੇ ਹਨ, ਜਿਸ ਵਿੱਚ ਕਿਸ਼ਤਾਂ 'ਚ ਅਦਾਇਗੀ ਦੀਆਂ ਸਕੀਮਾਂ ਅਤੇ ਫਰਜ਼ੀ ਵਰਕ ਵੀਜ਼ੇ ਬਾਰੇ ਦੱਸਿਆ ਜਾਂਦਾ ਹੈ। ਐੱਫ.ਆਈ.ਆਰਜ਼ ਦਰਜ ਹੋ ਜਾਂਦੀਆਂ ਹਨ, ਛਾਪੇ ਮਾਰੇ ਜਾਂਦੇ ਹਨ, ਪਰ ਮੁੱਖ ਸਰਗਨਾ ਅੜਿੱਕੇ ਨਹੀਂ ਆਉਂਦਾ। ਸਥਾਨਕ ਪੁਲੀਸ 'ਅਧਿਕਾਰ ਖੇਤਰ ਦੀਆਂ ਸੀਮਾਵਾਂ' ਦਾ ਹਵਾਲਾ ਦਿੰਦੀ ਹੈ, ਜਦੋਂਕਿ ਵਿਦੇਸ਼ ਮੰਤਰਾਲਾ ਰਸਮੀ ਤੌਰ 'ਤੇ 'ਚਿੰਤਾਵਾਂ' ਪ੍ਰਗਟ ਕਰਦਾ ਹੈ। ਇਸ ਦੌਰਾਨ, ਬੇਵੱਸ ਪਰਿਵਾਰ ਇਨ੍ਹਾਂ ਲੁਟੇਰਿਆਂ ਨੂੰ ਭੁਗਤਾਨ ਕਰਦਿਆਂ ਕਰਜ਼ਾਈ ਹੋ ਜਾਂਦੇ ਹਨ ਤੇ ਪੁੱਤਾਂ ਦੀਆਂ ਲਾਸ਼ਾਂ ਸੀਲਬੰਦ ਤਾਬੂਤਾਂ ਵਿੱਚ ਪਰਤਣ ਵਰਗੀ ਸਥਿਤੀ ਦਾ ਖ਼ਤਰਾ ਮੁੱਲ ਲੈਂਦੇ ਹਨ।

ਮਨੁੱਖੀ ਦੁਰਦਸ਼ਾ ਦਾ ਇਹ ਵਪਾਰ ਇਸ ਲਈ ਵੀ ਚੱਲ ਰਿਹਾ ਹੈ ਕਿਉਂਕਿ ਇਸ ਨਾਲ ਸੰਬੰਧਿਤ ਕਾਨੂੰਨ ਕਮਜ਼ੋਰ ਹਨ ਅਤੇ ਸਜ਼ਾ ਘੱਟ ਹੀ ਮਿਲਦੀ ਹੈ। ਸਰਕਾਰਾਂ ਸਖ਼ਤ ਕਾਰਵਾਈ ਅਤੇ ਜਾਗਰੂਕਤਾ ਮੁਹਿੰਮਾਂ ਦਾ ਵਾਅਦਾ ਕਰਦੀਆਂ ਹਨ, ਪਰ ਤਸਕਰੀ ਅਤੇ ਧੋਖਾਧੜੀ ਦੇ ਮਾਮਲਿਆਂ ਵਿੱਚ ਦੋਸ਼ੀ ਠਹਿਰਾਏ ਜਾਣ ਦੀ ਦਰ ਨਾਂਮਾਤਰ ਰਹਿੰਦੀ ਹੈ। ਜਦੋਂ ਤੱਕ ਭਾਰਤ ਮਨੁੱਖੀ ਤਸਕਰੀ ਨੂੰ ਸੰਗਠਿਤ ਅਪਰਾਧ ਨਹੀਂ ਮੰਨਦਾ, ਇਹ ਰੁਝਾਨ ਜਾਰੀ ਰਹੇਗਾ। ਕਾਨੂੰਨੀ ਸਖ਼ਤੀ ਤੋਂ ਇਲਾਵਾ ਉਮੀਦ ਨੂੰ ਵੀ ਦੁਬਾਰਾ ਕਾਇਮ ਕਰਨ ਦੀ ਲੋੜ ਹੈ। ਪੰਜਾਬ ਅਤੇ ਹਰਿਆਣਾ ਨੂੰ ਹੁਨਰ ਪ੍ਰੋਗਰਾਮਾਂ, ਪੇਂਡੂ ਨੌਕਰੀਆਂ ਅਤੇ ਭਰੋਸੇਯੋਗ ਵਿਦੇਸ਼ੀ ਰੁਜ਼ਗਾਰ ਮਾਧਿਅਮਾਂ ਦੀ ਜ਼ਰੂਰਤ ਹੈ। ਵਿਦੇਸ਼ ਜਾਣ ਦਾ ਸੁਪਨਾ ਜਵਾਨ ਜ਼ਿੰਦਗੀਆਂ ਤਬਾਹ ਕਰ ਕੇ ਸਾਕਾਰ ਨਹੀਂ ਕੀਤਾ ਜਾ ਸਕਦਾ।

### ਪੰਜਾਬ ਵਿੱਚ ਖਲਲ

ਇਸ ਤੋਂ ਵੱਡਾ ਵਿਅੰਗ ਹੋਰ ਕੀ ਹੋ ਸਕਦਾ ਸੀ। 2 ਨਵੰਬਰ, ਜਿਸ ਦਿਨ ਨੂੰ ਪੱਤਰਕਾਰਾਂ ਵਿਰੁੱਧ ਅਪਰਾਧਾਂ ਦੇ ਮਾਮਲਿਆਂ ਵਿੱਚ ਕਸੂਰਵਾਰਾਂ ਦਾ ਬਚਾਉ ਖ਼ਤਮ ਕਰਨ ਦੇ ਕੌਮਾਂਤਰੀ ਦਿਵਸ ਵਜੋਂ ਮਨਾਇਆ ਜਾਂਦਾ ਹੈ, ਉਸੇ ਦਿਨ ਪੰਜਾਬ ਭਰ ਵਿੱਚ ਅਖ਼ਬਾਰਾਂ ਦੀ ਘਰ-ਘਰ ਹੋਣ ਵਾਲੀ ਸਪਲਾਈ ਵਿੱਚ ਵਿਘਨ ਪਿਆ। ਜਦੋਂਕਿ ਸੰਯੁਕਤ ਰਾਸ਼ਟਰ ਵੱਲੋਂ ਮਿੱਥੇ ਗਏ ਇਸ ਦਿਨ ਨੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਜਾਣਕਾਰੀ ਤੱਕ ਇਕਸਾਰ ਪਹੁੰਚ ਲਈ ਉਪਜੇ ਖ਼ਤਰਿਆਂ 'ਤੇ ਰੌਸ਼ਨੀ ਪਾਈ, ਉਸੇ ਸਮੇਂ ਐਤਵਾਰ ਨੂੰ ਤੜਕੇ ਪੰਜਾਬ ਪੁਲੀਸ ਨੇ ਅਖ਼ਬਾਰ ਲੈ ਕੇ ਜਾ ਰਹੇ ਵਾਹਨਾਂ ਨੂੰ ਰੋਕਿਆ ਅਤੇ ਜਾਂਚ ਕੀਤੀ। ਲੱਖਾਂ ਪਾਠਕ ਆਪਣੀਆਂ ਮਨਪਸੰਦ ਅਖ਼ਬਾਰਾਂ ਦਾ ਬੇਚੈਨੀ ਨਾਲ ਇੰਤਜ਼ਾਰ ਕਰਦੇ ਰਹੇ- ਜੋ ਕਿ ਚਾਹ ਜਾਂ ਕੌਫੀ ਦੇ ਇੱਕ ਗਰਮ ਕੱਪ ਦੇ ਨਾਲ ਉਨ੍ਹਾਂ ਦੀ ਸਵੇਰ ਦੀ ਰੁਟੀਨ ਦਾ ਅਹਿਮ ਹਿੱਸਾ ਹੈ। ਕੁਝ ਮਾਮਲਿਆਂ ਵਿੱਚ, ਇਹ ਇੰਤਜ਼ਾਰ ਵਿਅਰਥ ਸਾਬਤ ਹੋਇਆ ਕਿਉਂਕਿ ਅਖ਼ਬਾਰ ਮੰਜ਼ਿਲ ਉੱਤੇ ਪਹੁੰਚ ਹੀ ਨਹੀਂ ਸਕੇ।

ਪੁਲੀਸ ਨੇ ਦਾਅਵਾ ਕੀਤਾ ਕਿ ਇਹ ਜਾਂਚਾਂ ਖ਼ੁਫ਼ੀਆ ਜਾਣਕਾਰੀ 'ਤੇ ਆਧਾਰਿਤ ਸਨ ਕਿ ਇਨ੍ਹਾਂ ਵਾਹਨਾਂ ਦੀ ਵਰਤੋਂ ਨਸ਼ੇ, ਹਥਿਆਰਾਂ ਅਤੇ ਗੋਲਾ ਬਾਰੂਦ ਦੀ ਤਸਕਰੀ ਲਈ ਕੀਤੀ ਜਾ ਸਕਦੀ ਹੈ। ਹਾਲਾਂਕਿ, ਸ਼ਰਮਨਾਕ ਰੂਪ ਵਿੱਚ ਪੁਲੀਸ ਦੇ ਹੱਥ ਕੁਝ ਨਹੀਂ ਲੱਗਾ, ਜਿਸ ਨੇ ਸੂਚਨਾ ਦੀ ਸੱਚਾਈ ਅਤੇ ਸਮੁੱਚੀ ਕਾਰਵਾਈ ਦੇ ਉਦੇਸ਼ ਬਾਰੇ ਸ਼ੱਕ ਪੈਦਾ ਕੀਤਾ। ਹੈਰਾਨੀ ਦੀ ਗੱਲ ਨਹੀਂ ਕਿ ਵਿਰੋਧੀ ਪਾਰਟੀਆਂ ਨੇ ਸੱਤਾਧਾਰੀ 'ਆਪ' ਉੱਤੇ 'ਪ੍ਰੈੱਸ' ਦੀ ਆਜ਼ਾਦੀ 'ਤੇ ਡਰਾਉਣਾ ਹਮਲਾ' ਕਰਨ ਅਤੇ 'ਗ਼ੈਰ-ਐਲਾਨੀ ਐਮਰਜੈਂਸੀ' ਲਾਗੂ ਕਰਨ ਦਾ ਦੋਸ਼ ਲਗਾਉਂਦੇ ਹੋਏ ਇਸ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ ਹੈ। ਭਗਵੰਤ ਮਾਨ ਸਰਕਾਰ 'ਤੇ ਲੱਗ ਰਿਹਾ ਇਹ ਦੋਸ਼ ਬਹੁਤ ਗੰਭੀਰ ਹੈ ਕਿ ਸਰਕਾਰ ਨੂੰ ਪ੍ਰੇਸ਼ਾਨੀ ਵਿੱਚ ਪਾਉਣ ਵਾਲੀਆਂ ਖ਼ਬਰਾਂ ਨੂੰ ਜਨਤਾ ਤੱਕ ਪਹੁੰਚਾਉਣ ਤੋਂ ਰੋਕਣ ਲਈ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰ ਰਹੀ ਹੈ। ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਇਹ ਸੱਚ ਹੈ ਕਿ ਪੰਜਾਬ, ਜਿਸ ਦੀ ਪਾਕਿਸਤਾਨ ਨਾਲ ਲੱਗਦੀ ਸਰਹੱਦ ਹੈ, ਆਪਣੀ ਸੁਰੱਖਿਆ ਨੂੰ ਹਲਕੇ ਵਿੱਚ ਨਹੀਂ ਲੈ ਸਕਦਾ। ਹਾਲਾਂਕਿ, ਸੂਬਾ ਸਰਕਾਰ ਨੂੰ ਸਾਵਧਾਨੀ ਅਤੇ ਪਾਰਦਰਸ਼ਤਾ ਵਿਚਕਾਰ ਤਾਲਮੇਲ ਬਣਾਉਣਾ ਚਾਹੀਦਾ ਹੈ। ਐਤਵਾਰ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਮੀਡੀਆ ਅਦਾਰਿਆਂ ਅਤੇ ਅਖ਼ਬਾਰ ਸਪਲਾਇਰਾਂ ਸਮੇਤ ਵੱਖ-ਵੱਖ ਹਿੱਸੇਦਾਰਾਂ ਨੂੰ ਭਰੋਸੇ ਵਿੱਚ ਲਿਆ ਜਾਣਾ ਚਾਹੀਦਾ ਸੀ। ਇਸ ਨਾਲ ਵਿਘਨ ਅਤੇ ਉਲਝਣ ਦੋਵਾਂ ਤੋਂ ਬਚਿਆ ਜਾ ਸਕਦਾ ਸੀ। ਮੀਡੀਆ ਦੀ ਆਜ਼ਾਦੀ ਲੋਕਤੰਤਰ ਦੀ ਬੁਨਿਆਦ ਹੈ, ਸਭ ਤੋਂ ਔਖੇ ਸਮਿਆਂ ਵਿੱਚ ਵੀ ਇਹ ਬਰਕਰਾਰ ਰਹਿਣੀ ਚਾਹੀਦੀ ਹੈ। ਸਰਕਾਰ ਅਤੇ ਪੁਲੀਸ ਨੂੰ ਅਤਿਵਾਦ ਦੇ ਦਿਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ, ਜਦੋਂ ਪੁਲੀਸ ਕਰਮੀ ਸਾਈਕਲ 'ਤੇ ਅਖ਼ਬਾਰ ਵੰਡਣ ਵਾਲੇ ਏਜੰਟਾਂ ਨੂੰ ਸਵੇਰ ਦੇ ਗੇੜੇ 'ਤੇ ਐਸਕਾਰਟ ਕਰਦੇ ਹੁੰਦੇ ਸਨ- ਉਨ੍ਹਾਂ ਦੀ ਸੁਰੱਖਿਆ ਦੇ ਨਾਲ-ਨਾਲ ਅਖ਼ਬਾਰਾਂ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਲਈ।

# ਵੰਦੇ ਮਾਤਰਮ: ਇੱਕ ਗੀਤ, ਇੱਕ ਆਤਮਾ, ਇੱਕ ਭਾਰਤ



ਡਾ. ਸਚਿਦਾਨੰਦ ਜੋਸ਼ੀ

ਵੰਦੇ ਮਾਤਰਮ
ਸੁਜਲਾਂ ਸੁਫਲਾਂ ਮਲਯਜਸ਼ੀਤਲਾਮ
ਸ਼ਸਯਸ਼ਯਾਮਲਾਂ ਮਾਤਰਮ ॥ਵੰਦੇ ਮਾਤਰਮ॥
ਸ਼ੁਭ੍ਰਜਯੋਤਸਨਾਂ ਪੁਲਕਿਤਯਾਮਿਨੀਮ
ਫੁੱਲਕੁਸੁਮਿਤ ਦ੍ਰੁਮਦਲਸ਼ੋਭਿਨੀਮ
ਸੁਹਾਸਿਨੀਂ ਸੁਮਧੁਰ ਭਾਸ਼ਿਣੀਮ
ਸੁਖਦਾਂ ਵਰਦਾਂ ਮਾਤਰਮ ॥ ਵੰਦੇ ਮਾਤਰਮ ॥

ਕੋਟਿਕੋਟਿ-ਕੰਠ-ਕਲਕਲ-ਨਿਨਾਦ-ਕਰਾਲੇ,
ਕੋਟਿ-ਕੋਟਿ-ਭੁਜੈਰਧ੍ਰਿਤ ਖਰਕਰਵਾਲੇ
ਕੇ ਬੋਲੇ ਮਾ ਤੁਮਿ ਅਬਲੇ!
ਬਹੁਬਲਧਾਰਿਣੀਂ ਨਮਾਮਿ ਤਾਰਿਣੀਂ
ਰਿਪੁਦਲਵਾਰਿਣੀਂ ਮਾਤਰਾਮ ॥ ਵੰਦੇ ਮਾਤਰਮ ॥

20 ਨੰਵਬਰ 1909 ਨੂੰ ਕਰਮਯੋਗੀਨ ਵਿੱਚ ਇਸ ਅਨੁਵਾਦ ਦੇ ਪ੍ਰਕਾਸ਼ਿਤ ਹੋਣ ਤੋਂ ਲਗਭਗ 20 ਵਰ੍ਹੇ ਪਹਿਲਾਂ, 'ਵੰਦੇ ਮਾਤਰਮ' ਗੀਤ ਭਾਰਤੀ ਏਕਤਾ ਦੀ ਆਤਮਾ ਵਿੱਚ ਰੱਚ-ਬਸ ਚੁੱਕਿਆ ਸੀ। ਰੈਲੀਆਂ ਅਤੇ ਘਰਾਂ ਵਿੱਚ ਗੁਣਗੁਣਾਏ ਜਾਣ ਵਾਲੇ ਇਸ ਗੀਤ ਨੇ ਲੱਖਾਂ ਲੋਕਾਂ ਦੇ ਦਿਲਾਂ ਨੂੰ ਰਾਜਾਂ ਅਤੇ ਪੰਥਾਂ ਤੋਂ ਉੱਪਰ ਉੱਠਣ ਦਾ ਸੱਦਾ ਕੀਤਾ। ਬੰਕਿਮਚੰਦ੍ਰ ਚੈਟਰਜੀ ਦੇ ਸ਼ਬਦਾਂ ਨੇ ਪੂਰੇ ਦੇਸ਼ ਨੂੰ ਇਕੱਠੇ ਸੁਪਨੇ ਦੇਖਣ ਲਈ ਪ੍ਰੇਰਿਤ ਕੀਤਾ, ਅਤੇ ਅਰਬਿੰਦੋ ਦੇ ਅੰਗ੍ਰੇਜ਼ੀ ਅਨੁਵਾਦ ਨੇ ਇਸ ਨੂੰ ਨਵੀਆਂ ਪੀੜ੍ਹੀਆਂ ਅਤੇ ਪੂਰੇ ਵਿਸ਼ਵ ਤੱਕ ਪਹੁੰਚਾਇਆ, ਤਾਂ ਜੋਂ ਉਹ ਭਾਰਤ ਦੀ ਆਜ਼ਾਦੀ ਦੀ ਪੁਕਾਰ ਸੁਣ ਸੱਕਣ। ਕਰਮਯੋਗੀਨ ਵਿੱਚ ਇਸ ਕਵਿਤਾ ਦਾ ਪ੍ਰਕਾਸ਼ਨ ਸਿਰਫ ਇੱਕ ਗੀਤ ਦਾ ਅਨੁਵਾਦ ਨਹੀਂ ਸੀ- ਇਹ ਇੱਕ ਅੰਦੋਲਨ ਦਾ ਰੂਪ ਬਣ ਗਿਆ, ਜਿਸ ਨੇ ਪਿਛਲੇ ਦੋ ਦਹਾਕਿਆਂ ਤੋਂ ਭਾਰਤ ਨੂੰ ਹਰ ਤਰ੍ਹਾਂ ਦੇ ਭੇਦਭਾਵ ਤੋਂ ਉੱਪਰ ਉੱਠ ਕੇ ਇੱਕ ਧਾਗੇ ਵਿੱਚ ਬੰਨਣ ਦੀ ਸ਼ਕਤੀ ਦਿੱਤੀ।

ਲੋਕਾਂ ਨੇ ਪਹਿਲੀ ਵਾਰ 'ਵੰਦੇ ਮਾਤਰਮ' ਨੂੰ 1896 ਵਿੱਚ ਇੱਕ ਭਜਨ ਦੀ ਤਰ੍ਹਾਂ ਸੁਣਿਆ, ਜਦੋਂ ਰਬਿੰਦਰਨਾਥ ਠਾਕੁਰ ਨੇ ਇਸ ਨੂੰ ਭਾਰਤੀ ਰਾਸ਼ਟਰੀ ਕਾਂਗਰਸ ਦੇ ਕੋਲਕਾਤਾ ਸੈਸ਼ਨ ਵਿੱਚ ਗਾਇਆ। ਉਸ ਸ਼ਾਮ, ਦਰਸ਼ਕ ਮੰਤਰਮੁਗਧ ਹੋ ਗਏ। ਗੀਤ ਵਿੱਚ ਵਿਰੋਧ ਦੇ ਨਹੀਂ, ਭਗਤੀ ਦੇ ਸੁਰ ਸਨ। 10 ਵਰ੍ਹਿਆਂ ਬਾਅਦ 1905 ਵਿੱਚ, ਜਦੋਂ ਬੰਗਾਲ ਦੀ ਵੰਡ ਹੋਈ ਅਤੇ ਉੱਥੇ ਅਸੰਤੋਸ਼ ਫੈਲਿਆ, ਤਦ ਰਬਿੰਦਰਨਾਥ ਠਾਕੁਰ ਦੇ ਭਤੀਜੇ ਅਬਨਿੰਦਰਨਾਥ ਠਾਕੁਰ ਨੇ ਭਾਰਤ ਮਾਤਾ ਦੀ ਤਸਵੀਰ ਬਣਾਈ- ਭਗਵਾ ਕੱਪੜਿਆਂ ਵਿੱਚ ਇੱਕ ਮਹਿਲਾ, ਜਿਸ ਦੇ ਹੱਥ ਵਿੱਚ ਅਨਾਜ ਦਾ ਗੁੱਛਾ, ਇੱਕ ਪੁਸਤਕ ਅਤੇ ਇੱਕ ਮਾਲਾ ਸੀ। ਇਹ ਚਿੱਤਰ ਬੰਕਿਮਚੰਦ੍ਰ ਦੇ 'ਵੰਦੇ ਮਾਤਰਮ' ਦੀ ਭਾਵਨਾ ਦਾ ਜੀਵੰਤ ਰੂਪ ਬਣ ਗਿਆ ਹੈ। ਇਹ ਗੀਤ ਸਿਰਫ ਕਿਸੇ ਕਵੀ ਦੀ ਕਲਪਨਾ ਨਹੀਂ ਸੀ। ਇਹ ਉਸ ਆਤਮਾ ਦੀ ਪੀੜ੍ਹਾ ਭਰੀ ਆਵਾਜ਼ ਸੀ, ਜੋ ਵਰ੍ਹਿਆਂ ਤੋਂ ਮਾਤ੍ਰਭੂਮੀ ਦੀ ਰੱਖਿਆ ਅਤੇ ਬਚਾਅ ਲਈ ਜੂਝ ਰਿਹਾ ਸੀ। ਜਦੋਂ ਬ੍ਰਿਟਿਸ਼ ਹਕੂਮਤ ਲੋਕਾਂ ਤੋਂ 'ਲੌਂਗ ਲਿਵ ਦ ਕਵਿਨ' ਕਹਿ ਰਹੀ ਸੀ। ਤਦ ਬੰਕਿਮਚੰਦ੍ਰ ਚੈਟਰਜੀ ਨੇ ਇੱਕ ਹੀ ਰਾਤ ਵਿੱਚ ਇਹ ਗੀਤ ਲਿਖਿਆ। ਇਹ ਗੀਤ ਸਦੀਆਂ ਦੇ ਦੁੱਖ ਅਤੇ ਅਪਮਾਨ ਦਾ ਕਾਵਿ ਰਚਨਾ ਰਾਹੀ ਜਵਾਬ ਸੀ- ਇੱਕ ਗੂੰਜਦੀ ਪੁਕਾਰ, ਜਿਸ ਨੇ ਉਸ ਸੋਏ ਹੋਏ ਰਾਸ਼ਟਰ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ ਜੋ ਲੰਬੇ ਸਮੇਂ ਤੋਂ ਪੀੜ੍ਹਾ ਵਿੱਚ ਸੁੰਨ ਹੋ ਗਿਆ ਸੀ। ਕਾਂਗਰਸ ਦੇ ਸੈਸ਼ਨ ਤੋਂ ਲੈ ਕੇ ਲਾਹੌਰ ਦੀ ਫਾਂਸੀ ਤੱਕ, ਵੰਦੇ ਮਾਤਰਮ ਬਗਾਵਤ ਦਾ ਸਾਹ ਬਣ ਗਿਆ। ਭਗਤ ਸਿੰਘ, ਚੰਦਰਸ਼ੇਖਰ ਆਜ਼ਾਦ, ਬਟੁਕੇਸ਼ਵਰ ਦੱਤ, ਅਤੇ ਹੋਰ ਕ੍ਰਾਂਤੀਕਾਰੀਆਂ ਨੇ ਇਸ ਨੂੰ ਮੌਤ ਦਾ ਸਾਹਮਣਾ ਕਰਦੇ ਹੋਏ ਜ਼ੋਰ ਨਾਲ ਪੁਕਾਰਿਆ। ਸੁਭਾਸ਼ ਚੰਦਰ ਬੋਸ ਨੇ ਇਸ ਨੂੰ ਆਜ਼ਾਦ ਹਿੰਦ ਫੌਜ ਦੀ ਮਾਰਚਿੰਗ ਧੁਨ ਬਣਾਇਆ। ਇਹ ਗੀਤ ਸਭਾਵਾਂ ਵਿੱਚ ਗੂੰਜਦਾ ਸੀ ਅਤੇ ਜੇਲ੍ਹਾਂ ਦੀਆਂ ਦੀਵਾਰਾਂ ਵਿੱਚ ਧੀਮੇ ਸੁਰ ਵਿੱਚ ਫੁਸਫੁਸਾਇਆ ਜਾਂਦਾ ਸੀ। ਇਸ ਨੇ ਸੰਤ ਅਤੇ ਸੈਨਿਕ, ਵਿਦਵਾਨ ਅਤੇ ਕਿਸਾਨ, ਹਿੰਦੂ ਅਤੇ ਮੁਸਲਮਾਨ- ਸਾਰੀਆਂ ਨੂੰ ਇੱਕ ਧਾਗੇ ਵਿੱਚ ਬੰਨ ਦਿੱਤਾ। ਇਹ ਗੀਤ ਇਕੱਠੇ ਪ੍ਰਾਰਥਨਾ ਵੀ ਸੀ ਅਤੇ ਵਿਰੋਧ ਦੀ ਪੁਕਾਰ ਵੀ।

'ਵੰਦੇ ਮਾਤਰਮ' ਦਾ ਪਹਿਲਾ ਅੰਗ੍ਰੇਜ਼ੀ ਅਨੁਵਾਦ ਸ਼੍ਰੀ ਅਰਬਿੰਦੋ ਨੇ ਨਹੀਂ ਕੀਤਾ ਸੀ। ਕਈ ਭਾਰਤੀ ਅਤੇ ਅੰਗ੍ਰੇਜ਼ੀ ਵਿਦਵਾਨਾਂ ਨੇ ਇਸ ਗੀਤ ਦਾ ਅੰਗ੍ਰੇਜ਼ੀ ਵਿੱਚ ਅਨੁਵਾਦ ਕੀਤਾ। ਇਸ ਨੂੰ ਉਰਦੂ ਸਮੇਤ ਕਈ ਭਾਰਤੀ ਭਾਸ਼ਾਵਾਂ ਵਿੱਚ ਵੀ ਅਨੁਵਾਦ ਕੀਤਾ ਗਿਆ ਸੀ। ਡਬਲਿਊ.ਐੱਚ. ਲੀ, ਜੋ ਬ੍ਰਿਟਿਸ਼ ਸ਼ਾਸਨ ਦੌਰਾਨ ਭਾਰਤੀ ਸਿਵਿਲ ਸੇਵਾ ਵਿੱਚ ਸਨ, ਉਨ੍ਹਾਂ ਨੇ 1906 ਵਿੱਚ ਇਸ ਦਾ ਅੰਗ੍ਰੇਜ਼ੀ ਅਨੁਵਾਦ ਕੀਤਾ। ਜਦੋਂ ÷ਵੰਦੇ ਮਾਤਰਮ÷ ਸ਼ਬਦ ਬੋਲਣ 'ਤੇ ਵੀ ਪਾਬੰਦੀ ਲਾ ਦਿੱਤੀ ਗਈ ਸੀ, ਤਾਂ ਇਸ ਦਾ ਗੁੰਮਨਾਮ ਰੂਪ ਵਿੱਚ ਅਨੁਵਾਦ ਕੀਤਾ ਗਿਆ। ਹਾਲਾਂਕਿ, ਅਰਬਿੰਦੋ ਘੋਸ਼ ਦੁਆਰਾ ਕੀਤਾ ਗਿਆ ਅੰਗ੍ਰੇਜ਼ੀ ਅਨੁਵਾਦ ਸਭ ਤੋਂ ਪ੍ਰਸਿੱਧ ਹੈ, ਜਿਸ ਨੂੰ ਮੂਲ ਬਾਂਗਲਾ ਗੀਤ ਦੇ ਨਾਲ ਪ੍ਰਕਾਸ਼ਿਤ ਕੀਤਾ ਗਿਆ ਸੀ। ਕੋਈ ਹੋਰ ਗੀਤ ਅਜਿਹਾ ਨਹੀਂ ਹੈ ਜੋ ਪੀੜ੍ਹੀਆਂ ਅਤੇ ਸੀਮਾਵਾਂ ਨੂੰ ਲੰਘਦੇ ਹੋਏ, ਭਾਰਤ ਦੇ ਹਰ ਰੰਗ ਅਤੇ ਵਰਗ ਤੱਕ ਪਹੁੰਚਦਾ ਹੋਵੇ ਅਤੇ ਫਿਰ ਵੀ ਭਾਰਤੀ ਹੋਣ ਦੀ ਪਹਿਚਾਣ ਦੇ ਕੇਂਦਰ ਵਿੱਚ ਬਣਾ ਰਿਹਾ ਹੋਵੇ। ਗੁਲਾਮੀ ਅਤੇ ਦੁੱਖ, ਸੁਧਾਰ ਅਤੇ ਕ੍ਰਾਂਤੀ, ਹਰ ਦੌਰ ਵਿੱਚ 'ਵੰਦੇ ਮਾਤਰਮ' ਟਿਕਿਆ ਰਿਹਾ, ਸਿਰਫ ਗੁੱਸੇ ਦੇ ਨਾਅਰੇ ਦੇ ਰੂਪ ਵਿੱਚ ਨਹੀਂ, ਸਗੋਂ ਪ੍ਰੇਮ ਦੇ ਅਭਿਵਾਦਨ ਵਜੋਂ।

ਇਸ ਗੀਤ ਦੀ ਸਥਿਰਤਾ ਨੂੰ ਸਮਝਣ ਲਈ ਸਾਨੂੰ ਇਸ ਦੇ ਮੂਲ ਤੱਕ ਵਾਪਸ ਆਉਣਾ ਹੋਵੇਗਾ। ਬੰਗਾਲ ਦੇ ਇੱਕ ਸਧਾਰਣ ਘਰ ਵਿੱਚ, ਇੱਕ ਚਮਕਦਾਰ ਦਿਨ ਤੱਕ, ਜਿਸ ਨੇ ਭਾਰਤ ਦੀ ਕਿਸਮਤ ਬਦਲ ਦਿੱਤੀ। ਬੰਕਿਮਚੰਦ੍ਰ ਚੈਟਰਜੀ (1838-1894), ਜੋ ਕੋਲਕਾਤਾ ਯੂਨੀਵਰਸਿਟੀ ਦੇ ਸ਼ੁਰੂਆਤੀ ਗ੍ਰੈਜੂਏਟਾਂ ਵਿੱਚੋਂ ਇੱਕ ਸਨ, ਨੇ ਸਰਕਾਰੀ ਸੇਵਾ ਵਿੱਚ ਪ੍ਰਵੇਸ਼ ਕੀਤਾ ਅਤੇ ਡਿਪਟੀ ਮੈਜਿਸਟ੍ਰੇਟ ਅਤੇ ਡਿਪਟੀ ਕਲੈਕਟਰ ਬਣੇ। ਆਪਣੇ ਕੰਮ ਦੌਰਾਨ ਉਨ੍ਹਾਂ ਨੂੰ ਬ੍ਰਿਟਿਸ਼ ਪੁਰਾਲੇਖਾਂ ਅਤੇ ਗਜ਼ਟਾਂ ਤੱਕ ਪਹੁੰਚ ਮਿਲੀ- ਜਿਨ੍ਹਾਂ ਵਿੱਚੋਂ ਇੱਕ ਭੁੱਲੀ ਹੋਈ ਗਾਥਾ ਦਰਜ ਸੀ: ਸੰਨਿਆਸੀ ਬਗਾਵਤ (1763-1780), ਜਦੋਂ ਸਾਧੂ-ਸੰਨਿਆਸੀ ਢਾਕਾ ਅਤੇ ਉੱਤਰ ਬੰਗਾਲ ਵਿੱਚ ਅੰਗ੍ਰੇਜ਼ੀ ਅਤਿਆਚਾਰ ਖਿਲਾਫ ਉੱਠ ਖੜੇ ਹੋਏ ਸਨ। ਤਿਆਗ ਤੋਂ ਪ੍ਰਤੀਰੋਧ ਵਿੱਚ ਬਦਲਣ ਵਾਲੀ ਇਹ ਕਹਾਣੀ ਹੀ ਬਾਅਦ ਵਿੱਚ ਬੰਕਿਮ ਬਾਬੂ ਦੇ ਪ੍ਰਸਿੱਧ ਨਾਵਲ ਆਨੰਦਮਠ ਦੀ ਪ੍ਰੇਰਣਾ ਬਣੀ। ਪਰ ਨਾਵਲ ਤੋਂ ਪਹਿਲਾਂ ਗੀਤ ਦਾ ਜਨਮ ਹੋਇਆ- 'ਵੰਦੇ ਮਾਤਰਮ'। 1870 ਦੇ ਦਹਾਕੇ ਤੱਕ ਆਉਂਦੇ-ਆਉਂਦੇ, ਬ੍ਰਿਟਿਸ਼ ਸਾਮਰਾਜ ਨੇ ਆਪਣੀ ਵਫ਼ਾਦਾਰੀ ਦਿਖਾਉਣ ਦੇ ਨਿਯਮ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਸੀ। ਸਰਕਾਰੀ ਪ੍ਰੋਗਰਾਮਾਂ ਅਤੇ ਸਕੂਲਾਂ ਵਿੱਚ ਭਾਰਤੀਆਂ ਨੂੰ 'ਗਾਡ ਸੇਵ ਦ ਕਵਿਨ' ਗੀਤ ਦੇ ਲਈ ਖੜ੍ਹਾ ਹੋਣਾ ਪੈਂਦਾ ਸੀ। ਬੰਕਿਮਚੰਦ੍ਰ ਲਈ ਇਹ ਸਿਰਫ ਰਾਜਨੀਤਕ ਦਬਾਅ ਨਹੀਂ ਸੀ। ਇਹ ਅਧਿਆਤਮਿਕ ਗੁਲਾਮੀ ਸੀ। ਇੱਕ ਸ਼ਾਨਦਾਰ ਸੱਭਿਅਤਾ ਨੂੰ ਸਿਖਾਇਆ ਜਾ ਰਿਹਾ ਸੀ ਕਿ ਉਹ ਵਿਦੇਸ਼ੀ ਸ਼ਾਸਕ ਦੇ ਅੱਗੇ ਸਿੱਰ ਝੁਕਾਉਣ।

ਇਹ ਹੀ ਉਹ ਸ਼ਾਂਤ ਬਗਾਵਤ ਦਾ ਪਲ ਸੀ ਜਦੋਂ ਐਤਵਾਰ, 7 ਨਵਬੰਰ 1875 ਅਕਸ਼ੈ ਨੌਮੀ ਦੇ ਦਿਨ, ਕੋਲਕਾਤਾ ਦੇ ਕੋਲ ਆਪਣੇ ਘਰ ਵਿੱਚ, ਬੰਕਿਮਚੰਦ੍ਰ ਚੈਟਰਜੀ ਨੇ ਕਲਮ ਚੁੱਕੀ। ਉਸ ਸਮੇਂ ਉਹ ਇੱਕ ਅਲੌਕਿਕ ਭਾਵਨਾ ਵਿੱਚ ਸਨ ਅਤੇ ਉਸੇ ਇੱਕ ਮੀਟਿੰਗ ਵਿੱਚ ਉਨ੍ਹਾਂ ਨੇ 'ਵੰਦੇ ਮਾਤਰਮ' ਲਿਖ ਦਿੱਤਾ, ਜਿਵੇਂ ਇਹ ਗੀਤ ਉਨ੍ਹਾਂ ਨੇ ਲਿਖਿਆ ਨਹੀਂ, ਸਗੋਂ ਉੱਪਰ ਤੋਂ ਉਨ੍ਹਾਂ ਦੇ ਅੰਦਰ ਉੱਤਰ ਆਇਆ ਹੋਵੇ। ਜਦੋਂ ਬਾਕੀ ਲੋਕ ਰਾਣੀ ਦੇ ਲਈ ਗਾਉਂਦੇ ਸਨ, ਤਦ ਬੰਕਿਮਚੰਦ੍ਰ ਨੇ ਮਾਤ੍ਰਭੂਮੀ ਲਈ ਗਾਇਆ। ਉਨ੍ਹਾਂ ਨੇ ਸਾਮਰਾਜ ਦੇ ਆਦੇਸ਼ ਦਾ ਜਵਾਬ ਆਤਮ-ਸਮਰਪਣ ਨਾਲ ਨਹੀਂ, ਸਗੋਂ ਆਤਮ ਜਾਗਰਣ ਨਾਲ ਦਿੱਤਾ। ਕਿਸੇ ਮੁਕਟ ਦੇ ਅੱਗੇ ਨਹੀਂ, ਸਗੋਂ ਆਪਣੇ ਅੰਤਰ-ਮਨ ਅੱਗੇ ਝੁਕੇ। ਜਿੱਥੇ ਦੂਸਰੇ ਰਾਜਾਂ ਨੂੰ ਪ੍ਰਣਾਮ ਕਰਦੇ ਸੀ, ਉੱਥੇ ਬੰਕਿਮਚੰਦ੍ਰ ਨੇ ਮਿੱਟੀ ਨੂੰ ਪ੍ਰਣਾਮ ਕੀਤਾ। ਇਹੀ ਉਨ੍ਹਾਂ ਦੀ ਸੱਚੀ ਬਗਾਵਤ ਸੀ। ਇਹ ਬਗਾਵਤ ਤਲਵਾਰ ਨਾਲ ਨਹੀਂ, ਗੀਤ ਤੋਂ ਜਨਮੀ ਸੀ। ਉਨ੍ਹਾਂ ਨੂੰ ਪਤਾ ਸੀ- ਤਲਵਾਰ ਦੀ ਉਮਰ ਸੀਮਿਤ ਹੁੰਦੀ ਹੈ, ਪਰ ਸ਼ਬਦ ਅਮਰ ਹੁੰਦੇ ਹਨ।

'ਵੰਦੇ ਮਾਤਰਮ' ਕ੍ਰੋਧ ਦੇ ਪਲ ਲਈ ਨਹੀਂ, ਸਗੋਂ ਜਾਗਰਣ ਦੇ ਯੁੱਗ ਵਿੱਚ ਰਚਿਆ ਗਿਆ ਸੀ। ਇਹ ਕਿਸੇ ਸ਼ਾਸਕ ਨੂੰ ਨਹੀਂ, ਸਗੋਂ ਰਾਜ, ਜਿਸ ਵਿੱਚ ਨਦੀਆਂ, ਖੇਤਾਂ, ਬਾਗਾਂ ਅਤੇ ਹਵਾਵਾਂ ਦਾ ਸੰਬੋਧਨ ਸੀ। ਇਹ ਇੱਕ ਭਜਨ ਸੀ, ਜਿਸ ਨੇ ਭਾਰਤ ਦੀ ਅਧਿਆਤਮਿਕ ਸੁਤੰਤਰਤਾ ਨੂੰ ਉਸ ਸਮੇਂ ਪੁਨਰ ਜੀਵਿਤ ਕੀਤਾ, ਜਦੋਂ ਰਾਜਨੀਤਕ ਸੁਤੰਤਰਤਾ ਅਜੇ ਦੂਰ ਸੀ। ਜਦੋਂ 'ਆਨੰਦ ਮਠ' ਉਪਨਿਆਸ ਲੋਕਾਂ ਤੱਕ ਪਹੁੰਚਿਆ, ਤਦ ਇਹ ਗੀਤ ਕਿਤਾਬ ਦੇ ਪੰਨਿਆਂ ਤੋਂ ਨਿਕਲ ਕੇ ਰਾਸ਼ਟਰ ਦੀ ਰਕਤਧਾਰਾ ਬਣ ਗਿਆ। 1896 ਦੇ ਕੋਲਕਾਤਾ ਸੈਸ਼ਨ ਵਿੱਚ ਟੈਗੋਰ ਦੀ ਵਾਣੀ ਨੇ ਇਸ ਨੂੰ ਖੰਭ ਦਿੱਤੇ। ਸਿਰਫ ਇੱਕ ਦਹਾਕੇ ਬਾਅਦ, 1905 ਦੇ ਸਵਦੇਸ਼ੀ ਅੰਦੋਲਨ ਵਿੱਚ ਬੰਗਾਲ ਦੀਆਂ ਗਲੀਆਂ 'ਵੰਦੇ ਮਾਤਰਮ' ਦੀ ਗੂੰਜ ਨਾਲ ਭਰ ਉੱਠਿਆ। ਤਦ ਇਹ ਗੀਤ ਬਗਾਵਤ ਦਾ ਪ੍ਰਤੀਕ ਬਣ ਗਿਆ। ਬ੍ਰਿਟਿਸ਼ ਸਰਕਾਰ ਨੇ ਇਸ 'ਤੇ ਪਾਬੰਦੀ ਲਗਾ ਦਿੱਤੀ, ਵਿਦਿਆਰਥੀਆਂ ਨੂੰ ਕੱਢ ਦਿੱਤਾ ਗਿਆ ਅਤੇ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪਰ ਦਮਨ ਨੇ ਇਸ ਗੀਤ ਦੇ ਪ੍ਰਤੀ ਸ਼ਰਧਾ ਨੂੰ ਹੋਰ ਡੂੰਘਾ ਕਰ ਦਿੱਤਾ। ਕੋਲਕਾਤਾ ਵਿੱਚ ਬੱਚੇ ਨੰਗੇ ਪੈਰ ਮੀਂਹ ਵਿੱਚ ਖੜ੍ਹੇ ਹੋ ਕੇ ਇਸ ਨੂੰ ਗਾਉਂਦੇ ਸਨ, ਅਤੇ ਢਾਕਾ ਵਿੱਚ ਮਹਿਲਾਵਾਂ ਨੇ ਇਸ ਨੂੰ ਆਪਣੀ ਸਾੜੀਆਂ 'ਤੇ ਕੱਢਾਈ ਨਾਲ ਉਕੇਰਿਆ।

ਅਰਵਿੰਦ ਘੋਸ਼ ਨੇ ਇਸ ਨੂੰ ਭਾਰਤ ਦੇ ਪੁਨਰ ਜਨਮ ਦਾ ਮੰਤਰ ਕਿਹਾ। ਸਿਸਟਰ ਨਿਵੇਦਿਤਾ ਨੇ ਲਿਖਿਆ ਕਿ ਇਸ ਨੂੰ ਸੁਣਨਾ ਅਜਿਹਾ ਹੈ ਜਿਵੇਂ ਭਾਰਤ ਦੀ ਆਤਮਾ ਦਾ ਸਾਹ ਸੁਣਨਾ। ਇਸ ਗੀਤ ਦੀ ਅਸਲੀ ਸ਼ਕਤੀ ਉਸ ਦੀ ਸਰਵ-ਵਿਆਪਕਤਾ ਸੀ। ਇਸ ਨੂੰ ਮਹਿਸੂਸ ਕਰਨ ਲਈ ਸੰਸਕ੍ਰਿਤ ਜਾਣਨਾ ਨਹੀਂ ਸੀ। 1920 ਅਤੇ 1930 ਦੇ ਦਹਾਕੇ ਤੱਕ, 'ਵੰਦੇ ਮਾਤਰਮ ਸਾਹਸ ਦਾ ਪ੍ਰਤੀਕ ਬਣ ਚੁੱਕਿਆ ਸੀ। ਜੇਲ੍ਹ ਸੈੱਲਾਂ ਵਿੱਚ ਭਗਤ ਸਿੰਘ ਵਰਗੇ ਕ੍ਰਾਂਤੀਕਾਰੀਆਂ ਨੇ ਇਸ ਨੂੰ ਕੰਧਾਂ 'ਤੇ ਉਕੇਰਿਆ। ਅੰਡੇਮਾਨ ਦੀ ਸੈਲਯੂਲਰ ਜੇਲ੍ਹ ਵਿੱਚ ਇਹ ਗੀਤ ਪੀੜ੍ਹਾ ਅਤੇ ਦ੍ਰਿੜ੍ਹਤਾ ਦਾ ਭਜਨ ਬਣ ਕੇ ਕੋਰੀਡੋਰਾਂ ਵਿੱਚ ਗੂੰਜਦਾ ਸੀ। ਸੁਭਾਸ਼ ਚੰਦਰ ਬੋਸ ਨੇ ਇਸ ਨੂੰ ਆਜ਼ਾਦ ਹਿੰਦ ਫੌਜ ਦੀ ਜੰਗ ਦੀ ਆਵਾਜ਼ ਬਣਾ ਦਿੱਤਾ। ਉਨ੍ਹਾਂ ਦੇ ਸੈਨਿਕਾਂ ਲਈ ਇਹ ਗੀਤ ਸੰਗੀਤ ਨਹੀਂ, ਸਗੋਂ ਆਦੇਸ਼ ਸੀ। ਇੱਥੇ ਤੱਕ ਕਿ ਜਦੋਂ ਮਹਾਤਮਾ ਗਾਂਧੀ ਨੇ ਇਸ ਨੂੰ ਮਿਸ਼ਰਿਤ ਸਭਾਵਾਂ ਵਿੱਚ ਸੰਜਮ ਨਾਲ ਗਾਉਣ ਦੀ ਸਲਾਹ ਦਿੱਤੀ, ਉਨ੍ਹਾਂ ਨੇ ਤਦ ਵੀ ਸਵੀਕਾਰ ਕੀਤਾ ਕਿ 'ਵੰਦੇ ਮਾਤਰਮ' ਹੁਣ ਪਵਿੱਤਰ ਬਣ ਚੁੱਕਿਆ ਹੈ। ਇੱਕ ਅਜਿਹਾ ਗੀਤ ਜੋ ਬਲੀਦਾਨ ਨਾਲ ਪਵਿੱਤਰ ਹੋਇਆ।

ਵੰਦੇ ਮਾਤਰਮ ਦੀ ਸ਼ਕਤੀ ਉਸ ਦੇ ਕਲਪਨਾ-ਚਿੱਤਰਾਂ ਵਿੱਚ ਛੁੱਪੀ ਹੈ- ਇਸ ਵਿੱਚ ਭਾਰਤ ਕੋਈ ਸੀਮਾਵਾਂ ਵਾਲਾ ਦੇਸ਼ ਨਹੀਂ, ਸਗੋਂ ਜੀਵੰਤ ਸਾਹਾਂ ਨਾਲ ਭਰਿਆ ਇੱਕ ਵਜੂਦ ਹੈ। ਇਸ ਦੀ ਮਾਤ੍ਰਭੂਮੀ ਯੁੱਧ ਭੂਮੀ ਨਹੀਂ, ਸਗੋਂ ਜੀਵਨਦਾਇਕ ਸ਼ਕਤੀ ਹੈ- ਉਪਜਾਊ, ਉੱਜਵਲ ਅਤੇ ਪਾਲਣ ਕਰਨ ਵਾਲੀ। ਜਦੋਂ 1905 ਵਿੱਚ ਅਬਨਿੰਦਰਨਾਥ ਠਾਕੁਰ ਨੇ ਭਾਰਤ ਮਾਤਾ ਦੀ ਤਸਵੀਰ ਬਣਾਈ, ਤਾਂ ਉਨ੍ਹਾਂ ਨੇ ਇਸ ਵਜੂਦ ਨੂੰ ਇੱਕ ਚਿਹਰਾ ਦਿੱਤਾ-ਸ਼ਾਂਤ, ਅਧਿਆਤਮਿਕ ਅਤੇ ਆਤਮ ਨਿਰਭਰ। ਇਹ ਚਿੱਤਰ, ਠੀਕ ਉਸ ਹੀ ਤਰ੍ਹਾਂ ਜਿਵੇਂ ਗੀਤ, ਸੁੰਦਰ ਵੀ ਸੀ ਅਤੇ ਕ੍ਰਾਂਤੀਕਾਰੀ ਵੀ, ਪਵਿੱਤਰ ਵੀ ਅਤੇ ਬਗਾਵਤੀ ਵੀ। ਬੰਕਿਮਚੰਦ੍ਰ ਦੀ ਸਭ ਤੋਂ ਵੱਡੀ ਪ੍ਰਤਿਭਾ ਇਹ ਸੀ ਕਿ ਉਨ੍ਹਾਂ ਨੇ ਦੇਸ਼ ਪ੍ਰੇਮ ਨੂੰ ਭਗਤੀ ਵਿੱਚ ਬਦਲ ਦਿੱਤਾ। ਭਾਰਤ ਨਾਲ ਪ੍ਰੇਮ ਕਰਨਾ ਉਨ੍ਹਾਂ ਦੇ ਲਈ ਸਿਰਫ ਲਗਾਓ ਨਹੀਂ ਸੀ, ਸਗੋਂ ਮਾਂ ਦੀ ਤਰ੍ਹਾਂ ਉਸ ਦੀ ਪੂਜਾ ਕਰਨਾ ਸੀ ਭੂਮੀ 'ਤੇ ਅਧਿਕਾਰ ਨਹੀਂ, ਮਾਤ੍ਰਭੂਮੀ ਦਾ ਆਦਰ ਸੀ।

### ਸੁਤੰਤਰਤਾ ਦਾ ਗੀਤ

ਜਦੋਂ ਭਾਰਤ ਸੁਤੰਤਰਤਾ ਪਾਉਣ ਦੇ ਨੇੜੇ ਸੀ, ਤਦੋਂ ਤੱਕ ਵੰਦੇ ਮਾਤਰਮ ਭਾਰਤ ਦੀ ਧਾਰਨਾ ਤੋਂ ਅਨਿੱਖੜਵੇ ਤੌਰ 'ਤੇ ਜੁੜ ਚੁੱਕਿਆ ਸੀ। ਫਿਰ ਵੀ, ਸੰਵਿਧਾਨ ਸਭਾ ਵਿੱਚ ਇੱਕ ਬਹਿਸ ਛਿੜ ਗਈ: ਕਿਹੜਾ ਗੀਤ ਨਵੇਂ ਗਣਰਾਜ ਦੀ ਪ੍ਰਤੀਨਿਧਤਾ ਕਰੇਗਾ? 1947 ਵਿੱਚ, ਜਨ ਗਣ ਮਨ ਨੂੰ ਉਸ ਦੀ ਭਾਸ਼ਾਈ ਸਰਵਵਿਆਪਕਤਾ ਦੇ ਕਾਰਨ ਰਾਸ਼ਟਰਗਾਨ ਚੁਣਿਆ ਗਿਆ। ਪਰ ਵੰਦੇ ਮਾਤਰਮ ਨੂੰ ਬਰਾਬਰ ਸਨਮਾਨ ਦੇ ਨਾਲ ਰਾਸ਼ਟਰਗੀਤ ਐਲਾਨਿਆਂ ਗਿਆ। ਨੇਹਿਰੂ ਨੇ ਇਸ ਨੂੰ ਸਾਡੇ ਜਾਗਣ ਦਾ ਗੀਤ ਕਿਹਾ ਸੀ। ਇਸ ਦੇ ਸਿਰਫ ਪਹਿਲੇ 2 ਛੰਦ-ਜੋ ਕੁਦਰਤ ਦਾ ਵਰਣਨ ਕਰਦੇ ਹਨ, ਦੇਵਤਾ ਦਾ ਨਹੀਂ- ਅਧਿਕਾਰਿਤ ਵਰਤੋਂ ਲਈ ਅਪਣਾਇਆ ਗਿਆ।

### ਇੱਕ ਆਤਮਾ, ਇੱਕ ਭਾਰਤ

ਇਹ ਕੋਈ ਸੰਯੋਗ ਨਹੀਂ ਹੈ ਕਿ ਜਦੋਂ ਦੇਸ਼ 'ਵੰਦੇ ਮਾਤਰਮ' ਗੀਤ ਦੇ 150 ਸਾਲ ਮਨਾ ਰਿਹਾ ਹੈ, ਤਦ ਤੋਂ ਅਸੀਂ ਭਾਰਤ ਦੀ ਏਕਤਾ ਦੇ ਸ਼ਿਲਪਕਾਰ ਸਰਦਾਰ ਵੱਲਭਭਾਈ ਪਟੇਲ ਦੀ 150ਵੀਂ ਜਯੰਤੀ ਵੀ ਮਨਾ ਰਹੇ ਹਾਂ। ਜਿਸ ਤਰ੍ਹਾਂ 'ਵੰਦੇ ਮਾਤਰਮ' ਨੇ ਭਾਰਤ ਦੀ ਏਕਤਾ ਨੂੰ ਸ਼ਬਦਾਂ ਵਿੱਚ ਵਿਅਕਤ ਕੀਤਾ, ਉਸੇ ਤਰ੍ਹਾਂ ਸਰਦਾਰ ਪਟੇਲ ਨੇ ਸੁਤੰਤਰਤਾ ਤੋਂ ਬਾਅਦ ਉਸ ਨੂੰ ਵਾਸਤਵਿਕ ਰੂਪ ਦਿੱਤਾ। 1947 ਵਿੱਚ ਸਾਨੂੰ ਆਜ਼ਾਦੀ ਤਾਂ ਮਿਲ ਗਈ, ਪਰ ਦੇਸ਼ ਦੇ ਸੈਕੜਿਆਂ ਰਿਆਸਤਾਂ ਨੂੰ ਇਕਜੁੱਟ ਕਰਨਾ ਅਜੇ ਬਾਕੀ ਸੀ। ਇਨ੍ਹਾਂ ਰਿਆਸਤਾਂ ਦੇ ਏਕੀਕਰਣ ਤੋਂ ਬਿਨਾਂ ਆਜ਼ਾਦੀ ਅਧੂਰੀ ਸੀ। ਭਾਰਤ ਦੇ ਲੌਹਪੁਰਸ਼ ਸਰਦਾਰ ਪਟੇਲ ਨੇ ਇਹ ਮੁਸ਼ਕਲ ਕਾਰਜ ਇੱਕਲਿਆਂ ਆਪਣੇ ਦਮ 'ਤੇ ਸੰਭਾਲਿਆ ਅਤੇ ਪੂਰੇ ਦੇਸ਼ ਨੂੰ ਇੱਕ ਧਾਗੇ ਵਿੱਚ ਬੰਨ੍ਹ ਦਿੱਤਾ। ਸੋਚੋ, ਸਾਡੀ ਮਾਤ੍ਰਭੂਮੀ 'ਸੁਜਲਾਮ ਸੁਫਲਾਮ' ਕਿਵੇਂ ਹੁੰਦੀ? ਜੇ ਉਹ ਕੋਈ ਟੁੱਕੜਿਆਂ ਵਿੱਚ ਵੰਡੀ ਹੁੰਦੀ ਅਤੇ ਵੱਖ-ਵੱਖ ਰਿਆਸਤਾਂ ਦੇ ਸ਼ਾਸਕ ਉਸ ਨੂੰ ਚਲਾਉਂਦੇ? ਇਹ ਸਰਦਾਰ ਪਟੇਲ ਦੇ ਸਾਹਸ ਅਤੇ ਅਟੁੱਟ ਸਮਰਪਣ ਦਾ ਹੀ ਨਤੀਜਾ ਸੀ ਕਿ ਉਨ੍ਹਾਂ ਨੇ ਭਾਰਤ ਨੂੰ 'ਸੁਖਦਾਮ,ਵਰਦਾਮ'-ਅਰਥਾਤ ਸੁੱਖ ਦੇਣ ਵਾਲਾ ਅਤੇ ਅਸ਼ੀਰਵਾਦ ਪ੍ਰਦਾਨ ਕਰਨ ਵਾਲਾ ਬਣਾ ਦਿੱਤਾ।'

### ਪ੍ਰਗਟਾਵੇ ਦੇ ਵੱਖ-ਵੱਖ ਰੂਪ

ਇਸ ਤਰ੍ਹਾਂ 'ਵੰਦੇ ਮਾਤਰਮ' ਭਾਰਤ ਦਾ ਸਦੀਵੀ ਸੱਦਾ ਬਣਿਆ ਰਿਹਾ-ਇਹ ਕਿਸੇ ਨੀਤੀ ਦਾ ਨਹੀਂ, ਸਗੋਂ ਮਾਣ ਦਾ ਪ੍ਰਤੀਕ ਸੀ। ਸੁਤੰਤਰਤਾ ਤੋਂ ਬਾਅਦ, ਇਸ ਗੀਤ ਨੇ ਕਈ ਨਵੇਂ ਰੂਪ ਧਾਰਨ ਕੀਤੇ। 1952 ਵਿੱਚ, ਨਿਰਦੇਸ਼ਕ ਹੇਮੇਨ ਗੁਪਤਾ ਦੀ ਫਿਲਮ 'ਆਨੰਦ ਮਠ' ਵਿੱਚ ਇਹ ਗੀਤ ਪਹਿਲੀ ਵਾਰ ਪਰਦੇ 'ਤੇ ਗੂੰਜਿਆ। ਹੇਮੰਤ ਕੁਮਾਰ ਦੇ ਸੰਗੀਤ ਅਤੇ ਲਤਾ ਮੰਗੇਸ਼ਕਰ ਦੀ ਮਧੁਰ ਆਵਾਜ਼ ਨੇ ਵੰਦੇ ਮਾਤਰਮ ਨੂੰ ਅਮਰ ਫਿਲਮੀ ਗਾਨਾ ਬਣਾ ਦਿੱਤਾ। ਅੱਧੀ ਸਦੀ ਬਾਅਦ, 1997 ਵਿੱਚ, ਏ.ਆਰ.ਰਹਿਮਾਨ ਨੇ 'ਮਾਂ ਤੁਝੇ ਸਲਾਮ' ਦੇ ਤੌਰ 'ਤੇ ਇਸ ਗੀਤ ਦੀ ਭਾਵਨਾ ਨੂੰ ਫਿਰ ਜੀਵਿਤ ਕੀਤਾ। ਭਾਰਤੀ ਸ਼ਾਸਤਰੀ ਸੰਗੀਤ ਨੂੰ ਵਿਸ਼ਵ ਸੰਗੀਤ ਨਾਲ ਮਿਲਾ ਕੇ ਰਹਿਮਾਨ ਨੇ ਵਿਦੇਸ਼ਾਂ ਵਿੱਚ ਬਸੇ ਭਾਰਤੀਆਂ ਨੂੰ ਯਾਦ ਦਿਲਵਾਇਆ ਕਿ ਮਾਂ ਹੁਣ ਵੀ ਉਨ੍ਹਾਂ ਦੇ ਗੀਤ ਦਾ ਇੰਤਜ਼ਾਰ ਕਰ ਰਹੀ ਹੈ। ਉਨ੍ਹਾਂ ਦੀ ਆਵਾਜ਼ ਨੇ ਸਦੀਆਂ ਨੂੰ ਜੋੜ ਦਿੱਤਾ- ਬੰਕਿਮਚੰਦ੍ਰ ਦੀ ਕਲਮ ਤੋਂ ਲੈ ਕੇ ਰਹਿਮਾਨ ਦੇ ਸਿੰਥੇਸਾਇਜ਼ਰ ਤੱਕ, ਭਾਵਨਾ ਉਹ ਹੀ ਰਹੀ-ਹਰ ਯੁੱਗ ਨੇ ਉਸ ਹੀ ਮਾਂ ਨੂੰ ਅਲਗ ਸੁਰ ਵਿੱਚ ਗਾਇਆ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ 'ਵੰਦੇ ਮਾਤਰਮ' ਦੇ ਅਰਥ ਨੂੰ ਨਵਾਂ ਜੀਵਨ ਅਤੇ ਨਵੀਂ ਵਿਆਖਿਆ ਮਿਲੀ ਹੈ। ਪ੍ਰਧਾਨ ਮੰਤਰੀ ਇਸ ਨੂੰ ਅਕਸਰ ਰਾਸ਼ਟਰੀ ਪ੍ਰੋਗਰਾਮਾਂ ਵਿੱਚ ਦੁਹਰਾਉਂਦੇ ਹਨ- ਇਸ ਨੂੰ ਸਿਰਫ ਅਤੀਤ ਦੀ ਯਾਦ ਨਹੀਂ, ਸਗੋਂ ਸੱਭਿਆਗਤ ਪ੍ਰੇਰਣਾ ਮੰਨਦੇ ਹਨ, ਜੋ ਯਾਦ ਦਵਾਉਂਦੀ ਹੈ ਕਿ ਭਾਰਤ ਦੀ ਆਜ਼ਾਦੀ ਕ੍ਰੋਧ ਨਾਲ ਨਹੀਂ, ਵਿਸ਼ਵਾਸ ਨਾਲ ਜੰਮੀ ਸੀ। 'ਆਜ਼ਾਦੀ ਕਾ ਅੰਮ੍ਰਿਤ ਮਹੋਤਸਵ', ਸਕੂਲ ਮੁਕਾਬਲਿਆਂ ਅਤੇ ਸੱਭਿਆਚਾਰਕ ਅਭਿਆਨਾਂ ਰਾਹੀਂ ਸਰਕਾਰ ਨੇ ਇਸ ਗੀਤ ਨੂੰ ਨੌਜਵਾਨਾਂ ਤੱਕ ਮੁੜ ਤੋਂ ਪਹੁੰਚਾਇਆ ਹੈ। ਹੁਣ ਇਸ ਦੇ ਨਾਲ ਡਿਜੀਟਲ ਗਾਇਨ ਸਮੂਹ, ਡਰੋਨ ਲਾਈਟ ਸ਼ੋਅ, ਅਤੇ ਔਰਕੇਸਟ੍ਰਾ ਦੀ ਧੁਨਾਂ ਵੀ ਅਧਿਕਾਰਿਤ ਸਮਾਰੋਹਾਂ ਵਿੱਚ ਗੂੰਜਦੀਆਂ ਹਨ- ਜੋ 'ਵੰਦੇ ਮਾਤਰਮ' ਨੂੰ ਨਵੇਂ ਭਾਰਤ ਦੀ ਆਵਾਜ਼ ਬਣਾ ਰਹੀ ਹੈ।

ਜਦੋਂ ਚੰਦਰਯਾਨ-3 ਚੰਨ 'ਤੇ ਉਤਰਿਆ, ਤਾਂ ਸੋਸ਼ਲ ਮੀਡੀਆ 'ਤੇ 'ਚੰਨ ਦੀ ਧਰਤੀ ਤੋਂ ਵੰਦੇ ਮਾਤਰਮ' ਦੇ ਨਾਅਰੇ ਗੂੰਜ ਉੱਠੇ। ਉਹ ਗੀਤ, ਜਿਸ ਨੇ ਕਦੇ ਸਾਮਰਾਜ ਨੂੰ ਲਲਕਾਰਿਆ ਸੀ, ਹੁਣ ਬ੍ਰਹਿਮੰਡ ਨੂੰ ਪ੍ਰਣਾਮ ਕਰ ਰਿਹਾ ਸੀ। ਸਮੇਂ-ਸਮੇਂ 'ਤੇ ਕੁਝ ਆਲੋਚਕਾਂ ਨੇ ਇਸ ਗੀਤ ਦੀ ਦੇਵੀ-ਛਵੀ ਨੂੰ ਲੈ ਕੇ ਸਵਾਲ ਉੱਠਾਏ ਹਨ-ਉਨ੍ਹਾਂ ਨੂੰ ਲਗਦਾ ਹੈ ਕਿ ਇਹ ਕੁਝ ਲੋਕਾਂ ਨੂੰ ਅਲਗ ਕਰ ਦਿੰਦਾ ਹੈ। ਪਰ ਉਹ ਭਾਰਤੀ ਸੰਸਕ੍ਰਿਤੀ ਵਿੱਚ ਈਸ਼ਵਰ ਦੀ ਧਾਰਨਾ ਨੂੰ ਸਹੀ ਤਰ੍ਹਾਂ ਨਹੀਂ ਸਮਝਦੇ। ਸਾਡੀ ਪਰੰਪਰਾ ਵਿੱਚ ਮਾਂ ਕੋਈ ਧਾਰਮਿਕ ਦੇਵੀ ਨਹੀਂ, ਸਗੋਂ ਧਰਤੀ ਦਾ ਰੂਪ ਹਨ- ਉਹ ਹੀ ਹਵਾ ਜੋ ਅਸੀਂ ਸਾਹ ਲੈਂਦੇ ਹਨ, ਪਾਣੀ ਜੋ ਅਸੀਂ ਪੀਂਦੇ ਹਨ, ਅਤੇ ਭਾਸ਼ਾ ਜੋ ਅਸੀਂ ਬੋਲਦੇ ਹਨ।

ਗੀਤ ਦੇ ਪਹਿਲੇ ਦੋ ਛੰਦ, ਜਿਨ੍ਹਾਂ ਨੂੰ ਅਧਿਕਾਰਿਤ ਤੌਰ 'ਤੇ ਅਪਣਾਇਆ ਗਿਆ ਹੈ, ਵਿੱਚ ਨਦੀਆਂ, ਖੇਤੀਬਾੜੀਆਂ ਅਤੇ ਹਵਾਵਾਂ ਦਾ ਵਰਣਨ ਹੈ-ਅਰਥਾਤ ਮਾਂ ਸਵੈ ਕੁਦਰਤ ਹੈ। 'ਵੰਦੇ ਮਾਤਰਮ' ਕਿਸੇ ਧਰਮ ਜਾ ਮਾਨਤਾ ਬਾਰੇ ਨਹੀਂ ਹੈ। ਇਹ ਸ਼ਰਧਾ ਅਤੇ ਸਨਮਾਨ ਬਾਰੇ ਹੈ। ਇਹ ਜਿੱਤ ਨਹੀਂ, ਭਗਤੀ ਦਾ ਗੀਤ ਹੈ।

ਇਹ ਸ਼ਾਸਨ ਨਹੀਂ, ਮਾਤ੍ਰਭੂਮੀ ਦੇ ਪ੍ਰਤੀ ਹਮਦਰਦੀ ਅਤੇ ਪ੍ਰੇਮ ਦਾ ਉੱਤਸਵ ਹੈ। ਕਿਉਂ ਇਹ ਅੱਜ ਵੀ ਮਹੱਤਵਪੂਰਨ ਹੈ? ਅੱਜ ਜਦੋਂ ਪਛਾਣਾਂ ਬਿਖਰ ਰਹੀਆਂ ਹਨ, ਤਦ ਤੋਂ 'ਵੰਦੇ ਮਾਤਰਮ' ਸਾਨੂੰ ਭਾਵਨਾ ਰਾਹੀਂ ਏਕਤਾ ਦਾ ਸੰਦੇਸ਼ ਦਿੰਦਾ ਹੈ। ਇਹ ਯਾਦ ਦਿਵਾਉਂਦਾ ਹੈ ਕਿ ਰਾਸ਼ਟਰ ਭਾਵਨਾ ਕੋਈ ਵਿਚਾਰਧਾਰਾ ਨਹੀਂ, ਸਗੋਂ ਵਿਰਾਸਤ ਹੈ। ਇਹ ਕੁਝ ਨਹੀਂ ਮੰਗਦਾ, ਬਸ ਸ਼ੁਕਰਗੁਜ਼ਾਰੀ, ਜੋ ਰਾਜਨੀਤੀ ਅਤੇ ਧਰਮ ਦੋਵਾਂ ਤੋਂ ਉੱਪਰ ਹਨ।

ਇਹ ਰਾਸ਼ਟਰਵਾਦ ਦੀ ਪਰਿਭਾਸ਼ਾ ਵੀ ਬਦਲ ਦਿੰਦਾ ਹੈ-ਇਹ ਛਾਤੀ ਠੋਕਣ ਵਾਲਾ ਮਾਣ ਨਹੀਂ, ਸਗੋਂ ਸ਼ਾਂਤ ਸੇਵਾ ਦਾ ਭਾਵ ਹੈ। ਬੰਕਿਮਚੰਦ੍ਰ ਦੇ ਵਿਚਾਰ ਵਿੱਚ, ਮਾਂ ਨੂੰ ਪ੍ਰਣਾਮ ਕਰਨਾ ਮਤਲਬ ਉਸ ਦੀ ਨਦੀਆਂ, ਜੰਗਲਾਂ ਅਤੇ ਬੱਚਿਆਂ ਦੀ ਰੱਖਿਆ ਕਰਨਾ ਹੈ। ਜਦੋਂ 'ਵੰਦੇ ਮਾਤਰਮ' 2025 ਵਿੱਚ 150 ਸਾਲ ਪੂਰੇ ਕਰਨਗੇ, ਤਾਂ ਭਾਰਤ ਇਸ ਨੂੰ ਨਵੇਂ ਰੂਪਾਂ ਵਿੱਚ ਮੰਨ ਰਿਹਾ ਹੈ। ਏਆਈ ਨਾਲ ਬਣੀ ਸਿੰਫਨੀ ਇਸ ਦੇ ਛੰਦਾਂ ਨੂੰ ਸੈਟੇਲਾਈਟ ਚਿੱਤਰਾਂ ਰਾਹੀਂ ਦਿਖਾ ਰਹੀ ਹੈ- ਤਾਲ 'ਤੇ ਵਗਦੀਆਂ ਨਦੀਆਂ, ਕੋਰਸ 'ਤੇ ਲਹਿਰਾਉਂਦੀਆਂ ਫਸਲਾਂ। ਦੇਸ਼ ਭਰ ਦੇ ਬੱਚੇ ਇਸ ਨੂੰ 22 ਭਾਸ਼ਾਵਾਂ ਵਿੱਚ ਗਾ ਰਹੇ ਹਨ। ਕਲਾਕਾਰ ਇਸ ਨੂੰ ਰੈਪ, ਕਲਾਸਿਕਲ ਡਾਂਸ ਅਤੇ ਫਿਊਜਨ ਸੰਗੀਤ ਵਿੱਚ ਢੱਲ ਰਹੇ ਹਨ।

ਤਕਨੀਕ ਨੇ ਇਸ ਦੀ ਪਵਿੱਤਰਤਾ ਨੂੰ ਘੱਟ ਨਹੀਂ ਕੀਤਾ, ਸਗੋਂ ਹੋਰ ਵਧਾਇਆ ਹੈ। ਹੁਣ ਮਾਂ ਕੋਡ ਵਿੱਚ ਬੋਲਦੀ ਹੈ, ਪਰ ਉਸ ਦਾ ਗੀਤ ਓਹੀ ਪੁਰਾਣਾ ਹੈ। ਆਪਣੇ ਮੂਲ ਵਿੱਚ 'ਵੰਦੇ ਮਾਤਰਮ' ਰਾਜਨੀਤੀ ਨਹੀਂ, ਦਰਸ਼ਨ ਹੈ। ਇਹ ਸਾਨੂੰ ਸਿਖਾਉਂਦਾ ਹੈ ਕਿ ਫਰਜ਼ ਨੂੰ ਭਗਤੀ ਨਾਲ ਜੋੜੋ। ਇਸ ਮਿੱਟੀ ਵਿੱਚ ਜਨਮ ਲੈਣਾ ਸੁਭਾਗ ਹੈ, ਅਤੇ ਇਸ ਦੀ ਸੇਵਾ ਕਰਨਾ ਧਰਮ।

ਬੰਕਿਮ ਚੰਦ੍ਰ ਦੀ ਮਾਂ ਦੀ ਵੰਦਨਾ ਵਿੱਚ ਸਾਡੇ ਸਮੇਂ ਦੇ ਵਾਤਾਵਰਣ, ਆਤਮਾ ਅਤੇ ਨੈਤਿਕਤਾ ਨਾਲ ਜੁੜੇ ਸੁਆਲ ਪਹਿਲਾਂ ਤੋਂ ਲੁਕੇ ਹੋਏ ਹਨ। ਅੱਜ 'ਵੰਦੇ ਮਾਤਰਮ' ਗਾਨਾ ਮਤਲਬ ਸੰਤੁਲਨ ਦੀ ਯਾਦ ਦਿਲਾਉਣਾ ਹੈ- ਵਿਕਾਸ ਅਤੇ ਸੰਭਾਲ਼, ਸ਼ਕਤੀ ਅਤੇ ਸ਼ਾਂਤੀ ਦੇ ਦਰਮਿਆਨ। ਇਤਿਹਾਸ ਵਿੱਚ ਬਹੁਤ ਘੱਟ ਗੀਤ ਅਜਿਹੇ ਹੋਏ ਹਨ ਜੋ ਸਾਮਰਾਜਾਂ ਤੋਂ ਵੀ ਲੰਬੇ ਸਮੇਂ ਤੱਕ ਜੀਵਿਤ ਰਹੇ। 'ਵੰਦੇ ਮਾਤਰਮ' ਅਜਿਹਾ ਹੀ ਗੀਤ ਹੈ। ਇਸ ਨੂੰ ਪ੍ਰਤਿਬੰਧਿਤ ਕੀਤਾ ਗਿਆ, ਆਲੋਚਨਾ ਕੀਤੀ ਗਈ, ਪਰ ਹਰ ਵਾਰ ਇਹ ਹੋਰ ਮਜ਼ਬੂਤ ਹੋ ਕੇ ਪਰਤਿਆ। ਕਿਉਂਕਿ ਜੋ ਗੀਤ ਆਤਮਾ ਤੋਂ ਨਿਕਲਦਾ ਹੈ, ਉਸ ਨੂੰ ਕੋਈ ਕਦੇ ਵੀ ਖਾਮੋਸ਼ ਨਹੀਂ ਕਰ ਸਕਦਾ।

ਬਸਤੀਵਾਦੀ ਜ਼ੇਲ੍ਹਾਂ ਤੋਂ ਲੈ ਕੇ ਓਲੰਪਿਕ ਮੈਦਾਨਾਂ ਤੱਕ, ਬੰਗਾਲ ਦੀਆਂ ਨਦੀਆਂ ਦੇ ਕਿਨਾਰਿਆਂ ਤੋਂ ਲੈ ਕੇ ਚੰਨ੍ਹ ਦੀ ਸਤ੍ਹਾ ਤੱਕ, 'ਵੰਦੇ ਮਾਤਰਮ' ਦੀ ਗੂੰਜ ਅੱਜ ਵੀ ਸੁਣਾਈ ਦਿੰਦੀ ਹੈ। ਸੈਨਿਕ ਯੁੱਧ ਤੋਂ ਪਹਿਲੇ ਇਸ ਨੂੰ ਹੌਲੀ ਆਵਾਜ਼ ਵਿੱਚ ਕਹਿੰਦੇ ਹਨ, ਬੱਚੇ ਸਕੂਲ ਦੀ ਪ੍ਰਾਰਥਨਾ ਤੋਂ ਪਹਿਲਾਂ ਇਸ ਨੂੰ ਗੁਣਗੁਣਾਉਂਦੇ ਹਨ। ਇਹ ਭਾਰਤ ਦਾ ਪਹਿਲਾ ਪ੍ਰੇਮ ਦਾ ਗੀਤ ਹੈ। ਜਦੋਂ ਬੰਕਿਮ ਚੰਦ੍ਰ ਚੈਟਰਜੀ ਨੇ 1875 ਦੀ ਅਕਸ਼ੈ ਨੌਮੀ ਦੇ ਦਿਨ 'ਵੰਦੇ ਮਾਤਰਮ' ਲਿਖਿਆ ਸੀ, ਉਦੋਂ ਉਹ ਨਹੀਂ ਜਾਣਦੇ ਸਨ ਕਿ ਉਨ੍ਹਾਂ ਦਾ ਇਹ ਗੀਤ ਸਾਮਰਾਜਾਂ ਤੋਂ ਵੀ ਵੱਧ ਸਮੇਂ ਤੱਕ ਜੀਵਿਤ ਰਹੇਗਾ। ਕਿ ਉਨ੍ਹਾਂ ਦਾ ਇਹ ਭਜਨ ਇੱਕ ਰਾਸ਼ਟਰ ਦੀ ਆਤਮਾ ਬਣ ਜਾਵੇਗਾ।

ਅੱਜ ਜਦੋਂ ਭਾਰਤ ਫਿਰ ਤੋਂ ਉੱਠ ਖੜ੍ਹਾ ਹੋਇਆ ਹੈ- ਆਤਮ-ਵਿਸ਼ਵਾਸੀ, ਵਿਭਿੰਨ, ਪ੍ਰਾਚੀਨ ਅਤੇ ਨੌਜਵਾਨ- ਉਦੋਂ ਵੀ ਮਾਂ ਸੁਣ ਰਹੀ ਹੈ। ਉਹ ਕੋਈ ਭੇਟ ਨਹੀਂ ਮੰਗਦੀ, ਬਸ ਯਾਦ ਚਾਹੁੰਦੀ ਹੈ। ਹਰ ਵਾਰ ਜਦੋਂ ਅਸੀਂ ਵੰਦੇ ਮਾਤਰਮ ਕਹਿੰਦੇ ਹਾਂ, ਅਸੀਂ ਖੁਦ ਨੂੰ ਯਾਦ ਦਿਲਾਉਂਦੇ ਹਾਂ ਕਿ ਕ੍ਰਿਤਘਤਾ ਦੇ ਬਗੈਰ ਸੁਤੰਤਰਤਾ ਅਧੂਰੀ ਹੈ।

ਮਾਂ ਸੁਤੰਤਰ ਹੈ। ਹੁਣ ਬੱਚਿਆਂ ਨੂੰ ਯੋਗ ਸਾਬਤ ਹੋਣਾ ਹੋਵੇਗਾ, ਜਿਵੇਂ ਕਿ ਸ਼੍ਰੀ ਅਰਬਿੰਦ ਨੇ ਕਿਹਾ ਸੀ- ਰਾਸ਼ਟਰ ਸਿਰਫ਼ ਸੈਨਾਵਾਂ ਨਾਲ ਨਹੀਂ ਬਣਦਾ, ਸਗੋਂ ਉਨ੍ਹਾਂ ਲੋਕਾਂ ਨਾਲ ਬਣਦਾ ਹੈ ਜੋ ਮਾਂ ਦੀ ਬਾਣੀ (ਦੇ ਬੋਲ) ਸੁਣ ਸਕਦੇ ਹਨ ਅਤੇ ਪ੍ਰੇਮ ਨਾਲ ਉਨ੍ਹਾਂ ਨੂੰ ਨਮਨ ਕਰ ਸਕਦੇ ਹਨ ਵੰਦੇ ਮਾਤਰਮ-ਮਾਂ, ਅਸੀਂ ਤੁਹਾਨੂੰ ਨਮਨ ਕਰਦੇ ਹਾਂ।

**ਲੇਖਕ, ਵਿਚਾਰਕ ਅਤੇ ਇੰਦਰਾ ਗਾਂਧੀ ਰਾਸ਼ਟਰੀ ਕਲਾ ਕੇਂਦਰ** (97©31) **ਦੇ ਮੈਂਬਰ ਸਕੱਤਰ ਹਨ।)**

## ਖਰੜ 'ਚ ਖਾਲਸਾ ਸਕੂਲ ਖਰੜ ਵਲੋਂ ਸ੍ਰੀ ਆਨੰਦਪੁਰ ਸਾਹਿਬ ਤੋਂ ਚਾਂਦਨੀ ਚੌਕ ਤੱਕ ਸਜਾਏ ਨਗਰ ਕੀਰਤਨ ਦਾ ਸਵਾਗਤ ਕੀਤਾ ਜਾਵੇਗਾ



**ਖਰੜ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਤੋਂ ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਕ ਦਿੱਲੀ ਤੱਕ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋ ਸਜਾਏ ਜਾ ਰਹੇ 'ਵਿਸ਼ਾਲ ਨਗਰ ਕੀਰਤਨ' ਦਾ ਖਰੜ ਸ਼ਹਿਰ ਵਿਚ ਸਵਾਗਤ ਕਰਨ ਲਈ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਰੜ ਦੇ ਪ੍ਰਿੰਸੀਪਲ ਜਸਬੀਰ ਸਿੰਘ ਧਨੋਆ ਨੂੰ ਸੱਦਾ ਦਿੱਤਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਜਾਬ ਸਰਕਲ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਸੱਦਾ ਪੱਤਰ ਦੇਣ ਉਪਰੰਤ ਜਾਣਕਾਰੀ ਦਿੰਦਿਆ ਦਸਿਆ ਕਿ 13 ਨਵੰਬਰ ਨੂੰ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਵਿਚ ਪ੍ਰਾਰੰਭ ਹੋਵੇਗਾ ਜੋ ਰੋਪੜ, ਸਿੰਘ , ਕੀਰਤਪੁਰ, ਕੁਰਾਲੀ, ਖਰੜ ਨੂੰ ਹੁੰਦਾ ਹੋਇਆ ਗੁਰਦੁਆਰਾ ਮੰਜੀ ਸ਼ਾਹਿਬ ਅੰਬਾਲਾ ਵਿਖੇ ਰਾਤ ਦਾ ਵਿਸ਼ਰਾਮ ਕਰੇਗਾ ਅਤੇ ਰਸਤੇ ਵਿਚ ਵੱਖ ਵੱਖ ਥਾਵਾਂ ਤੇ ਨਗਰ ਕੀਰਤਨ ਦਾ ਸੰਗਤਾਂ ਵਲੋਂ ਬੜੀ ਸ਼ਰਧਾ ਨਾਲ ਸਵਾਗਤ ਕੀਤਾ ਜਾਵੇਗਾ। ਅਗਲੇ ਦਿਨ 14 ਨਵੰਬਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਕ ਦਿੱਲੀ ਲਈ ਰਵਾਨਾ ਹੋਵੇਗਾ।ਸਕੂਲ ਦੇ ਪ੍ਰਿੰਸੀਪਲ ਜਸਬੀਰ ਸਿੰਘ ਧਨੋਆ ਨੇ ਦਸਿਆ ਕਿ ਸਕੂਲ ਪ੍ਰਬੰਧਕ ਕਮੇਟੀ, ਸਟਾਫ, ਵਿਦਿਆਰਥੀ ਅਤੇ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਸਦਕਾ ਨਗਰ ਕੀਰਤਨ ਦਾ ਖਰੜ ਵਿਖੇ ਪਹੁੰਚਣ ਤੇ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ ਜਾਵੇਗਾ। ਉਨ੍ਹਾਂ ਖਰੜ ਸ਼ਹਿਰ ਨਿਵਾਸੀਆਂ ਤੇ ਇਲਾਕਾ ਨਿਵਾਸੀਆਂ ਨੂੰ ਬੇਨਤੀ ਕੀਤੀ ਕਿ ਉਹ ਨਗਰ ਕੀਰਤਨ ਤੇ ਸਵਾਗਤ ਲਈ 13 ਨਵੰਬਰ ਨੂੰ ਖਾਲਸਾ ਸਕੂਲ ਗੇਟ ਨੇੜੇ ਪਹੁੰਚਣ ਦੀ ਕ੍ਰਿਪਾਲਤਾ ਕੀਤੀ ਜਾਵੇ। ਇਸ ਮੌਕੇ ਕਮਲਜੀਤ ਸਿੰਘ ਲੌਂਗੀਆਂ, ਦਲਜੀਤ ਸਿੰਘ ਸੈਣੀ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ।

## ਸ਼ਾਮ ਲਾਲ ਜੈਨ ਸੀਨੀਅਰ ਡਿਪਟੀ ਮੇਅਰ ਬਣੇ

**ਬਠਿੰਡਾ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਠਿੰਡਾ ਨਗਰ ਨਿਗਮ ਵਿੱਚ ਅੱਜ ਹੋਈ ਮੀਟਿੰਗ ਦੌਰਾਨ ਸ਼ਾਮ ਲਾਲ ਜੈਨ ਨੇ ਸੀਨੀਅਰ ਡਿਪਟੀ ਮੇਅਰ ਦੇ ਅਹੁਦੇ 'ਤੇ ਕਬਜ਼ਾ ਜਮਾਉਂਦੇ ਹੋਏ ਬਾਜ਼ੀ ਮਾਰ ਲਈ। ਮੀਟਿੰਗ 'ਚ ਕੁੱਲ 42 ਕੌਂਸਲਰ ਹਾਜ਼ਰ ਸਨ, ਜਿਨ੍ਹਾਂ ਵਿੱਚੋਂ 30 ਕੌਂਸਲਰਾਂ ਨੇ ਸ਼ਾਮ ਲਾਲ ਜੈਨ ਦੇ ਹੱਕ ਵਿੱਚ ਵੋਟਾਂ ਪਾਈਆਂ।

ਦੂਜੇ ਪਾਸੇ ਕਾਂਗਰਸ ਦੇ ਉਮੀਦਵਾਰ ਹਰਵਿੰਦਰ ਸਿੰਘ ਲੱਡੂ ਨੂੰ ਸਿਰਫ 12 ਵੋਟਾਂ ਹੀ ਮਿਲ ਸਕੀਆਂ। ਵੋਟਿੰਗ ਦੇ ਨਤੀਜੇ ਦੌਰਾਨ ਹਾਲਾਤ ਵੇਖਦਿਆਂ ਹਰਵਿੰਦਰ ਸਿੰਘ ਲੱਡੂ ਨੇ ਆਪਣਾ ਦਾਅਵਾ ਵਾਪਸ ਲਿਆ, ਜਿਸ ਤੋਂ ਬਾਅਦ ਸ਼ਾਮ ਲਾਲ ਜੈਨ ਨੂੰ ਸਰਬਸੰਮਤੀ ਨਾਲ ਸੀਨੀਅਰ ਡਿਪਟੀ ਮੇਅਰ ਚੁਣਿਆ ਗਿਮੀਟਿੰਗ ਦੌਰਾਨ ਵਿਧਾਇਕ ਜਗਰੂਪ ਸਿੰਘ ਗਿੱਲ ਅਤੇ ਉਨ੍ਹਾਂ ਦੇ ਤਿੰਨ ਸਮਰੱਥਕ ਕੌਂਸਲਰਾਂ ਦੀ ਗੈਰਹਾਜ਼ਰੀ ਚਰਚਾ ਦਾ ਵਿਸ਼ਾ ਬਣੀ ਰਹੀ।



ਇਸ ਚੋਣ 'ਚ ਮਨਪ੍ਰੀਤ ਬਾਦਲ ਧੜੇ ਦੇ ਕੌਂਸਲਰਾਂ ਨੇ ਮਹਿਤਾ ਗਰੁੱਪ ਦੇ ਹੱਕ ਵਿੱਚ ਵੋਟਾਂ ਪਾ ਕੇ ਆਪਣਾ ਸਟੈਂਡ ਸਪੱਸ਼ਟ ਦਰਸਾ ਦਿੱਗੌਰਤਲਬ ਹੈ ਕਿ ਪਦਮਜੀਤ ਸਿੰਘ ਮਹਿਤਾ ਇਸ ਸਮੇਂ ਬਠਿੰਡਾ ਦੇ ਮੇਅਰ ਹਨ ਅਤੇ ਨਵੇਂ ਚੁਣੇ ਗਏ ਸੀਨੀਅਰ ਡਿਪਟੀ ਮੇਅਰ ਸ਼ਾਮ ਲਾਲ ਜੈਨ ਉਨ੍ਹਾਂ ਦੇ ਸਲਾਹਕਾਰ ਵਜੋਂ ਕਾਫ਼ੀ ਸਮੇਂ ਤੋਂ ਵਿਚਰਦੇ ਆ ਰਹੇ ਹਨ। ਇਸ ਨਤੀਜੇ ਤੋਂ ਬਾਅਦ ਨਗਰ ਨਿਗਮ ਦੀ ਰਾਜਨੀਤੀ ਵਿੱਚ ਮਹਿਤਾ ਗਰੁੱਪ ਦੀ ਮਜ਼ਬੂਤੀ ਹੋਰ ਵੱਧ ਗਈ ਹੈ।

## ਏ.ਪੀ.ਜੇ.ਸਕੂਲ 'ਚ ਮਨਾਇਆ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ

**ਖਰੜ, 5 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਏ.ਪੀ.ਜੇ. ਪਬਲਿਕ ਸਕੂਲ ਮੁੰਡੀ ਖਰੜ ਵਿਖੇ ਸਮਾਗਮ ਕਰਵਾਇਆ ਗਿਆ।

ਪਹਿਲਾਂ ਸਵੇਰੇ ਸਕੂਲ ਕੈਂਪਸ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕਰਵਾ ਕੇ ਪਾਠ ਦੇ ਭੋਗ ਪਾਏ ਗਏ ਅਤੇ ਅਰਦਾਸ ਉਪਰੰਤ ਸਕੂਲ ਦੇ ਵਿਦਿਆਰਥੀਆਂ ਨੇ ਕੀਰਤਨ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਦਾ ਗੁਣਗਾਨ ਕੀਤਾ।

ਉਨ੍ਹਾਂ ਦੀਆਂ ਮਿੱਠੀਆਂ ਤੇ ਸੁਰੀਲੀਆਂ ਆਵਾਜ਼ਾਂ ਨੇ ਪੂਰੇ ਸਕੂਲ ਨੂੰ ਆਤਮਿਕ ਸ਼ਾਂਤੀ ਅਤੇ ਖੁਸ਼ੀ ਨਾਲ ਭਰ ਦਿੱਤਾ। ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਧਿਆਨ ਨਾਲ ਸੁਣਦਿਆਂ ਗੁਰੂ ਨਾਨਕ ਦੇਵ ਜੀ ਦੀਆਂ ਕੀਮਤੀ ਸਿੱਖਿਆਵਾਂ, ਦਇਆ, ਨਿਮਰਤਾ, ਸਮਾਨਤਾ ਅਤੇ ਮਨੁੱਖਤਾ ਦੀ ਸੇਵਾ ਨੂੰ ਯਾਦ ਕੀਤਾ।



ਸਕੂਲ ਦੇ ਪ੍ਰਿੰਸੀਪਲ ਜਸਵੀਰ ਚੰਦਰ ਨੇ ਸਭ ਨੂੰ ਸੰਬੋਧਨ ਕਰਦੇ ਹੋਏ ਇਨ੍ਹਾਂ ਗੁਣਾਂ ਨੂੰ ਆਪਣੀ ਦਿਨ ਚਰਿਆ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ। ਸਮਾਰੋਹ ਦਾ ਸਮਾਪਨ ਅਰਦਾਸ ਅਤੇ ਕੜਾਹ ਪ੍ਰਸਾਦ ਦੇ ਸਕੂਲ ਦੇ ਪ੍ਰਿੰਸੀਪਲ ਜਸਵੀਰ ਚੰਦਰ ਨੇ ਸਭ ਨੂੰ ਸੰਬੋਧਨ ਕਰਦੇ ਹੋਏ ਇਨ੍ਹਾਂ ਗੁਣਾਂ ਵਿਤਰਣ ਨਾਲ ਹੋਇਆ, ਜਿਸ ਨਾਲ ਸਾਰਾ ਸਕੂਲ ਗੁਰੂ ਜੀ ਦੇ ਉਪਦੇਸ਼ਾਂ 'ਤੇ ਤੁਰਨ ਦੀ ਪ੍ਰੇਰਣਾ ਨਾਲ ਭਰ ਗਿਆ।

# ਮਿਹਨਤ ਤੇ ਕਲਾ ਦਾ ਸੁਮੇਲ ਚੰਗੇਰਾਂ



**ਹਰਦੀਪ ਸਿੰਘ ਦੁਧਾਲ**

ਪੁਰਾਤਨ ਹਸਤ ਸ਼ਿਲਪ ਕਲਾਵਾਂ ਵਿਚ ਬੋਈਏ ਤੇ ਚੰਗੇਰ ਬਣਾਉਣਾ ਅਦੁੱਤੀ ਕਲਾ ਹੈ । ਅੱਜ ਤੋਂ ਕੁਝ ਸਾਲ ਪਹਿਲਾਂ ਸੁਆਣੀਆਂ ਘਰਾਂ ਵਿਚ ਰਸੋਈ ਲਈ ਅਜਿਹੀਆਂ ਚੰਗੇਰਾਂ ਤੇ ਬੋਈਏ ਕਾਫ਼ੀ ਸ਼ੌਕ ਨਾਲ ਬਣਾਉਂਦੀਆਂ ਸਨ ਜਿਨ੍ਹਾਂ ਵਿਚ ਉਹ ਖਾਧ ਪਦਾਰਥ ਰੱਖਦੀਆਂ ਪਰ ਅਜੋਕੇ ਸਮੇਂ ਵਿਚ ਇਨ੍ਹਾਂ ਬੋਈਏ ਤੇ ਚੰਗੇਰਾਂ ਦੀ ਜਗ੍ਹਾ ਪਲਾਸਟਿਕ ਤੇ ਐਲੂਮੀਨੀਅਮ ਨੇ ਲੈ ਲਈ ਹੈ। ਸਮੇਂ ਦੇ ਬਦਲਣ ਨਾਲ ਅਜਿਹੀਆਂ ਤਬਦੀਲੀਆਂ ਆਉਂਦੀਆਂ ਹੀ ਰਹਿੰਦੀਆਂ ਹਨ, ਫਿਰ ਵੀ ਵਰਤਮਾਨ ਵਿਚ ਅਜਿਹੀਆਂ ਸ਼ਿਲਪ ਕਲਾਵਾਂ ਦੇ ਅਨੇਕਾਂ ਕਦਰਦਾਨ ਹਨ।

ਬੋਈਏ ਤੇ ਚੰਗੇਰ ਬਣਾਉਣ ਲਈ ਭਾਵੇਂ ਸਾਮਾਨ ਬਹੁਤ ਘੱਟ ਲੱਗਦਾ ਹੈ ਪਰ ਇਸ ਲਈ ਮਿਹਨਤ ਕਾਫ਼ੀ ਕਰਨੀ ਪੈਂਦੀ ਹੈ। ਇਹ ਮੁੱਖ ਰੂਪ ਵਿਚ ਘਾਹ ਤੇ ਕਾਹੀ ਨਾਲ ਬਣਾਏ ਜਾਂਦੇ ਹਨ ਪਰ ਇਸ ਤੋਂ ਇਲਾਵਾ ਸਰਵਾੜ ਘਾਹ ਤੇ ਪਰਾਲੀ ਵੀ ਵਰਤੀ ਜਾਂਦੀ ਹੈ। ਮਜ਼ਬੂਤੀ ਪੱਖੋਂ ਕਾਹੀ-ਘਾਹ ਨੂੰ ਵਧੀਆ ਮੰਨਿਆ ਜਾਂਦਾ ਹੈ। ਇਨ੍ਹਾਂ ਦੀਆਂ ਤੀਲੀਆਂ ਲੈ ਕੇ ਇਸ ਨੂੰ ਕੁਝ ਦਿਨ ਸੁਕਾਇਆ ਜਾਂਦਾ ਹੈ। ਸੁੱਕਣ ਤੋਂ ਬਾਅਦ ਤੀਲੀਆਂ ਦੇ ਆਲੇ-ਦੁਆਲੇ ਤਰਤੀਬਵਾਰ ਧਾਗਿਆਂ ਦੇ ਸਮੂਹ ਨੂੰ ਸੂਈ ਦੇ ਨਾਲ ਘੁੰਮਾਇਆ ਜਾਂਦਾ ਹੈ ਤੇ ਤਕਰੀਬਨ ਇਕ ਇੰਚ ਬਣਾਉਣ ਤੋਂ ਬਾਅਦ ਇਸ ਦੀ ਕੰਨੀ 'ਤੇ ਜੋੜ ਵੀ ਬਣਾਇਆ ਜਾਂਦਾ ਹੈ ਤਾਂ ਜੋ ਬੋਈਏ ਜਾਂ ਚੰਗੇਰ ਦੀ ਬਣਾਵਟ ਬਿਲਕੁਲ ਗੋਲ ਬਣੀ ਰਹੇ। ਬੋਈਏ-ਚੰਗੇਰਾਂ ਨੂੰ ਬਣਾਉਣ ਲਈ ਵੱਖ-ਵੱਖ ਰੰਗਾਂ ਦੇ ਧਾਗੇ ਵਰਤੇ ਜਾਂਦੇ ਹਨ ਜਿਨ੍ਹਾਂ ਵਿਚ ਰੇਸ਼ਮੀ, ਪਸ਼ਮ ਤੇ ਸੂਤ ਤੋਂ ਇਲਾਵਾ ਥੈਲਿਆਂ ਨੂੰ ਉਧੇੜ ਕੇ ਉਨ੍ਹਾਂ ਦੇ ਧਾਗੇ ਵੀ ਵਰਤੇ ਜਾਂਦੇ ਹਨ। ਇਸ ਪ੍ਰਕਾਰ ਬੋਈਏ-ਚੰਗੇਰਾਂ 'ਤੇ ਵੱਖਰੇ-ਵੱਖਰੇ ਡਿਜ਼ਾਈਨ ਪਾਉਣ ਲਈ ਰੰਗਦਾਰ ਧਾਗਿਆਂ ਨੂੰ ਵਰਤਿਆ ਜਾਂਦਾ ਹੈ। ਇਨ੍ਹਾਂ ਨਾਲ ਬਣਤਰ ਕਾਫ਼ੀ ਦਿਲ ਖਿੱਚਵੀਂ ਬਣ ਜਾਂਦੀ ਹੈ। ਇਹ ਮਿਹਨਤ ਤੇ ਕਲਾ ਦਾ ਸੁਮੇਲ ਹੈ ਤੇ ਇਸ ਪ੍ਰਕਾਰ ਵਿਹਲੇ ਸਮੇਂ ਦੀ ਸਹੀ ਵਰਤੋਂ ਤੋਂ ਇਲਾਵਾ ਘਰੇਲੂ ਕੰਮਕਾਰ ਦੇ ਨਾਲ ਨਾਲ ਵੀ ਇਹ ਬਣਾਏ ਜਾ ਸਕਦੇ ਹਨ।

ਇਹ ਇਕ ਸ਼ੌਕ ਤੋਂ ਇਲਾਵਾ ਆਪਣੀ ਮਿਹਨਤ ਨਾਲ ਆਮਦਨ ਵਧਾਉਣ ਦਾ ਵੀ ਵਧੀਆ ਵਸੀਲਾ ਹੈ। ਇਹ ਸੋਹਣੇ ਡਿਜ਼ਾਈਨ, ਟਿਕਾਊ ਤੇ ਸਵਦੇਸ਼ੀ ਹੋਣ ਕਾਰਨ ਹਰ ਕਿਸੇ ਨੂੰ ਪਸੰਦ ਆ ਜਾਂਦੇ ਹਨ। ਪਹਿਲਾਂ ਕੁੜੀਆਂ ਇਕੱਠੀਆਂ ਬੈਠ ਕੇ ਅਜਿਹੀਆਂ ਕਲਾਵਾਂ ਸਿਰਜਦੀਆਂ ਰਹਿੰਦੀਆਂ ਸਨ। ਦਾਜ ਵਿਚ ਅਜਿਹੀਆਂ ਕਲਾਵਾਂ ਦਾ ਖ਼ਾਸ ਮਹੱਤਵ ਹੁੰਦਾ ਸੀ ਪਰ ਹੁਣ ਚੰਗੇਰ ਜਾਂ ਬੋਈਏ ਨੂੰ ਸਿਰਫ਼ ਇਕ ਯਾਦਗਾਰੀ ਤੋਹਫ਼ੇ ਦੇ ਤੌਰ 'ਤੇ ਦਿੱਤਾ ਜਾਂਦਾ ਹੈ। ਹੁਣ ਕੋਈ ਵਿਰਲੀ ਕੁੜੀ ਹੀ ਅਜਿਹੀਆਂ ਕਲਾਵਾਂ ਸਿੱਖਣ ਦੀ ਚਾਹਵਾਨ ਹੁੰਦੀ ਹੈ। ਸਮੇਂ ਦੇ ਬੀਤਣ ਨਾਲ ਇਹ ਹਸਤ ਕਲਾ ਲੋਪ ਹੋ ਰਹੀ ਹੈ। ਪਰ ਸ਼ਹਿਰਾਂ ਨਾਲੋਂ ਪਿੰਡਾਂ ਵਿਚ ਇਨ੍ਹਾਂ



ਪੁਰਾਣੀਆਂ ਵਿਰਾਸਤੀ ਸੱਭਿਆਚਾਰ ਕਲਾਵਾਂ ਦੀ ਅਜੇ ਵੀ ਕਾਫ਼ੀ ਕਦਰ ਹੈ। ਉਂਜ ਇਹ ਕਲਾਵਾਂ ਭਲੇ ਵੇਲਿਆਂ ਦੇ ਪਿਛੋਕੜ ਦੀਆਂ ਯਾਦਾਂ ਤਾਜ਼ੀਆਂ ਕਰ ਦਿੰਦੀਆਂ ਹਨ ਤੇ ਇਕ ਸਬਰ-ਸੰਤੋਖੀ ਜੀਵਨ ਦਾ ਸੁਖਦ ਅਹਿਸਾਸ ਕਰਾਉਂਦੀਆਂ ਹਨ। ਅਜਿਹੀਆਂ ਕਲਾਵਾਂ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਸਾਨੂੰ ਇਸ ਅਮੀਰ ਵਿਰਸੇ ਦੀਆਂ ਵਡਮੁੱਲੀਆਂ ਕਲਾਵਾਂ ਨਾਲ ਜੁੜੇ ਰਹਿਣਾ ਚਾਹੀਦਾ ਹੈ। ਜੇ ਅਸੀ ਇਨ੍ਹਾਂ ਕਲਾਵਾਂ ਦੇ ਵਾਰਿਸ ਨਹੀਂ ਬਣ ਸਕਦੇ ਤਾਂ ਘੱਟੋ-ਘੱਟ ਇਨ੍ਹਾਂ ਦੇ ਕਦਰਦਾਨ ਤਾਂ ਜ਼ਰੂਰ ਬਣੀਏ। •

**ਮੋਬਾਈਲ** : 85669-58521

# ਸਵੈਮਾਣ ਦੀ ਜ਼ਿੰਦਗੀ



**ਕੁਲਦੀਪ ਕੌਰ 'ਦੀਪ'**

ਮਨੁੱਖਤਾ ਦੀ ਲੜੀ ਨੂੰ ਤੋਰਨਾ ਅਤੇ ਉਸ ਵਿਚ ਖੁਸ਼ੀਆਂ ਭਰਨਾ ਹੀ ਸਭ ਤੋਂ ਮਹਾਨ ਕਾਰਜ ਹੈ। ਇਸ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਔਰਤ ਤੇ ਮਰਦ ਦਾ ਬਿਲਕੁਲ ਬਰਾਬਰ ਦਾ ਰੋਲ ਹੈ। ਇਸ ਕਾਰਜ ਦੀ ਪ੍ਰਾਪਤੀ ਦਾ ਆਧਾਰ ਹੈ ਔਰਤ ਤੇ ਮਰਦ ਦਾ ਪਿਆਰ। ਪਰ ਇਹ ਧੱਕੇ ਨਾਲ ਨਹੀਂ ਕੀਤਾ ਜਾ ਸਕਦਾ। ਕਿਸੇ ਦਾ ਮਨ ਜਿੱਤਣ ਲਈ ਭਗਤੀ ਦੀ ਲੋੜ ਨਹੀਂ ਹੁੰਦੀ ਹੈ, ਆਪਾ ਵਾਰਨ ਦਾ ਇਰਾਦਾ ਹੁੰਦਾ ਹੈ। ਪਰ ਇਹ ਦੋਵੇਂ ਹੀ ਬਹੁਤ ਕਠਿਨ ਹਨ। ਮਰਦ ਨੇ ਔਰਤ ਦਾ ਮਨ ਜਿੱਤਣ ਲਈ ਭਗਤੀ ਦੀ ਥਾਂ ਆਪਣੀ ਜਿਸਮਾਨੀ ਤਾਕਤ ਦਾ ਨਜ਼ਾਇਜ਼ ਫਾਇਦਾ ਉਠਾਉਂਦੇ ਹੋਏ ਉਸ ਨੂੰ ਧੱਕੇ ਨਾਲ ਵੱਸ ਕਰਨ ਦੀ ਕੋਸ਼ਿਸ਼ ਕੀਤੀ। ਜਿਸ ਵਿਚ ਉਹ ਸਫ਼ਲ ਵੀ ਹੋਇਆ। ਉਹ ਔਰਤ ਨੂੰ ਜ਼ਿੰਦਗੀ 'ਚ ਬਰਾਬਰ ਦਾ ਪੂਰਕ ਮੰਨਣ ਤੋਂ ਇਨਕਾਰੀ ਹੋ ਗਿਆ। ਸਮਾਜਕ ਪ੍ਰੰਪਰਾਵਾਂ ਇਸ ਤਰ੍ਹਾਂ ਦੀਆਂ ਬਣ ਗਈਆਂ ਕਿ ਔਰਤ ਮਰਦ ਦੀ ਗੁਲਾਮ ਬਣਕੇ ਰਹਿ ਗਈ। ਜਗੀਰੂ ਪ੍ਰੰਪਰਾਵਾਂ, ਜੋ ਹਾਲੇ ਵੀ ਭਾਰੂ ਹਨ, ਦੇ ਮੁਤਾਬਕ ਉੱਚੇ ਖਾਨਦਾਨ ਵਾਲੇ ਮਰਦ ਇਕ ਤੋਂ ਵੱਧ ਔਰਤਾਂ ਨਾਲ ਵਿਆਹ ਕਰਵਾ ਸਕਦੇ ਹਨ, ਸਬੰਧ ਰੱਖ ਸਕਦੇ ਸਨ ਜਾਂ ਰਖੇਲਾਂ ਰੱਖ ਸਕਦੇ ਸਨ। ਉਸ ਦੇ ਉੱਲਟ ਉੱਚੇ ਖਾਨਦਾਨ ਦੀ ਔਰਤ ਇਕ ਵਾਰ ਹੀ ਵਿਆਹ ਕਰਵਾ ਸਕਦੀ ਸੀ ਅਤੇ ਉਸ ਤੋਂ ਇਲਾਵਾ ਦੂਜਾ

ਮਰਦ ਉਸ ਦੀ ਜ਼ਿੰਦਗੀ ਵਿਚ ਨਹੀਂ ਸੀ ਆ ਸਕਦਾ, ਚਾਹੇ ਉਹ ਸਾਰੀ ਉਮਰ ਪਤੀ ਦੇ ਤਸ਼ੱਦਦ ਵਿਚ ਪਿਆਰ ਰਹਿਤ ਜ਼ਿੰਦਗੀ ਕੱਢੇ, ਚਾਹੇ ਰੰਡੇਪੇ ਵਿਚ ਜਾਂ ਕਹਿ ਲਵੋ, ਪਿਆਰ ਉਸ ਦਾ ਨਾਂ ਹੱਕ ਸੀ ਨਾ ਧਰਮ । ਮਰਦ ਵੈਸ਼ ਦਾ ਪ੍ਰਤੀਕ ਬਣ ਗਿਆ ਅਤੇ ਜਨਣੀ ਔਰਤ ਪੈਰ ਦੀ ਜੁੱਤੀ। ਅੱਜ ਵੀ ਸਾਡੇ ਉਹੀ ਸੰਸਕਾਰ ਹਨ। ਔਰਤ ਨੂੰ ਅਸੀਂ ਦੋਮ ਦਰਜੇ ਵਿਚ ਸਮਝਦੇ ਹਾਂ।

ਲੜਕੀਆਂ ਕਿਉਂ ਭਾਰ ਹਨ, ਸਾਡੇ ਪਰਿਵਾਰਾਂ ਲਈ? ਬਚਪਨ ਤੋਂ ਜਵਾਨੀ ਤਕ ਉਸ ਦੇ ਮਾਪਿਆਂ ਨੂੰ ਉਸ ਦੀ ਰਾਖੀ ਕਰਨੀ ਪੈਂਦੀ ਹੈ। ਵਿਆਹ ਤੋਂ ਪਹਿਲਾਂ ਲੜਕੇ ਤੋਂ ਕੋਈ ਗਲਤੀ ਤਾਂ 'ਭੁੱਲ' ਮੰਨ ਕੇ ਮਾਫ਼ ਹੋ ਜਾਂਦੀ ਹੈ ਪਰ ਲੜਕੀ ਕੋਲੋਂ ਗ਼ਲਤੀ ਹੋ ਜਾਏ ਤਾਂ ਬੱਸ ਇਕ ਸਮੱਸਿਆ ਬਣ ਜਾਂਦੀ ਹੈ। ਉਹ ਇਕ ਚਰਿੱਤਰਹੀਣ ਬਣ ਕੇ ਰਹਿ ਜਾਂਦੀ ਹੈ ਅਤੇ ਉਸ ਦਾ ਵਿਆਹ ਹੋਣਾ ਮੁਸ਼ਕਲ ਹੋ ਜਾਂਦਾ ਹੈ। ਇੱਥੋਂ ਤੀਕ ਕਿ ਉਸ ਦੇ ਭੈਣ ਭਰਾਵਾਂ ਦੇ ਰਿਸ਼ਤਿਆਂ 'ਤੇ ਵੀ ਬੁਰਾ ਅਸਰ ਪੈਂਦਾ ਹੈ। ਉਸ ਦੇ ਮਾਪਿਆਂ ਦਾ ਜ਼ਿੰਦਗੀ ਘਰ ਲਈ ਸਿਰ ਨੀਵਾਂ ਹੋ ਜਾਂਦਾ ਹੈ। ਇਹ ਗੱਲ ਤਾਂ ਵੀ ਲਾਗੂ ਹੁੰਦੀ ਹੈ ਜੇ ਲੜਕੀ ਨਾਲ ਧੱਕਾ ਜਾਂ ਧੋਖਾ ਵੀ ਹੋਇਆ ਹੋਵੇ।

ਵਿਆਹ ਤੋਂ ਬਾਅਦ ਦਾਜ ਦਹੇਜ ਦੇਣ ਦੇ ਬਾਵਜੂਦ ਵੀ ਕਿਸੇ ਸੱਭਿਆ ਘਰ ਵਿਚ ਲੜਕੀ ਨੂੰ, ਇੱਜ਼ਤ, ਮਾਣ, ਪਿਆਰ ਤੇ ਸਤਿਕਾਰ ਨਹੀਂ ਮਿਲਦਾ। ਜਿਸ ਤਰ੍ਹਾਂ ਦਾ ਵੀ ਘਰ ਉਸ ਨੂੰ ਮਿਲ ਗਿਆ, ਉਸ ਨੂੰ ਉਸੇ ਘਰ ਰਹਿਣਾ ਪਵੇਗਾ, ਉਸ ਕੋਲ ਹੋਰ ਕੋਈ ਰਾਹ ਨਹੀਂ। ਜੇ ਉਹ ਵਿਆਹ ਤੋੜਦੀ ਹੈ ਤਾਂ ਉਸ ਦਾ ਦੂਜਾ ਵਿਆਹ ਹੋਣਾ ਮੁਸ਼ਕਲ ਹੈ ਅਤੇ ਅਜਿਹਾ ਕਰਨਾ ਉਸ ਦੇ ਮਾਪਿਆਂ ਦੇ ਪਰਿਵਾਰ ਲਈ ਕਲੰਕ ਹੈ। ਇਸ ਲਈ ਉਸ ਦੇ ਮਾਪੇ ਝੂਠੀ ਇੱਜ਼ਤ ਲਈ ਉਸ ਨੂੰ ਉਸੇ ਨਰਕ ਵਿਚ ਸੜਣ ਲਈ ਮਜ਼ਬੂਰ ਕਰਦੇ ਹਨ। ਬੇਸ਼ੱਕ ਇਸ ਦਾ ਦਰਦ ਉਨ੍ਹਾਂ ਨੂੰ ਵੀ ਹੁੰਦਾ ਹੈ ਪਰ ਉਨ੍ਹਾਂ ਕੋਲ ਵੀ ਸਮਾਜਕ ਪ੍ਰੰਪਰਾਵਾਂ ਨੂੰ ਤੋੜਣ ਦਾ ਹੌਸਲਾ ਨਹੀਂ, ਕੋਈ ਬਦਲ ਨਹੀਂ। ਜੇ ਉਹ ਮਾਪਿਆਂ ਕੋਲ ਹੀ ਰਹਿੰਦੀ ਹੈ ਤਾਂ ਵੀ ਦੋਮ ਦਰਜੇ ਦੀ ਜ਼ਿੰਦਗੀ ਜਿਉਂਦੀ ਹੈ। ਜੇ ਉਹ ਦੂਜਾ ਵਿਆਹ ਕਰਵਾ ਵੀ ਲਵੇ ਤਾਂ ਉਸ ਵਿਆਹ ਲਈ ਵੀ ਉਸ ਦਾ ਦੋਮ ਦਰਜਾ ਮੰਨ ਕੇ ਵਿਆਹ ਹੁੰਦਾ ਹੈ। ਇੱਥੇ ਇਹ ਵਰਨਣਯੋਗ ਹੈ ਕਿ ਸਾਡੇ ਸਮਾਜ ਵਿਚ ਜੇ ਕਿਸੇ ਦੀ ਪਤਨੀ ਦੀ ਸਮੇਂ ਤੋਂ ਪਹਿਲਾਂ ਮੌਤ ਹੋ ਜਾਵੇ ਤਾਂ ਉਸ ਆਦਮੀ ਦੇ ਘਰ ਵਸਾਉਣ ਬਾਰੇ ਤੇ ਉਸ ਦੀ ਰੋਟੀ ਪੱਕਦੀ ਕਰਨ ਬਾਰੇ ਕੁਝ ਸਮਾਂ ਬਾਅਦ ਰਿਸ਼ਤੇਦਾਰ, ਦੋਸਤ ਮਿੱਤਰ ਸਲਾਹ ਕਰਦੇ ਹੋਏ ਯਤਨਸ਼ੀਲ ਹੋ ਜਾਂਦੇ ਹਨ ਅਤੇ ਉਸ ਦਾ ਘਰ ਵਸਾ ਦਿੰਦੇ ਹਨ ਪਰ ਇਸ ਦੇ ਉਲਟ ਜੇ ਕੋਈ ਔਰਤ ਵਿਧਵਾ ਹੋ ਜਾਵੇ ਤਾਂ ਉਸ ਦੀ ਦੂਜੇ ਵਿਆਹ ਬਾਰੇ ਸਮਾਜ ਕਿਨ੍ਹਾਂ ਕੁ ਗੰਭੀਰ ਹੁੰਦਾ ਹੈ ਇਹ ਦੱਸਣ ਦੀ ਲੋੜ ਨਹੀਂ। ਜਿਸ ਸਭਿਅਤਾ ਦੀ ਅਸੀਂ ਡੀਂਗ ਮਾਰਦੇ ਹਾਂ, ਅਸਲ ਵਿਚ ਇਹ ਤਾਂ ਉਸ ਦਾ ਜਨਾਜ਼ਾ ਹੈ ਕਿ ਔਰਤ ਨੂੰ ਅਸੀਂ ਜ਼ਿੰਦਗੀ ਦਾ ਬਰਾਬਰ ਦਾ ਅੱਧਾ ਪੂਰਕ ਨਹੀਂ ਮੰਨਦੇ ਅਤੇ ਉਸ ਨੂੰ ਘਟੀਆ ਦਰਜਾ ਦਿੰਦੇ ਹਾਂ ਅਤੇ ਉਸ ਨੂੰ ਬਣਦੀ ਇੱਜ਼ਤ, ਮਾਣ, ਪਿਆਰ ਨਹੀਂ ਦਿੰਦੇ। ਅਸੀਂ ਸ਼ਾਂਤੀ ਦਾ ਹੋਕਾ ਦਿੰਦੇ ਹਾਂ ਪਰ ਅੱਧੀ ਮਨੁੱਖ ਜਾਤੀ 'ਤੇ ਜ਼ੁਲਮ ਢਾਹੁੰਦੇ ਹਾਂ। ਜੇ ਔਰਤ ਨੂੰ ਸਮਾਜ ਵਿਚ ਸਵੈ-ਮਾਣ, ਇੱਜ਼ਤ, ਪਿਆਰ ਮਿਲ ਜਾਵੇ ਤਾਂ ਉਹ ਬਿਨ੍ਹਾਂ ਕਿਸੇ ਦੇ ਸਹਾਰੇ ਜ਼ਿੰਦਗੀ ਦਾ ਸਫ਼ਰ ਪੂਰਾ ਕਰ ਸਕਦੀ ਹੈ। ਸਾਨੂੰ ਹਰ ਪ੍ਰਚਾਰ ਸਾਧਨ ਜੁਟਾ ਕੇ ਅਤੇ ਜਾਗਰੁਕਤਾ ਰਾਹੀਂ ਲੋਕਾਂ ਦੇ ਦਿਲਾਂ ਵਿਚ ਇਹ ਗੱਲ ਬਠਾਉਣੀ ਚਾਹੀਦੀ ਹੈ ਕਿ ਔਰਤ ਜ਼ਿੰਦਗੀ ਦਾ ਓਨਾਂ ਖ਼ੂਬਸੂਰਤ ਹਿੱਸਾ ਹੈ ਜਿੰਨਾ ਕਿ ਮਰਦ। ਔਰਤ ਓਨਾ ਹੀ ਕੁਰਬਾਨੀ ਦੇ ਸਕਦੀ ਹੈ ਜਿੰਨੀ ਮਰਦ।

ਇਸ ਲਈ ਸਾਨੂੰ ਖ਼ਾਸ ਕਰਕੇ ਔਰਤ ਸਭਾਵਾਂ, ਅਗਾਂਹ ਵਧੂ ਅਤੇ ਜਮਹੂਰੀ ਅਧਿਕਾਰ ਸਭਾਵਾਂ ਅਤੇ ਹੋਰ ਇਸ ਤਰ੍ਹਾਂ ਦੀਆਂ ਸੰਸਥਾਵਾਂ ਨੂੰ ਇਸ ਸਮਾਜਕ ਬਦਲ ਨੂੰ, ਜਿਸ ਨਾਲ ਕਿ ਅੱਧੀ ਮਨੁੱਖ ਜਾਤੀ ਨੂੰ ਸੁਤੰਤਰਤਾ ਮਿਲਣੀ ਹੈ, ਜ਼ਰੂਰੀ ਕਾਰਜ ਮਨ ਕੇ ਕਦਮ ਚੁੱਕਣਾ ਚਾਹੀਦਾ ਹੈ ਤਾਂ ਕਿ ਔਰਤ ਨੂੰ ਬਰਾਬਰ ਦੀ ਇੱਜ਼ਤ, ਪਿਆਰ ਤੇ ਸਨਮਾਨ ਮਿਲੇ। •

# ਔਰਤ ਦੇ ਜੀਵਨ ਦੀਆਂ ਸਮੱਸਿਆਵਾਂ

**ਅਰਵਿੰਦ ਕੁਮਾਰ**




ਭਾਰਤੀ ਸੱਭਿਅਤਾ ਦੁਨੀਆ ਦੀਆਂ ਸਭ ਤੋਂ ਪ੍ਰਾਚੀਨ ਸੱਭਿਅਤਾਵਾਂ ਵਿੱਚੋਂ ਇਕ ਹੈ। ਇਸ ਵਿਚ ਔਰਤ ਨੂੰ ਬਹੁਤ ਉੱਚਾ ਰੁਤਬਾ ਹਾਸਿਲ ਹੈ। ਜੇਕਰ ਅਸੀਂ ਸਿੰਧੂ ਘਾਟੀ ਦੇ ਸਮੇਂ ਦੀ ਗੱਲ ਕਰੀਏ ਤਾਂ ਸ਼ਕਤੀ ਮਾਂ ਇਕ ਮਹੱਤਵਪੂਰਨ ਦੇਵੀ ਸੀ। ਰਿਗਵੇਦ ਵਿਚ ਵੀ ਕਈ ਦੇਵੀਆਂ, ਨਾਰੀ ਸੰਤਾਂ ਅਤੇ ਔਰਤ ਵਿਦਵਾਨਾਂ ਦਾ ਜ਼ਿਕਰ ਆਉਂਦਾ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਵੈਦਿਕ ਕਾਲ ਦੌਰਾਨ ਔਰਤਾਂ ਉੱਚ ਸਿੱਖਿਆ ਪ੍ਰਾਪਤ ਕਰਦੀਆਂ ਸਨ ਅਤੇ ਸਮਾਜ ਵਿਚ ਉਨ੍ਹਾਂ ਨੂੰ ਪੂਰਾ ਮਾਣ ਹਾਸਿਲ ਸੀ। ਵੈਦਿਕ ਸਾਹਿਤ ਤੋਂ ਪਤਾ ਲੱਗਦਾ ਹੈ ਕਿ ਪ੍ਰਾਚੀਨ ਕਾਲ ਵਿਚ ਔਰਤ ਨੂੰ ਸਮਾਜਿਕ ਖੇਤਰ ਵਿਚ ਬਹੁਤ ਉੱਚਾ ਦਰਜਾ ਹਾਸਿਲ ਸੀ। ਉਹ ਆਪਣੀ ਮਰਜ਼ੀ ਦੀ ਸਿੱਖਿਆ ਪ੍ਰਾਪਤ ਕਰ ਸਕਦੀ ਸੀ। ਉਹ ਇੱਛਾ ਅਨੁਸਾਰ ਆਪਣੀ ਮਰਜ਼ੀ ਦਾ ਪਤੀ ਚੁਣ ਸਕਦੀ ਸੀ ਅਤੇ ਵਿਆਹ ਤੋਂ ਇਨਕਾਰ ਵੀ ਕਰ ਸਕਦੀ ਸੀ। ਅਨੇਕਾਂ ਧਾਰਮਿਕ ਕਰਮਕਾਂਡਾਂ ਵਿਚ ਔਰਤ ਦੀ ਹਾਜ਼ਰੀ ਜ਼ਰੂਰੀ ਸੀ। ਪਿਤਾ-ਪੁਰਖ਼ੀ ਦੇ ਨਾਲ ਨਾਲ ਮਾਤਾ-ਪੁਰਖ਼ੀ ਪਰਿਵਾਰ ਵੀ ਸਨ ਜਿਨ੍ਹਾਂ ਵਿਚ ਪਰਿਵਾਰ ਦਾ ਮੁੱਖੀ ਸਭ ਤੋਂ ਵਡੇਰੀ ਔਰਤ ਨੂੰ ਮੰਨਿਆ ਜਾਂਦਾ ਸੀ।

ਅੱਜ ਭਾਵੇਂ ਅਸੀਂ ਆਧੁਨਿਕ ਹੋਣ ਦਾ ਦਾਅਵਾ ਕਰਦੇ ਹਾਂ ਪਰ ਫਿਰ ਵੀ ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਦੇਣ ਵਿਚ ਅਸਫ਼ਲ ਰਹੇ ਹਾਂ। ਪਿਛਲੇ 70 ਸਾਲਾਂ ਤੋਂ ਦੇਸ਼ ਦੀ ਅਜ਼ਾਦੀ ਦੇ ਜਸ਼ਨ ਮਨਾ ਰਹੇ ਹਾਂ ਪਰ ਔਰਤਾਂ ਨੂੰ ਪੂਰਨ ਆਜ਼ਾਦੀ ਨਹੀਂ ਦਿਵਾ ਸਕੇ। ਅਨੇਕਾਂ ਮਾਮਲਿਆਂ ਵਿਚ ਅੱਜ ਵੀ ਉਸ ਨੂੰ ਮਰਦ ਦੇ ਮੁਕਾਬਲੇ ਹੀਣ ਸਮਝਿਆ ਜਾਂਦਾ ਹੈ। ਜ਼ਿਆਦਾਤਰ ਘਰਾਂ ਵਿਚ ਅੱਜ ਵੀ ਪਹਿਲਾ ਬੱਚਾ ਲੜਕਾ ਹੋਣ ਦੀ ਕਾਮਨਾ ਕੀਤੀ ਜਾਂਦੀ ਹੈ। ਲੜਕੇ ਦੇ ਜਨਮ ਤੇ ਜਸ਼ਨ ਮਨਾਏ ਜਾਂਦੇ ਹਨ ਜਦੋਂ ਕਿ ਲੜਕੀ ਦੇ ਜਨਮ ਤੇ ਮਾਤਮ ਛਾ ਜਾਂਦਾ ਹੈ। ਅਨੇਕਾਂ ਪਰਿਵਾਰਾਂ ਵਿਚ ਬੱਚੇ ਦਾ ਦਾਖ਼ਲਾ ਕਰਵਾਉਂਦੇ ਸਮੇਂ ਲੜਕੀਆਂ ਨਾਲ ਵਿਤਕਰਾ ਹੁੰਦਾ ਹੈ। ਲੜਕਿਆਂ ਨੂੰ ਵੱਡੇ ਅਤੇ ਮਹਿੰਗੇ ਸਕੂਲਾਂ ਵਿਚ ਦਾਖ਼ਲ ਕਰਵਾਇਆ ਜਾਂਦਾ ਹੈ ਜਦੋਂ ਕਿ ਲੜਕੀਆਂ ਨੂੰ ਛੋਟੇ ਅਤੇ ਸਸਤੇ ਸਕੂਲਾਂ ਵਿਚ ਦਾਖਲ ਕਰਵਾ ਕੇ ਖਾਨਾਪੂਰਤੀ ਕਰ ਲਈ ਜਾਂਦੀ ਹੈ। ਇਕ ਖ਼ਾਸ ਉਮਰ ਤੋਂ ਬਾਅਦ ਲੜਕੀ ਨੂੰ ਸਕੂਲੋਂ ਹਟਾ ਕੇ ਘਰ ਦੇ ਕੰਮ ਲਗਾ ਲਿਆ ਜਾਂਦਾ ਹੈ ਜਦੋਂ ਕਿ ਲੜਕਾ ਜਿੰਨੀ ਉਮਰ ਤਕ ਚਾਹੇ, ਸਿੱਖਿਆ ਪ੍ਰਾਪਤ ਕਰ ਸਕਦਾ ਹੈ।

ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਦਾਅਵਾ ਕਰਨ ਵਾਲੇ ਅਸੀਂ ਅੱਜ ਵੀ ਔਰਤ ਨੂੰ ਆਪਣੇ ਹੱਕਾਂ ਦੀ ਵਰਤੋਂ ਸੁਤੰਤਰਤਾ ਨਾਲ ਨਹੀਂ ਕਰਨ ਦਿੰਦੇ। ਵੋਟ ਪਾਉਣ ਸਮੇਂ ਉਸ ਨੂੰ ਆਪਣੇ ਘਰਦਿਆਂ ਦੀ ਮਰਜ਼ੀ ਬਾਰੇ ਸੋਚਣਾ ਪੈਂਦਾ ਹੈ। ਅਨੇਕਾਂ ਸਰਪੰਚ ਔਰਤਾਂ ਅਜਿਹੀਆਂ ਹਨ ਜਿਨ੍ਹਾਂ ਦੇ ਨਾਂ ਤੇ ਸਾਰੇ ਕੰਮ ਉਨ੍ਹਾਂ ਪਤੀਆਂ ਦੁਆਰਾ ਕੀਤੇ ਜਾਂਦੇ ਹਨ। ਜਨਮ ਤੋਂ ਹੀ ਲੜਕੀਆਂ 'ਤੇ ਅਨੇਕਾਂ ਪਾਬੰਦੀਆਂ ਲੱਗ ਜਾਂਦੀਆਂ ਹਨ। ਬਚਪਨ ਵਿਚ ਉਹ ਮਾਪਿਆਂ ਦੀ ਮਰਜ਼ੀ ਅਨੁਸਾਰ, ਵਿਆਹ ਤੋਂ ਬਾਅਦ ਪਤੀ ਦੀ ਮਰਜ਼ੀ ਅਨੁਸਾਰ ਅਤੇ ਬੁਢਾਪੇ ਵਿਚ ਔਲਾਦ ਦੀ ਮਰਜ਼ੀ ਅਨੁਸਾਰ ਜੀਵਨ ਬਤੀਤ ਕਰਦੀਆਂ ਹਨ। ਔਰਤਾਂ ਦੇ ਭਲੇ ਲਈ ਭਾਵੇਂ ਅਨੇਕਾਂ ਕਾਨੂੰਨਾਂ ਦਾ ਨਿਰਮਾਣ ਕੀਤਾ ਗਿਆ ਹੈ ਪਰ ਇਹ ਕਾਨੂੰਨ ਸਰਵਵਿਆਪਕ ਨਹੀਂ ਹਨ। ਇਨ੍ਹਾਂ ਨੂੰ ਲਾਗੂ ਕਰਵਾਉਣ ਲਈ ਵੀ ਔਰਤਾਂ ਨੂੰ ਸੰਘਰਸ਼ ਕਰਨਾ ਪੈਂਦਾ ਹੈ। ਸਾਡਾ ਕਾਨੂੰਨ ਤਾਂ ਔਰਤਾਂ ਨੂੰ ਮਰਦਾਂ ਦੇ ਬਰਾਬਰ ਮੰਨਦਾ ਹੈ ਪਰ ਸਾਡਾ ਸਮਾਜ ਨਹੀ ਮੰਨਦਾ। ਔਰਤਾਂ ਦੇ ਮੁਕਾਬਲੇ ਮਰਦਾਂ ਦੀ ਸਾਖ਼ਰਤਾ ਦਰ ਹਮੇਸ਼ਾ ਹੀ ਜ਼ਿਆਦਾ ਰਹੀ ਹੈ। ਦਹੇਜ ਸਿਰਫ਼ ਲੜਕੀ ਵਾਲਿਆਂ ਤੋਂ ਹੀ ਮੰਗਿਆ ਜਾਂਦਾ ਹੈ। ਦੇਸ਼ ਦੇ ਅਨੇਕਾਂ ਰਾਜਾਂ ਵਿਚ ਅਜੇ ਵੀ ਭਰੂਣ ਹੱਤਿਆ, ਬਾਲ ਵਿਆਹ ਆਦਿ ਵਰਗੀਆਂ ਕੁਰੀਤੀਆਂ ਪ੍ਰਚਲਿਤ ਹਨ, ਜਿਹੜੀਆਂ ਔਰਤਾਂ ਦੀਆਂ ਸਮੱਸਿਆਵਾਂ ਵਿਚ ਵਾਧਾ ਕਰ ਰਹੀਆਂ ਹਨ।

ਸਿੱਖਿਆ ਨੇ ਲੜਕੀਆਂ ਦਾ ਜੀਵਨ ਸੁਧਾਰਨ ਵਿਚ ਬਹੁਤ ਯੋਗਦਾਨ ਦਿੱਤਾ ਹੈ ਪਰ ਹਰ ਇਕ ਲੜਕੀ ਲਈ ਸਿੱਖਿਆ ਪ੍ਰਾਪਤੀ ਸੰਭਵ ਨਹੀ ਹੈ। ਸਰਵ ਸਿੱਖਿਆ ਅਭਿਆਨ ਅਤੇ ਲਾਜ਼ਮੀ ਸਿੱਖਿਆ ਕਾਨੂੰਨ ਨੇ ਲੜਕੀਆਂ ਦੀ ਸਿੱਖਿਆ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ ਹੈ ਪਰ ਅਨੇਕਾਂ ਸਮਾਜਾਂ ਵਿਚ ਇਹ ਵੀ ਬੇਅਸਰ ਹਨ। ਲੜਕੀਆਂ ਨੂੰ ਅੱਜ ਵੀ ਮਾਪਿਆਂ ਤੇ ਬੋਝ ਸਮਝਿਆ ਜਾਂਦਾ ਹੈ। ਮਾਪਿਆਂ ਦੀ ਜਾਇਦਾਦ ਵਿੱਚੋਂ ਹੱਕ ਮੰਗਣ ਵਾਲੀ ਲੜਕੀ ਦਾ ਦੁਸ਼ਮਣ ਸਾਰਾ ਸਮਾਜ ਬਣ ਜਾਂਦਾ ਹੈ। ਸਕੂਲਾਂ ਵਿਚ ਲੜਕੀਆਂ ਆਪਣੇ ਸਹਿਪਾਠੀਆਂ, ਦਫ਼ਤਰਾਂ ਵਿਚ ਸਹਿਕਰਮੀਆਂ ਅਤੇ ਘਰਾਂ ਵਿਚ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਦੇ ਤਾਅਨਿਆਂ ਦਾ ਸ਼ਿਕਾਰ ਹੁੰਦੀਆਂ ਹਨ। ਬੱਸਾਂ ਵਿਚ ਮਨਚਲੇ, ਗਲੀਆਂ ਦੇ ਮੋੜਾਂ 'ਤੇ ਖੜ੍ਹੇ ਮਜਨੂੰ ਕਿਸਮ ਦੇ ਲੋਕ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ ਹਨ। ਵੱਡੀ ਤ੍ਰਾਸਦੀ ਇਹ ਹੁੰਦੀ ਹੈ ਕਿ ਉਨ੍ਹਾਂ ਦੇ ਮਾਪੇ ਜ਼ੁਲਮ ਕਰਨ ਵਾਲਿਆਂ ਤੇ ਨਕੇਲ ਪਾਉਣ ਦੀ ਥਾਂ 'ਤੇ ਲੜਕੀਆਂ ਨੂੰ ਹੀ ਧਿਆਨ ਰੱਖਣ ਦੀਆਂ ਹਦਾਇਤਾਂ ਦਿੰਦੇ ਜਾਂ ਫਿਰ ਸਕੂਲੋਂ/ਦਫ਼ਤਰੋਂ ਹਟਾ ਲੈਂਦੇ ਹਨ। ਉਪਰੋਕਤ ਸਾਰੀਆਂ ਸਮੱਸਿਆਵਾਂ ਦਾ ਵੱਡਾ ਕਾਰਨ ਔਰਤ ਪ੍ਰਤੀ ਸਾਡੀ ਮਾਨਸਿਕਤਾ ਹੈ। ਔਰਤਾਂ ਪੈਦਾ ਨਹੀਂ ਹੁੰਦੀਆਂ, ਉਨ੍ਹਾਂ ਤੇ ਬੰਦਿਸ਼ਾਂ ਲਗਾ ਕੇ ਉਨ੍ਹਾਂ ਨੂੰ ਔਰਤਾਂ ਵਾਂਗ ਜਿਉਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ। ਲਗਾਤਾਰ ਬੰਦਿਸ਼ਾਂ ਵਿਚ ਰਹਿਣ ਕਾਰਨ ਉਨ੍ਹਾਂ ਦਾ ਹੌਸਲਾ ਟੁੱਟ ਜਾਂਦਾ ਹੈ ਤੇ ਆਤਮ-ਵਿਸ਼ਵਾਸ ਵਿਚ ਕਮੀ ਆਉਂਦੀ ਹੈ। ਹਿੰਮਤ ਵਿਚ ਨਿਘਾਰ ਆਉਂਦਾ ਹੈ।

ਸਾਡਾ ਬੁੱਧੀਜੀਵੀ ਵਰਗ ਔਰਤਾਂ ਦੀਆਂ ਦੁਸ਼ਵਾਰੀਆਂ ਲਈ ਮਰਦ ਨੂੰ ਜ਼ਿੰਮੇਵਾਰ ਮੰਨਦਾ ਹੈ ਜੋ ਕਿ ਕਿਸੇ ਪ੍ਰਕਾਰ ਵੀ ਨਿਆਂ ਪੂਰਨ ਨਹੀਂ ਹੈ। ਜੇ ਦਹੇਜ਼ ਦੀ ਖ਼ਾਤਰ ਲੜਕੀ 'ਤੇ ਜ਼ੁਲਮ ਕੀਤੇ ਜਾਂਦੇ ਹਨ ਤਾਂ ਸਿਰਫ਼ ਉਸ ਦਾ ਪਤੀ ਅਤੇ ਸਹੁਰਾ ਹੀ ਜ਼ਿੰਮੇਵਾਰ ਨਹੀਂ ਹੁੰਦੇ। ਵੱਡੀ ਜ਼ਿੰਮੇਵਾਰੀ ਸੱਸ ਅਤੇ ਨਨਾਣਾ ਦੀ ਵੀ ਹੁੰਦੀ ਹੈ। ਬਾਲ ਵਿਆਹ ਸਿਰਫ਼ ਪਿਤਾ ਦੀ ਮਰਜ਼ੀ ਨਾਲ ਨਹੀਂ ਹੁੰਦਾ, ਇਸ ਵਿਚ ਮਾਂ ਦੀ ਮਰਜ਼ੀ ਵੀ ਬਰਾਬਰ ਸ਼ਾਮਲ ਹੁੰਦੀ ਹੈ। ਘਰੇਲੂ ਹਿੰਸਾ ਵਿਚ ਜ਼ਰੂਰੀ ਨਹੀਂ ਕਿ ਸਿਰਫ਼ ਪਤੀ ਹੀ ਦੋਸ਼ੀ ਹੋਵੇ। ਜੇ ਪਤੀ-ਪਤਨੀ ਦੋਹਾਂ ਵਿੱਚੋਂ ਇਕ ਜਣਾ ਹੀ ਚੁੱਪ ਹੋਵੇ ਤਾਂ ਘਰੇਲੂ ਹਿੰਸਾ ਦੇ ਮਾਮਲੇ ਘਟ ਸਕਦੇ ਹਨ। ਭਰੂਣ ਹੱਤਿਆ ਦਾ ਦੋਸ਼ ਸਿਰਫ਼ ਪਿਤਾ ਨੂੰ ਨਹੀਂ ਦਿੱਤਾ ਜਾ ਸਕਦਾ। ਪਰਿਵਾਰ ਦੀਆਂ ਔਰਤ ਮੈਂਬਰਾਂ ਦੀ ਮਰਜ਼ੀ ਅਤੇ ਮਾਂ ਦੀ ਚੁੱਪ ਵੀ ਇਸ ਵਿਚ ਸ਼ਾਮਿਲ ਹੁੰਦੀ ਹੈ। ਇਹ ਅਣਮਨੁੱਖੀ ਕਾਰਾ ਸਿਰਫ਼ ਪੁਰਸ਼ ਡਾਕਟਰ ਨਹੀਂ ਕਰਦੇ, ਜ਼ਿਆਦਾਤਰ ਕੇਸਾਂ ਵਿਚ ਇਹ ਮਹਿਲਾ ਡਾਕਟਰਾਂ ਕੋਲੋਂ ਕਰਵਾਇਆ ਜਾਂਦਾ ਹੈ। ਜਿਣਸੀ ਸ਼ੋਸ਼ਣ ਦੇ ਮਾਮਲਿਆਂ ਵਿਚ ਵੀ ਸਿਰਫ਼ ਪੁਰਸ਼ ਹੀ ਦੋਸ਼ੀ ਨਹੀਂ ਹੁੰਦੇ, ਇਸ ਵਿਚ ਵੀ ਔਰਤਾਂ ਦੀ ਮਰਜ਼ੀ ਜਾਂ ਫਿਰ ਚੁੱਪ ਸ਼ਾਮਿਲ ਹੁੰਦੀ ਹੈ। ਜੇ ਔਰਤ ਮਰਦ ਦੀ ਨਿੱਕੀ ਜਿਹੀ ਪਹਿਲ ਤੇ ਵਿਰੋਧ ਕਰੇ ਤਾਂ ਮਰਦ ਦੀ ਹਿੰਮਤ ਨਹੀਂ ਕਿ ਉਹ ਕੁਝ ਗ਼ਲਤ ਕਰ ਸਕੇ। ਇੱਥੇ ਇਹ ਗੱਲ ਵੀ ਯਾਦ ਰੱਖਣੀ ਪਵੇਗੀ ਕਿ ਸਾਰੇ ਹੀ ਪੁਰਸ਼ ਚੰਗੇ ਨਹੀਂ ਹੁੰਦੇ। ਸਾਡੀ ਮਰਦਜਾਤ ਵਿਚ ਕਈ ਅਜਿਹੇ ਲੋਕ ਹਨ ਜਿਹੜੇ ਇਨਸਾਨ ਦੇ ਰੂਪ ਵਿਚ ਪੈਦਾ ਹੋ ਕੇ ਵੀ ਇਨਸਾਨ ਨਹੀਂ ਬਣ ਸਕੇ। ਲੜਕੀਆਂ ਨੂੰ ਜਬਰੀ ਹਵਸ ਦਾ ਸ਼ਿਕਾਰ ਬਣਾ ਕੇ, ਤੇਜ਼ਾਬ ਨਾਲ ਚਿਹਰੇ ਵਿਗਾੜ ਕੇ ਇਹ ਅਖੌਤੀ ਪੁਰਸ਼ ਬਾਕੀ ਪੁਰਸ਼ਾਂ ਦੇ ਕਿਰਦਾਰ ਤੇ ਪ੍ਰਸ਼ਨ ਚਿੰਨ੍ਹ ਲਗਾਉਂਦੇ ਹਨ।

ਅੱਜ ਦੀ ਔਰਤ ਹਰ ਖੇਤਰ ਵਿਚ ਉਹ ਮਰਦ ਦੇ ਮੋਢੇ ਨਾਲ ਮੋਢਾ ਮਿਲਾ ਕੇ ਚੱਲ ਰਹੀ ਹੈ। ਬੀਤੀਆਂ ਉਲੰਪਿਕ ਖੇਡਾਂ ਵਿਚ ਜਦ ਦੇਸ਼ ਦੇ ਪੁੱਤਰ ਕੋਈ ਵੀ ਮੈਡਲ ਲਿਆਉਣ ਵਿਚ ਅਸਫ਼ਲ ਹੋ ਗਏ ਤਾਂ ਦੇਸ਼ ਦੀਆਂ ਧੀਆਂ ਨੇ ਆਪਣਾ ਜਲਵਾ ਵਿਖਾਇਆ ਅਤੇ ਦੇਸ਼ ਨੂੰ ਨਾਮੋਸ਼ੀ ਤੋਂ ਬਚਾ ਲਿਆ। ਔਰਤ ਅਤੇ ਮਰਦ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਇਕ ਤੋਂ ਬਿਨਾਂ ਦੂਜੇ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਮਾਂ ਦੇ ਰੂਪ ਵਿਚ ਔਰਤ ਮਰਦ ਨੂੰ ਜਨਮ ਦਿੰਦੀ ਹੈ, ਭੈਣ ਬਣ ਕੇ ਉਸ ਨੂੰ ਰੱਖੜੀ ਬੰਨ੍ਹਦੀ ਹੈ, ਪਤਨੀ ਦੇ ਰੂਪ ਵਿਚ ਉਸ ਦਾ ਪਰਿਵਾਰ ਚਲਾਉਂਦੀ ਹੈ, ਬੇਟੀ ਦੇ ਰੂਪ ਵਿਚ ਉਸ ਦੇ ਦੁੱਖ ਵੰਡਾਉਂਦੀ ਹੈ। ਉਹ ਨਾ ਸਿਰਫ਼ ਆਪਣੇ ਪੇਕਿਆਂ ਸਗੋਂ ਸਹੁਰਿਆਂ ਨੂੰ ਵੀ ਪੂਰਾ ਸਨਮਾਨ ਦਿੰਦੀ ਹੈ ਅਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੀ ਹੈ। ਉਹ ਘਰ ਵੀ ਚਲਾਉਂਦੀ ਹੈ ਅਤੇ ਦਫ਼ਤਰ ਦਾ ਕੰਮਕਾਰ ਵੀ ਵੇਖਦੀ ਹੈ। ਮਰਦ ਮਕਾਨ ਬਣਾਉਂਦਾ ਹੈ ਪਰ ਉਸ ਮਕਾਨ ਨੂੰ ਘਰ ਔਰਤ ਹੀ ਬਣਾਉਂਦੀ ਹੈ। ਵਿਦਵਾਨ ਵੀ ਮੰਨਦੇ ਹਨ ਕਿ ਹਰ ਆਦਮੀ ਦੀ ਸਫ਼ਲਤਾ ਦੇ ਪਿੱਛੇ ਔਰਤ ਦਾ ਹੱਥ ਹੁੰਦਾ ਹੈ। ਮਰਦ ਨੂੰ ਮਾਨਸਿਕ ਤੌਰ 'ਤੇ ਸ਼ਕਤੀਸ਼ਾਲੀ ਬਣਾਉਣਾ ਜਾਂ ਤੋੜਣਾ ਔਰਤ ਦੇ ਹੱਥ ਵਿਚ ਹੁੰਦਾ ਹੈ। ਇਸ ਲਈ ਹਰੇਕ ਮਰਦ ਦਾ ਫ਼ਰਜ਼ ਬਣਦਾ ਹੈ ਕਿ ਉਹ ਔਰਤ ਨੂੰ ਬਣਦੀ ਇੱਜ਼ਤ ਦੇਵੇ। •

# ਸਰਦੀਆਂ ਦਾ ਪਹਿਰਾਵਾ



ਆਂਚਲ ਬੇਦੀ

**ਅਜੋਕੀ ਪੀੜ੍ਹੀ ਸਰਦੀਆਂ ਵਿਚ ਅਜਿਹੇ ਕੱਪੜਿਆਂ ਦੀ ਚੋਣ ਕਰਦੀ ਹੈ ਜੋ ਠੰਢ ਤੋਂ ਬਚਾਉਣ ਦੇ ਨਾਲ-ਨਾਲ ਫੈਸ਼ਨੇਬਲ ਲੁੱਕ ਵੀ ਦੇਣ....**

ਜਿਵੇਂ-ਜਿਵੇਂ ਫੈਸ਼ਨ ਬਦਲ ਰਿਹਾ ਹੈ। ਲੋਕਾਂ ਦੇ ਪਹਿਰਾਵੇ'ਚ ਵੀ ਤਬਦੀਲੀ ਆ ਰਹੀ ਹੈ। ਲੜਕੀਆਂ ਦੇ ਸਰਦੀਆਂ ਦੇ ਕੱਪੜੇ ਵੀ ਫੈਸ਼ਨ ਦੇ ਮੁਤਾਬਿਕ ਪਾਉਂਦੀਆਂ ਹਨ। ਉਹ ਸਰਦੀਆਂ ਵਿਚ ਅਜਿਹੇ ਕੱਪੜਿਆਂ ਦੀ ਚੋਣ ਕਰਨੀ ਪਸੰਦ ਕਰਦੀਆਂ ਹਨ, ਜੋ ਠੰਡ ਤੋਂ ਬਚਾਉਣ ਦੇ ਨਾਲ-ਨਾਲ ਫੈਸ਼ਨੇਬਲ ਲੁੱਕ ਵੀ ਦੇਣ। ਉਨ੍ਹਾਂ ਦੀ ਇਸ ਪਸੰਦ ਨੇ ਰੈਡੀਮੇਡ ਗਾਰਮੈਂਟਸ ਤਿਆਰ ਕਰਨ ਵਾਲੀਆਂ ਕੰਪਨੀਆਂ ਤੇ ਫੈਸ਼ਨ ਦੀ ਦੁਨੀਆ ਵਿਚ ਵੀ ਕਈ ਵੱਡੀਆਂ ਤਬਦੀਲੀਆਂ ਲਿਆਂਦੀਆਂ ਹਨ, ਇਹੀ ਕਾਰਨ ਹੈ ਕਿ ਸਰਦੀਆਂ ਦੇ ਕੱਪੜੇ ਫੈਸ਼ਨ ਤੇ ਡਿਜ਼ਾਈਨ ਪੱਖੋਂ ਨਿੱਤ ਤਬਦੀਲ ਹੁੰਦੇ ਹਨ। ਆਉ ਉਨ੍ਹਾਂ ਕੱਪੜਿਆਂ ਦੀ ਗੱਲ ਤਰਦੇ ਹਾਂ ਜਿਨ੍ਹਾਂ ਵਿਚ ਨਿੱਤ ਤਬਦੀਲੀ ਆਉਂਦੀ ਰਹਿੰਦੀ ਹੈ।

**ਸਟਾਈਲਿਸ਼ ਟੋਪੀਆਂ** : ਪਹਿਲਾਂ ਟੋਪੀਆਂ ਦੀ ਵਰਤੋਂ ਸਿਰਫ਼ ਸਰਦੀ ਤੋਂ ਬਚਣ ਲਈ ਹੀ ਕੀਤੀ ਜਾਂਦੀ ਸੀ। ਸਮੇਂ ਦੇ ਬਦਲਣ ਨਾਲ ਪਹਿਰਾਵਾਂ ਵੀ ਬਦਲ ਰਿਹਾ ਹੈ ਅਤੇ ਇਸ ਤਬਦੀਲੀ ਦਾ ਅਸਰ ਟੋਪੀਆਂ ਦੀ ਬਣਤਰ ਜਾਂ ਡਿਜ਼ਾਈਨ ਉੱਪਰ ਵੀ ਪਿਆ ਹੈ। ਸਰਦੀਆਂ ਵਿਚ ਲੜਕੀਆਂ ਅਤੇ ਔਰਤਾਂ ਟੋਪੀ ਦਾ ਇਸਤੇਮਾਲ ਖ਼ੁਦ ਨੂੰ ਸਟਾਈਲਿਸ਼ ਲੁੱਕ ਦੇਣ ਲਈ ਕਰਦੀਆਂ ਹਨ। ਹੁਣ ਟੋਪੀ ਪਹਿਨਣ ਦਾ ਮਕਸਦ ਸਿਰਫ਼ ਠੰਡ ਨੂੰ ਰੋਕਣਾ ਹੀ ਨਹੀਂ ਰਹਿ ਗਿਆ, ਇਹ ਸ਼ੋਅ ਲਈ ਵੀ ਪਾਈਆਂ ਜਾਂਦੀਆਂ ਹਨ। ਇਸ ਸਮੇਂ ਰੰਗ-ਬਰੰਗੀਆਂ ਟੋਪੀਆਂ ਦਾ ਫੈਸ਼ਨ ਚੱਲ ਰਿਹਾ ਹੈ। ਲੜਕੀਆਂ ਆਪਣੀ ਡਰੈੱਸ ਨਾਲ ਮੈਚ ਕਰਦੀ ਟੋਪੀ ਪਹਿਨਣ ਨੂੰ ਪਹਿਲ ਦੇ ਰਹੀਆਂ ਹਨ। ਰੰਗਾਂ ਦੇ ਨਾਲ-ਨਾਲ ਇਹ ਟੋਪੀਆਂ ਡਿਜ਼ਾਈਨ ਪੱਖੋਂ ਵੀ ਅਲੱਗ-ਅਲੱਗ ਸਟਾਈਲ ਦੀਆਂ ਹੁੰਦੀਆਂ ਹਨ। ਵੂਲਨ ਜਾਂ ਉਨ ਦੀਆਂ ਟੋਪੀਆਂ ਨੂੰ ਸਟਾਈਲਿਸ਼ ਲੁੱਕ ਦਿੱਤੀ ਜਾਂਦੀ ਹੈ ਤਾਂ ਕਿ ਦੂਜੇ ਵਿਅਕਤੀ ਨੂੰ ਇਹ ਵੇਖਣ ਵਿਚ ਆਕਰਸ਼ਿਤ ਤੇ ਵਧੀਆ ਲੱਗਣ।

**ਮਫਲਰ** : ਮਫਲਰ ਵੀ ਅਜੋਕੇ ਫੈਸ਼ਨ ਦਾ ਇਕ ਅਨਿਖੜਵਾਂ ਅੰਗ ਬਣ ਚੁੱਕਾ ਹੈ। ਸਟਾਈਲਿਸ਼ ਲੁੱਕ ਦੇਣ ਲਈ ਕੁੜੀਆਂ ਮਫਲਰ ਦਾ ਪ੍ਰਯੋਗ ਕਰਦੀਆਂ ਹਨ। ਲੜਕੀਆਂ ਨੂੰ ਸ਼ਰਟ ਦੇ ਨਾਲ ਮਫਲਰ ਕੂਲ ਲੁੱਕ ਦਿੰਦਾ ਹੈ। ਅੱਜ ਕੱਲ੍ਹ ਮਫਲਰ ਦੀ ਵਰਤੋਂ ਸਰਦੀ ਤੋਂ ਬਚਣ ਦੇ ਲਈ ਨਹੀਂ ਬਲਕਿ ਫੈਸ਼ਨ ਦੇ ਪੱਖ ਤੋਂ ਵੀ ਕੀਤੀ ਜਾ ਰਹੀ ਹੈ ਤਾਂ ਕਿ



ਇਸ ਨਾਲ ਆਪਣੀ ਡਰੈੱਸ ਨੂੰ ਹੋਰ ਖ਼ੂਬਸੂਰਤ ਦਿੱਖ ਪ੍ਰਦਾਨ ਕੀਤੀ ਜਾ ਸਕੇ। ਮੌਜੂਦਾ ਸਮੇਂ ਮਾਰਕੀਟ ਵਿਚ ਵੱਖ-ਵੱਖ ਸਟਾਈਲ ਦੇ ਮਫਲਰ ਮੌਜੂਦ ਹਨ ਅਤੇ ਇਨ੍ਹਾਂ ਦਾ ਇਸਤੇਮਾਲ ਲੜਕੀਆਂ ਨੂੰ ਆਕਰਸ਼ਕ ਦਿੱਖ ਪ੍ਰਦਾਨ ਕਰਨ 'ਚ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਉਹ ਜ਼ਿਆਦਾਤਰ ਆਪਣੀ ਡਰੈੱਸ ਨਾਲ ਮੈਚਿੰਗ ਰੰਗ ਦੇ ਮਫਲਰ ਦੇ ਪ੍ਰਯੋਗ ਨੂੰ ਪਹਿਲ ਦਿੰਦੀਆਂ ਹਨ।

**ਹਾਈ-ਹੀਲ ਬੂਟ** : ਸਰਦੀਆਂ ਦੇ ਮੌਸਮ 'ਚ ਹਾਈ-ਹੀਲ ਬੂਟ ਦਾ ਰੁਝਾਨ ਵੀ ਬੀਤੇ ਕੁਝ ਵਰ੍ਹਿਆਂ ਤੋਂ ਤੇਜ਼ੀ ਨਾਲ ਵਧਿਆ ਹੈ। ਇਹ ਬੂਟ ਸਰਦੀਆਂ ਦੇ ਮੌਸਮ ਵਿਚ ਠੰਡ ਨੂੰ ਰੋਕਣ ਦੇ ਨਾਲ-ਨਾਲ ਵਧੀਆ ਵੀ ਵਿਖਾਈ ਦਿੰਦੇ ਹਨ ਅਤੇ ਪਹਿਨਣ ਵਾਲੇ ਦੀ ਦਿੱਖ ਨੂੰ ਆਕਰਸ਼ਕ ਬਣਾਉਣ 'ਚ ਵੀ ਅਹਿਮ ਰੋਲ ਅਦਾ ਕਰਦੇ ਹਨ। ਮੌਜੂਦਾ ਸਮੇਂ ਹਾਈ ਹੀਲ ਬੂਟ ਲੜਕੀਆਂ ਦੀ ਪਹਿਲੀ ਪਸੰਦ ਹੈ। ਇਹ ਬੂਟ ਵੀ ਮਾਰਕੀਟ ਵਿਚ ਕਈ ਸਟਾਈਲ ਅਤੇ ਕਈ ਰੰਗਾਂ ਦੇ ਹਾਈ-ਹੀਲ ਬੂਟ ਮੌਜੂਦ ਹਨ। ਲੜਕੀਆਂ ਆਪਣੀ ਡਰੈੱਸ ਨਾਲ ਮੇਲ ਖਾਂਦੇ ਬੂਟ ਪਹਿਨਣ ਨੂੰ ਪਹਿਲ ਦੇ ਰਹੀਆਂ ਹਨ।

**ਓਵਰਕੋਟ** : ਓਵਰਕੋਟ ਸਰਦੀਆਂ ਦੇ ਮੌਸਮ 'ਚ ਠੰਡ ਤੋਂ ਬਚਾਅ ਅਤੇ ਆਕਰਸ਼ਕ ਦਿੱਖ ਪ੍ਰਦਾਨ ਕਰਨ 'ਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਮੌਜੂਦਾ ਦੌਰ ਵਿਚ ਕੁੜੀਆਂ ਸਰਦੀਆਂ ਵਿਚ ਓਵਰਕੋਟ ਪਹਿਨਣ ਨੂੰ ਪਹਿਲ ਦੇ ਰਹੀਆਂ ਹਨ। ਜੀਨਜ਼ ਅਤੇ ਲੈਗੀਜ਼ ਨਾਲ ਕੁੜੀਆਂ ਓਵਰਕੋਟ ਦਾ ਪ੍ਰਯੋਗ ਕਰਦੀਆਂ ਹਨ। ਲਾਲ, ਨੀਲੇ, ਗੁਲਾਬੀ ਰੰਗ ਦੇ ਓਵਰਕੋਟ ਉਨ੍ਹਾਂ ਨੂੰ ਆਕਰਸ਼ਕ ਲੁੱਕ ਦਿੰਦੇ ਹਨ। ਓਵਰਕੋਟ ਦੇ ਨਾਲ ਹਾਈ ਹੀਲ ਬੂਟ ਪਹਿਨ ਕੇ ਲੜਕੀਆਂ ਆਪਣੀ ਦਿੱਖ ਨੂੰ ਹੋਰ ਵੀ ਦਿਲਕਸ਼ ਬਣਾ ਸਕਦੀਆਂ ਹਨ।

**ਫੈਂਸੀ ਕੁੜਤੀਆਂ** : ਅੱਜ ਕੱਲ੍ਹ ਫੈਂਸੀ ਕੁੜਤੀਆਂ ਦਾ ਵੀ ਬਹੁਤ ਰਿਵਾਜ ਹੈ। ਰੰਗ-ਬਿਰੰਗੀਆਂ ਕੁੜਤੀਆਂ ਪਹਿਨਣਾ ਵੀ ਕੁੜੀਆਂ ਦੀ ਪਹਿਲੀ ਪਸੰਦ 'ਚ ਸ਼ਾਮਲ ਹੈ। ਸਰਦੀਆਂ ਵਿਚ ਕੁੜੀਆਂ ਫੈਸ਼ਨੇਬਲ ਪਹਿਰਾਵੇ ਦਾ ਪ੍ਰਯੋਗ ਕਰਦੀਆਂ ਹਨ। ਅਸੀਂ ਇੱਥੇ ਰੋਜ਼ਾਨਾ ਪਹਿਨੇ ਜਾਣ ਵਾਲੇ ਕੱਪੜਿਆਂ ਦੀ ਗੱਲ ਕਰ ਰਹੇ ਹਾਂ ਪਰੰਤੂ ਵਿਆਹ ਅਤੇ ਹੋਰ ਪਰਿਵਾਰਕ ਸਮਾਗਮਾਂ ਮੌਕੇ ਫੈਸ਼ਨ ਦੇ ਅਨੁਸਾਰ ਹੀ ਕੱਪੜੇ ਪਾਏ ਜਾਂਦੇ ਹਨ।

ਸਰਦੀਆਂ ਦੇ ਮੌਸਮ ਵਿਚ ਵਿਆਹ ਸਮਾਗਮਾਂ ਵਿਚ ਕੱਪੜੇ ਬਹੁਤ ਸੋਚ ਸਮਝ ਕੇ ਪਾਏ ਜਾਂਦੇ ਹਨ ਕਿਉਂਕਿ ਸਰਦੀਆਂ 'ਚ ਕੇਵਲ ਦੋ ਹੀ ਰੰਗਾਂ ਨੂੰ ਮੱਹਤਤਾ ਦਿੱਤੀ ਜਾਂਦੀ ਹੈ-ਲਾਲ ਅਤੇ ਨੀਲੇ ਰੰਗ ਨੂੰ। ਵਿਆਹ ਅਤੇ ਦੂਸਰੇ ਪਰਿਵਾਰਕ ਸਮਾਗਮਾਂ ਮੌਕੇ ਕੁੜੀਆਂ ਲਾਲ ਅਤੇ ਨੀਲੇ ਰੰਗ ਦੇ ਲਹਿੰਗੇ ਪਹਿਨਣ ਨੂੰ ਵਿਸ਼ੇਸ਼ ਤਵੱਜੋ ਦਿੰਦੀਆਂ ਹਨ। ਇਹ ਦੋਵੇਂ ਰੰਗ ਸਰਦੀਆਂ ਵਿਚ ਜ਼ਿਆਦਾ ਆਕਰਸ਼ਕ ਲੱਗਦੇ ਹਨ। •

## ਪੰਜਾਬੀ ਗੀਤ

ਪੰਜ ਦਰਿਆਵਾਂ ਦੀ ਧਰਤੀ ਆਪਣੇ ਸੱਭਿਆਚਾਰ, ਵਿਰਸੇ, ਵਖਰੇ ਪਹਿਰਾਵੇ, ਰੀਤੀ-ਰਿਵਾਜਾਂ, ਲੋਕ ਸੰਗੀਤ ਸਦਕਾ ਦੁਨੀਆ ਭਰ ਵਿਚ ਮਸ਼ਹੂਰ ਹੈ। ਪੰਜਾਬ ਦਾ ਲੋਕ ਸੰਗੀਤ, ਜਿਸ ਦੀ ਕਿ ਦੁਨੀਆ ਭਰ ਵਿਚ ਆਪਣੀ ਖ਼ਾਸ ਪਛਾਣ ਹੈ। ਗੀਤ ਪੰਜਾਬੀ ਦਾ ਮੌਲਿਕ ਕਾਵਿ ਰੂਪ ਹੈ। ਗੀਤ ਮਨੁੱਖ ਦੇ ਪ੍ਰਚੰਡ ਮਨੋਤਾਵਾਂ ਵਾਲੀ ਕਿਸੇ ਵਿਸ਼ੇਸ਼ ਸਥਿਤੀ ਦਾ ਇਕ ਵਿਸ਼ੇਸ਼ ਸੰਰਚਨਾ ਵਿਚ ਸੰਗੀਤਕ ਪ੍ਰਗਟਾਵਾ ਕਰਨ ਵਾਲਾ ਰੂਪਾਕਾਰ ਹੈ। ਪੰਜਾਬੀ ਗੀਤ ਉਪਰ ਵਿਚਾਰ ਕਰਨ ਲੱਗਿਆਂ ਧਿਆਨ ਦੇਣ ਵਾਲਾ ਨੁਕਤਾ ਇਹ ਹੈ ਕਿ ਇਹ ਨਾ ਤਾਂ ਅੰਗਰੇਜ਼ੀ ਵਰਗਾ ਹੈ ਤੇ ਨਾਹੀ ਸੰਸਕ੍ਰਿਤ ਦੇ ਛੰਦਬਧ ਮੁਕਤਕ ਕਾਵਿ ਵਰਗਾ ਸਗੋਂ ਇਸ ਦੀ ਮੌਲਿਕ ਬਣਤਰ ਹੈ। ਆਧੁਨਿਕ ਕਾਲ ਵਿਚ ਗੀਤ ਕੇਵਲ ਲਿਖਿਆ ਰੂਪ ਨਹੀਂ ਰਹਿ ਗਿਆ ਸਗੋਂ ਇਕ ਗਾਇਕ ਵੱਲੋਂ ਗਾਇਆ ਜਾਣ ਵਾਲਾ ਤੇ ਸੰਗੀਤਕਾਰ ਵੱਲੋਂ ਸੰਗੀਤ ਬੱਧ ਕੀਤਾ ਜਾਣ ਵਾਲਾ ਮਿਸ਼ਰਿਤ ਕਲਾ ਵਸਤੂ ਬਣ ਗਿਆ ਹੈ। ਗੀਤ ਐਸੀ ਰਚਨਾ ਹੈ ਜਿਸ ਨੂੰ ਸੁਣ ਕੇ ਲੋਕ ਵਿਆਹ-ਸ਼ਾਦੀਆਂ ਅਤੇ ਕਈ ਤਰ੍ਹਾਂ ਦੇ ਖ਼ੁਸ਼ੀ ਭਰੇ ਮੌਕਿਆਂ 'ਤੇ ਆਪਣਾ ਮਨੋਰੰਜਨ ਕਰਦੇ ਹਨ। ਕੋਈ ਸਮਾਂ ਸੀ ਜਦੋਂ ਪੰਜਾਬ ਵਿਚ ਕੁਝ ਗਿਣਤੀ ਦੇ ਹੀ ਗਾਇਕ ਹੁੰਦੇ ਸਨ। ਉਨ੍ਹਾਂ ਵੱਲੋਂ ਗਾਏ ਗੀਤਾਂ ਨੂੰ ਹਰ ਪੱਧਰ 'ਤੇ ਸੁਣਿਆ ਅਤੇ ਸਹਾਰਿਆ ਜਾਂਦਾ ਸੀ ਜੋ ਸੱਭਿਆਚਾਰ ਦੇ ਅਨੁਕੂਲ ਹੁੰਦੇ ਸਨ। ਪਹਿਲਾਂ ਕਲਾਕਾਰ ਆਪਣੀ ਕਲਾ ਅਤੇ ਆਵਾਜ਼ ਦੇ ਸਿਰ 'ਤੇ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੇ ਸਨ। ਪੰਜਾਬ ਦੇ ਲੋਕ ਵੀ ਉਨ੍ਹਾਂ ਨੂੰ ਮਣਾ-ਮੂੰਹੀ ਪਿਆਰ ਕਰਦੇ। ਫਿਰ ਸਮਾਂ ਬਦਲ ਗਿਆ ਤੇ ਆਇਆ ਟੀਵੀ ਦਾ ਯੁਗ ਅਇਆ। ਗਾਉਣ ਵਾਲੇ ਟੈਲੀਵਿਜ਼ਨ 'ਤੇ ਆਉਣੇ ਸ਼ੁਰੂ ਹੋਏ। ਆਵਾਜ਼ ਦੇ ਨਾਲ-ਨਾਲ ਕਲਾਕਾਰ ਦੀ ਫੋਟੋ ਵੀ ਟੈਲੀਵੀਜ਼ਨ 'ਤੇ ਆਉਣ ਲੱਗ ਪਈ। ਹੁਣ ਕਲਾਕਾਰ ਨੂੰ ਸੁਣਿਆ ਘਟ ਤੇ ਦੇਖਿਆ ਜ਼ਿਆਦਾ ਜਾਂਦਾ ਹੈ।

# ਅਜੋਕੀ ਨੌਜਵਾਨ ਪੀੜ੍ਹੀ



ਰਜਨੀ

ਅਜੋਕੇ ਨੌਜਵਾਨਾਂ ਦੀ ਸੋਚ ਬਹੁਤ ਅਲੱਗ ਹੈ। ਉਹ ਦੁਨੀਆ 'ਚ ਕੁਝ ਵੱਖਰਾ ਤੇ ਨਵਾਂ ਕਰਨ ਦੀ ਚਾਹ ਰੱਖਦੇ ਹਨ। ਇਸ ਲਈ ਉਹ ਹਰ ਰੋਜ਼ ਕੁਝ ਨਾ ਕੁਝ ਸਿਰਜਨ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਆਪਣੇ ਸਮਾਜ ਲਈ ਨਵਾਂ ਕਰ ਸਕਣ ਤੇ ਆਪਣੀ ਪਛਾਣ ਬਣਾ ਸਕਣ। ਅੱਜ ਦੀ ਨੌਜਵਾਨ ਪੀੜ੍ਹੀ ਭਲਾ ਬੁਰਾ ਸਭ ਜਾਣਦੀ ਹੈ। ਉਸ ਨੂੰ ਪਤਾ ਹੈ ਕਿ ਉਸ ਨੇ ਜ਼ਿੰਦਗੀ 'ਚ ਕੀ ਕਰਨਾ ਹੈ, ਇਹੀ ਸੋਚ ਲੈ ਕੇ ਉਹ ਅੱਗੇ ਵਧਦੀ, ਮਾਂ ਬਾਪ ਦਾ ਨਾਂ ਰੋਸ਼ਨ ਕਰਦੀ ਹੈ। ਇਸ ਸਭ ਦੇ ਲਈ ਉਸ ਨੂੰ ਬਹੁਤ ਸਾਰੇ ਸੰਘਰਸ਼ ਕਰਨੇ ਪੈਂਦੇ ਹਨ। ਅਜੋਕੀ ਪੀੜ੍ਹੀ ਨੇ ਜੀਵਨ 'ਚ ਜਿਨ੍ਹਾਂ ਸੁਪਨਿਆਂ ਨੂੰ ਪੂਰਾ ਕਰਨਾ ਹੈ। ਅੱਜ ਦੀ ਪੀੜ੍ਹੀ ਦੇ ਆਪਣੇ ਨਿਯਮ ਤੇ ਵਿਚਾਰ ਹਨ। ਉਸ ਨੂੰ ਪਤਾ ਹੈ ਕਿ ਆਪਣੀ ਜ਼ਿੰਦਗੀ 'ਚ ਅੱਗੇ ਕਿੱਦਾਂ ਵਧਣਾ ਹੈ। ਉਹ ਜੀ ਭਰ ਕੇ ਹੱਸਦੀ ਤੇ ਆਪਣੀ ਮਰਜ਼ੀ ਦੀ ਜ਼ਿੰਦਗੀ ਬਤੀਤ ਕਰਦੀ ਹੈ। ਤੁਸੀਂ ਅਜੋਕੀ ਪੀੜ੍ਹੀ ਨਾਲ ਗੱਲ ਕਰ ਕੇ ਵੇਖੋ ਤੁਸੀਂ ਉਸ ਦੇ ਆਤਮ-ਵਿਸ਼ਵਾਸ ਨੂੰ ਜਾਣ ਜਾਓਗੇ। ਉਨ੍ਹਾਂ 'ਚ ਤੁਹਾਨੂੰ ਨਵੀਂ ਖਿਲਖਿਲਾਉਂਦੀ ਹੋਈ ਜ਼ਿੰਦਗੀ ਨਜ਼ਰ ਆਵੇਗੀ। ਉਹ ਆਤਮ-ਨਿਰਭਰ ਹੋ ਕੇ ਆਪਣੀ



ਜ਼ਿੰਦਗੀ ਜੀਣ ਲਈ ਉਤਾਵਲੇ ਹਨ। ਇਸੇ ਤਰ੍ਹਾਂ ਬਹੁਤ ਸਾਰੇ ਲੜਕੇ-ਲੜਕਿਆਂ ਅਜੋਕੇ ਸਮੇਂ 'ਚ ਦੁਨੀਆ ਦੇ ਕੋਨੇ-ਕੋਨੇ 'ਤੇ ਆਪਣਾ ਨਾਂ ਰੋਸ਼ਨ ਕਰ ਰਹੇ ਹਨ। ਜਿਵੇਂ ਕਿ ਮਹਿਲਾ ਕ੍ਰਿਕਟ ਟੀਮ 'ਚ ਪੀਵੀ ਸੰਧੂ, ਹਰਮਨਪ੍ਰੀਤ ਕੌਰ ਤੇ ਕੁਸ਼ਤੀ 'ਚ ਗੀਤਾ, ਬੈਡਮਿੰਟਨ 'ਚ ਰੂਪਵਿਕਾ ਸ਼ਿਵਾਨੀ ਗਾਡੇ ਤੇ ਲਕਸ਼ਮੀ ਸੈਨ ਨੇ ਪੂਰੀ ਦੁਨੀਆ 'ਚ ਆਪਣੇ ਨਾਂ ਨੂੰ ਹੀ ਨਹੀਂ ਬਲਕਿ ਭਾਰਤ ਤੇ ਆਪਣੇ ਮਾਂ-ਬਾਪ ਦੇ ਨਾਂ ਨੂੰ ਵੀ ਰੋਸ਼ਨ ਕੀਤਾ ਹੈ। ਸਮਾਜ ਕੀ ਕਹੇਗਾ, ਲੋਕ ਕੀ ਕਹਿਣਗੇ? ਇਸ ਦੀ ਪਰਵਾਹ ਅਜੋਕੀ ਪੀੜ੍ਹੀ ਨਹੀਂ ਕਰਦੀ। ਉਹ ਆਜ਼ਾਦ ਸੋਚ ਰੱਖਦੀ ਹੈ ਤਾਂ ਜੋ ਆਪਣੀ ਜ਼ਿੰਦਗੀ ਨੂੰ ਖੁੱਲ੍ਹ ਕਿ ਜੀ ਸਕੇ । ਉਹ ਬਾਖ਼ੂਬੀ ਜਾਣਦੀ ਹੈ ਕਿ ਜ਼ਿੰਦਗੀ ਇਕ ਵਾਰ ਮਿਲਦੀ ਹੈ ਵਾਰ ਵਾਰ ਨਹੀਂ, ਇਸ ਲਈ ਦੁਨੀਆ 'ਚ ਆਪਣਾ ਨਾਂ ਬਣਾਉਣਾ ਹੈ। ਸੱਚ-ਮੁੱਚ ਜ਼ਮਾਨਾ ਬਦਲ ਰਿਹਾ ਹੈ। ਅਸੀਂ ਬਦਲ ਰਹੇ ਹਾਂ 'ਤੇ ਅੱਜ ਹਰ ਇਕ ਨੌਜਵਾਨ ਲੜਕੇ ਲੜਕੀ ਦਾ ਜੀਵਨ ਜੀਣ ਦਾ ਆਪਣਾ ਤਰੀਕਾ ਹੈ। •

### ਬਜ਼ੁਰਗਾਂ ਪ੍ਰਤੀ ਸੋਚ

*ਬੇਸ਼ੱਕ ਅਜੋਕੀ ਪੀੜ੍ਹੀ ਬਹੁਤਿਆਂ ਕੰਮਾਂ ਅਤੇ ਗੱਲਾਂ ਵਿਚ ਪੁਰਾਣੀ ਪੀੜ੍ਹੀ ਨਾਲੋਂ ਅੱਗੇ ਹੈ ਪਰ ਅਜੋਕੀ ਪੀੜ੍ਹੀ ਵਿਚ ਆਪਣੇ ਬਜ਼ੁਰਗਾਂ ਪ੍ਰਤੀ ਕੋਈ ਖ਼ਾਸ ਦਿਲਚਸਵੀ ਨਹੀਂ ਦਿਖਾਈ ਦੇ ਰਹੀ। ਇਸ ਦਾ ਕਾਰਨ ਵੀ ਸ਼ਾਇਦ ਪੱਛਮੀ ਸੱਭਿਆਚਾਰ ਦਾ ਪ੍ਰਭਾਵ ਹੋ ਸਕਦਾ ਹੈ ਅਤੇ ਕਿਸੇ ਹੱਦ ਤਕ ਇਸ ਦਾ ਕਾਰਨ ਪੁਰਾਣੀ ਪੁਰਾਣੀ ਪੀੜ੍ਹੀ ਵੀ ਹੈ ਕਿਉਂਕਿ ਉਨ੍ਹਾਂ ਨੇ ਤਰੱਕੀ ਦੀ ਪੈਸੇ ਦੀ ਲਾਲਸਾ ਵਿਚ ਅਜੋਕੀ ਪੀੜ੍ਹੀ ਨੂੰ ਵਿਰਾਸਤੀ ਸੰਸਕਾਰਾਂ ਤੋਂ ਉਨ੍ਹਾਂ ਨੇ ਜਾਣੂ ਨਹੀਂ ਕਰਵਾਇਆ। ਜਿਸ ਦੇ ਨਤੀਜੇ ਵਜੋਂ ਅਜੋਕੀ ਪੀੜ੍ਹੀ ਪੁਰਾਣੀ ਪੀੜ੍ਹੀ ਵੱਲੋਂ ਅਵੇਸਲੀ ਹੈ।*

# ਮਾਵਾਂ ਤੇ ਧੀਆਂ ਜਿਹਾ ਰਿਸ਼ਤਾ ਨਾ ਹੋਰ

ਧੀ ਵਿਹੜੇ ਦੀ ਰੌਣਕ ਤੇ ਪਾਪਾ ਦੀ ਪਰੀ ਹੈ। ਭਰਾ ਦੀ ਪਿਆਰੀ ਤੇ ਮਾਂ ਦੀ ਲਾਡੋ ਹੈ। ਧੀ ਦੇ ਨਿੱਕੇ, ਨਿੱਕੇ ਪੈਰ ਬਾਬਲ ਦੇ ਵਿਹੜੇ ਵਿਚ ਰੌਣਕ ਤੇ ਮੁੱਹਬਤ ਲੈ ਆਉਂਦੇ ਹਨ। ਜਿਵੇਂ ਕਹਿ ਲਵੋ ਧੀਆਂ ਅਤੇ ਧਰੇਕਾ ਰੌਣਕ ਹੁੰਦੀਆ ਵਿਹੜੇ ਦੀ ਇਸੇ ਲਈ ਤਾਂ ਮਾਪਿਆ ਦਾ ਅਨਮੋਲ ਖਜ਼ਾਨਾ ਕਹਾਉਂਦੀਆ ਹਨ ਧੀਆਂ। ਅੱਜ ਦੇ ਜ਼ਮਾਨੇ ਮੁਤਾਬਿਕ ਚੱਲੀਏ ਤਾਂ ਧੀਆਂ ਪੁੱਤਰਾ ਨਾਲੋਂ ਕਿਤੇ ਜ਼ਿਆਦਾ ਸੂਝਵਾਣ, ਸਮਝਦਾਰ, ਤਰੱਕੀ ਪਸੰਦ, ਪੜੀਆਂ ਲਿਖੀਆ, ਦਲੇਰ, ਸਹਿਣਸ਼ੀਲਤਾ ਤੇ ਮਮਤਾ ਦੀ ਮੂਰਤ, ਪਿਆਰੀਆ, ਹਰ ਕੰਮ ਵਿਚ ਨਿੰਪੁਨ ਹੁੰਦੀਆਂ ਹਨ। ਪਰ ਫਿਰ ਵੀ ਲੋਕਾਂ ਨੂੰ ਪੁੱਤਰ ਮੋਹ ਜਾਲ ਵਿੱਚੋਂ ਨਿਕਲਣਾ ਬੜਾ ਔਖਾ ਜਾਪਦਾ ਹੈ ਕਿਉਂਕਿ ਅਸੀਂ ਲੋਕ ਪੁੱਤਰਾ ਨੂੰ ਆਪਣੇ ਵਾਰਸ ਅਤੇ ਧੀਆਂ ਨੂੰ ਬੇਗਾਨਾ ਧਨ ਕਹਿੰਦੇ ਹਾਂ। ਸੋ ਦੋਸਤੋ ਸੋਚ ਬਦਲੋ ਧੀਆਂ ਬੇਗਾਨਾ ਧਨ ਨਹੀ। ਮੇਰੇ ਨਿੱਜੀ ਤਜਰਬੇ ਮੁਤਾਬਕ ਮੇਰਾ ਇੱਥੇ ਇਹ ਦੱਸਣਾ ਬਹੁਤ ਜ਼ਰੂਰੀ ਹੈ, ਜੋ ਮਾਪਿਆ ਲਈ ਬੇਟੀ ਕਰ ਸਕਦੀ ਹੈ, ਬੇਟਾ ਕਦੇ ਵੀ ਨਹੀਂ ਕਰ ਸਕਦਾ। ਚਹੁੰਦੇ ਹੋਏ ਵੀ ਮਾਤਾ, ਪਿਤਾ ਲਈ ਆਪਣਾ ਆਪਾ ਭੁੱਲਣਾ ਇਕ ਬੇਟੇ ਲਈ ਅਸੰਭਵ ਹੈ। ਮੈ ਇੱਥੇ ਇਹ

ਨਹੀਂ ਕਹਾਗੀ ਕਿ ਬੇਟੇ ਆਪਣੇ ਮਾਤਾ-ਪਿਤਾ ਨੂੰ ਪਿਆਰ



ਨਹੀਂ ਕਰਦੇ ਪਰ ਜੋ ਭਾਵਨਾ ਧੀ ਅੰਦਰ ਮਾਂ-ਪਿਉ ਲਈ ਹੁੰਦੀ ਹੈ ਕੋਈ ਨਹੀਂ ਸਮਝ ਸਕਦਾ। ਇਸ ਲਈ ਧੀਆਂ 'ਤੇ ਮਾਪਿਆ ਨੂੰ ਰੱਬ ਜਿੰਨਾ ਮਾਣ ਹੁੰਦਾ ਹੈ। ਧੀਆਂ ਮਾਪਿਆਂ ਦੀ ਖੁਸ਼ੀ, ਉਮੀਦਾ ਤੇ ਭਾਵਨਾਵਾਂ ਦੀ ਕਦਰ ਕਰ ਕੇ ਉਹ ਕੰਮ ਕਰਦੀਆ ਹਨ ਜਿਸ ਨਾਲ ਮਾਪਿਆਂ ਨੂੰ ਖ਼ੁਸ਼ੀ ਮਿਲਦੀ ਹੈ। ਸਹੁਰੇ ਘਰ ਵਿਚ ਜਾ ਕੇ ਆਪਣੇ ਮਾਪਿਆਂ ਵੱਲੋਂ ਦਿੱਤੇ ਗਏ ਚੰਗੇ ਸੰਸਕਾਰਾ ਨਾਲ ਸਹੁਰੇ ਪਰਿਵਾਰ ਵਿਚ ਵਿਚਰਨਾ ਤੇ ਦੋਹਾਂ ਪਰਿਵਾਰਾਂ ਦੀ ਇੱਜ਼ਤ ਦਾ ਖਿਆਲ ਰੱਖਣਾ, ਸਹੁਰੇ ਪਰਿਵਾਰ ਨਾਲ ਰਲ-ਮਿਲ ਕੇ ਰਹਿਣਾ ਇਹ ਸਭ ਕੁਝ ਸਿਰਫ਼ ਧੀਆਂ ਹਿੱਸੇ ਹੀ ਆਉਂਦਾ ਹੈ। ਇਕ ਧੀ ਹੀ ਹੈ ਜੋ ਨਵੇ ਪਰਿਵਾਰ ਵਿਚ ਜਾ ਕੇ ਉਨ੍ਹਾਂ ਮੁਤਾਬਿਕ ਢਲ ਜਾਂਦੀ ਹੈ ਅਤੇ ਉਨ੍ਹਾਂ ਦੀ ਹਰ ਗੱਲ ਸਿਰ ਮੱਥੇ ਪਰਵਾਨ ਕਰ ਸਾਰੀ ਉਮਰ ਓਥੋਂ ਦੀ ਹੋ ਕੇ ਰਹਿੰਦੀ ਹੈ। ਧੀ ਹਰ ਵੇਲੇ ਮਾਪਿਆ ਦੀ ਸਲਾਮਤੀ ਮੰਗਦੀ ਹੈ ਇਸੇ ਲਈ ਧੀਆਂ ਮਾਪਿਆ ਦਾ ਅਨਮੋਲ ਖਜ਼ਾਨਾ ਹੁੰਦੀਆ ਹਨ। ਅਜਿਹੀਆ ਧੀਆਂ ਦੇ ਮਾਪੇ ਸਮਾਜ ਵਿਚ ਸਿਰ ਉੱਚਾ ਕਰ ਕੇ ਜਿਊਂਦੇ ਹਨ। ਸੋ ਧੀਆਂ ਦੀ ਕਦਰ ਕਰੋ, ਧੀ ਦੇ ਜਨਮ ਸਮੇਂ ਖ਼ੁਸ਼ੀਆਂ ਮਨਾਓ ਪੁੱਤਰਾ ਤੋਂ ਵਧ ਕੇ ਪਿਆਰ ਕਰੋ। ਧੀਆਂ ਨੂੰ ਵੱਧ ਤੋ ਵੱਧ ਪੜ੍ਹਾਉ ਕਿਉਂਕਿ ਇਕ ਪੜ੍ਹੀ ਲਿਖੀ ਧੀ ਚੰਗੇ ਸਮਾਜ ਦੀ ਸਿਰਜਨਾ ਕਰ ਸਕਦੀ ਹੈ। ਧੀ ਦੀਵੇ ਦੀ ਬੱਤੀ ਵਾਂਗ ਹੈ ਜੋ ਆਪ ਜਲ ਕੇ ਦੋ ਘਰਾਂ ਵਿਚ ਰੋਸ਼ਨੀ ਕਰਦੀ ਹੈ ਮਤਲਬ ਜੇ ਕੋਈ ਦੁੱਖ-ਸੁੱਖ ਹੋਵੇ ਆਪੇ ਜਰ ਲੈਂਦੀ ਹੈ ਪਰ ਆਪਣੇ ਮਾਤਾ ਪਿਤਾ ਦਾ ਸਿਰ ਨੀਵਾਂ ਨਹੀਂ ਹੋਣ ਦਿੰਦੀ ਇਸੇ ਲਈ ਤਾਂ ਇਕ ਬੇਟੀ ਆਪਣੇ ਪਾਪਾ ਦੀ ਰਾਜ ਕੁਮਾਰੀ ਹੁੰਦੀ ਹੈ। ਦੋਸਤੋ ਪੁਰਾਣੀ ਕਹਾਵਤ ਛਡੋ ਤੇ ਨਵੀ ਵੱਲ ਆਉ 'ਧੀਆਂ ਪੁੱਤਰ ਇਕ ਸਮਾਨ, ਇਹੋ ਗੱਲ ਕਹੇ ਸਾਰਾ ਜਹਾਨ" ਇਸ ਲਈ ਆਪਣਾ ਵੀ ਫ਼ਰਜ਼ ਬਣਦਾ ਹੈ ਧੀਆਂ ਨੂੰ ਪੁੱਤਰਾਂ ਨਾਲੋ ਵਧ ਪਿਆਰ ਕਰੀਏ ਤੇ ਧੀਆਂ ਪੁੱਤਰਾਂ ਵਾਲੇ ਅੰਤਰ ਨੂੰ ਮਿਟਾ ਦੇਈਏ। ਧੀਆਂ ਨੂੰ ਆਪਣਾ ਅਨਮੋਲ ਖ਼ਜ਼ਾਨਾ ਬਣਾ ਲਈਏ ਇਹ ਖ਼ਜ਼ਾਨਾ ਹਰ ਕਿਸੇ ਦੀ ਕਿਸਮਤ ਵਿਚ ਨਹੀਂ ਹੁੰਦਾ ਜਿਵੇਂ ਕਹਿ ਲੋ ਹਰ ਪਿਤਾ ਨੂੰ ਧੀ ਨਹੀਂ ਮਿਲਦੀ ਪਰ ਹਰ ਧੀ ਨੂੰ ਪਿਤਾ ਜ਼ਰੂਰ ਮਿਲ ਜਾਂਦਾ ਸੋ ਧੀ ਹਰ ਘਰ ਵਿਚ ਹੋਣੀ ਚਾਹੀਦੀ ਹੈ ਕਿਉਂਕਿ ਧੀ ਤੋਂ ਹੀ ਮਾਂ ਭੈਣ ਤੇ ਪਤਨੀ ਵਰਗੇ ਪਵਿੱਤਰ ਰਿਸ਼ਤੇ ਬਣਦੇ ਹਨ। ਜਿੰਨਾ ਘਰਾਂ ਵਿਚ ਧੀ ਨਹੀਂ ਉਹ ਨੂੰਹ ਨੂੰ ਧੀ ਸਮਝਣ ਤੇ ਉਸ ਨੂੰ ਧੀਆਂ ਵਾਲਾ ਪਿਆਰ ਦੇ ਕੇ ਘਰ ਖ਼ੁਸ਼ਹਾਲ ਬਣਾਉਣ। ਨੂੰਹਾ ਵੀ ਸੱਸ ਸਹੁਰੇ ਨੂੰ ਮਾਤਾ ਪਿਤਾ ਮੰਨ ਉਨ੍ਹਾਂ ਦਾ ਸੇਵਾ ਕਰਨ ਜਿਸ ਨਾਲ ਘਰ ਵਿੱਚੋਂ ਖ਼ੁਸ਼ੀਆਂ ਦੀ ਮਹਿਕ ਆਵੇਗੀ ਤੇ ਘਰ ਸਵਰਗ ਬਣ ਜਾਵੇਗਾ। •

**ਮੋਬਾਈਲ** : 94786-58384

# ਇਨਾਮਾਂ ਲਈ ਹੀ ਲਿਖਣਾ ਲੇਖਕ ਦਾ ਧਰਮ ਨਹੀਂ



• ਕੁਲਦੀਪ ਸਿੰਘ ਬੰਗੀ
94174-07778

## ਬਲਦੇਵ ਸਿੰਘ ਆਜ਼ਾਦ



ਰੂਬਰੂ

ਪੰਜਾਬੀ ਸਾਹਿਤ ਵਿਚ ਵਿਅੰਗ ਨੂੰ ਇਕ ਔਖੀ ਅਤੇ ਵਿਲੱਖਣ ਵਿਧਾ ਵਜੋਂ ਲਿਆ ਜਾਂਦਾ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿਚ ਬਹੁਤ ਘੱਟ ਲੇਖਕਾਂ ਨੇ ਵਿਅੰਗ ਵਿਧਾ 'ਤੇ ਆਪਣੀ ਕਲਮ ਅਜ਼ਮਾਈ ਕੀਤੀ ਹੈ। ਇਸ ਵਿਧਾ ਦਾ ਸਾਹਿਤ ਦੇ ਖੇਤਰ ਵਿਚ ਆਪਣਾ ਇਕ ਵੱਖਰਾ ਮੁਕਾਮ ਹੈ। ਸਮਾਜ ਦੇ ਕੋਝਾਂ ਨੂੰ ਕਟਾਖਸ਼ ਰੂਪ ਵਿਚ ਕਹਿਣ ਲਈ ਇਹ ਵਿਧਾ ਬੜੀ ਸਾਰਥਿਕ ਸਿੱਧ ਹੋ ਰਹੀ ਹੈ। ਇਸ ਵਿਧਾ ਦੇ ਖੇਤਰ ਵਿਚ ਬਲਦੇਵ ਸਿੰਘ ਆਜ਼ਾਦ ਦਾ ਨਾਂ ਬੜੇ ਅਦਬ ਨਾਲ ਲਿਆ ਜਾਂਦਾ ਹੈ। ਉਹ ਵਿਅੰਗ ਖੇਤਰ ਦਾ ਉੱਘਾ ਹਸਤਾਖ਼ਰ ਹੈ। ਉਸ ਨੇ ਆਪਣੀਆਂ ਲਿਖਤਾਂ ਵਿਚ ਢੁੱਕਵੀਂ ਅਤੇ ਪ੍ਰਭਾਵਸ਼ਾਲੀ ਬੋਲੀ-ਸ਼ੈਲੀ ਵਰਤ ਕੇ ਆਪਣੀ ਕਲਮ ਦਾ ਲੋਹਾ ਮੰਨਵਾਇਆ ਹੈ। ਉਹ ਸਾਹਿਤ ਵਿਧਾ ਦਾ ਅਜਿਹਾ ਅਨੁਭਵੀ ਖਿਡਾਰੀ ਹੈ, ਜਿਸ ਨੇ ਆਪਣੇ ਸੰਘਰਸ਼ੀ ਜੀਵਨ ਵਿਚ ਜੋ ਕੁਝ ਵੇਖਿਆ ਤੇ ਹੰਢਾਇਆ ਉਸ ਨੂੰ ਲੋਕ ਹਿਤੈਸ਼ੀ ਪੁੱਠ ਦੇ ਕੇ ਵਿਅੰਗ ਵਿਧਾ ਦੇ ਰੂਪ ਵਿਚ ਸਾਹਿਤ ਜਗਤ ਦੀ ਝੋਲੀ ਪਾਇਆ। ਪੇਸ਼ ਹੈ ਉਨ੍ਹਾਂ ਨਾਲ ਹੋਈ ਗੱਲਬਾਤ :

**• ਆਪਣੇ ਪਰਿਵਾਰਕ ਪਿਛੋਕੜ ਬਾਰੇ ਦੱਸੋ।**

ਮੇਰਾ ਜਨਮ ਇਕ ਮਈ ਉੱਨੀ ਸੌ ਚੁਰੰਜਾ ਈਸਵੀ ( 01-05-1954) ਨੂੰ ਪਿੰਡ ਲੱਖੇਵਾਲੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਤਾ ਗੁਰਬਚਨ ਕੌਰ ਅਤੇ ਪਿਤਾ ਜਗੀਰ ਸਿੰਘ ਆਜ਼ਾਦ ਦੇ ਘਰ ਹੋਇਆ। ਅਸੀਂ ਸੱਤ ਭੈਣ ਭਰਾ ਹਾਂ। ਮੇਰਾ ਪਿਛੋਕੜ ਸੁਤੰਤਰਤਾ ਸੈਨਾਨੀ ਪਰਿਵਾਰ ਦਾ ਹੈ। ਪਿਤਾ ਜੀ ਆਪਣੇ ਨਾਮ ਨਾਲ ਉਸ ਸਮੇਂ ਵੀ ਆਜ਼ਾਦ ਲਾਉਂਦੇ ਸਨ ਜਦੋਂ ਸਾਡਾ ਭਾਰਤ ਦੇਸ਼ ਗੁਲਾਮ ਸੀ। ਮੈਨੂੰ ਆਪਣੇ ਪਿਤਾ ਜੀ ਅਤੇ ਪਰਿਵਾਰ 'ਤੇ ਮਾਣ ਹੈ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣਾ ਬਣਦਾ ਯੋਗਦਾਨ ਪਾਇਆ ਅਤੇ ਆਪਣੀ ਦੂਰ ਦ੍ਰਿਸ਼ਟੀ ਕਾਰਨ ਸਾਨੂੰ ਪੜ੍ਹਨ ਦੀ ਮਹੱਤਤਾ ਸਮਝਾਉਣ ਦੇ ਨਾਲ-ਨਾਲ ਵਧੀਆ ਸੰਸਕਾਰ ਦਿੱਤੇ। ਪਿਤਾ ਜੀ ਨੇ ਆਪਣੇ ਦੇਸ਼ ਦੀ ਆਜ਼ਾਦੀ ਲਈ ਲਾਹੌਰ ਅਤੇ ਮੁਲਤਾਨ ਵਿਖੇ ਆਪਣੇ ਸਮਿਆਂ ਵਿਚ ਜੇਲ੍ਹ ਵੀ ਕੱਟੀ।

**• ਤੁਹਾਡੀ ਵਿੱਦਿਅਕ ਯੋਗਤਾ ਅਤੇ ਕਿੱਤਾ?**

ਮੇਰੀ ਮੁੱਢਲੀ ਸਿੱਖਿਆ ਆਪਣੇ ਪਿੰਡ ਲੱਖੇਵਾਲੀ ਦੀ ਹੈ, ਜਦੋਂ ਕਿ ਮੈਟ੍ਰਿਕ ਦੀ ਪੜ੍ਹਾਈ ਨਾਲ ਲੱਗਦੇ ਪਿੰਡ ਭਾਗਸਰ ਤੋਂ ਪ੍ਰਾਪਤ ਕੀਤੀ। ਉਚੇਰੀ ਪੜ੍ਹਾਈ ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਅਤੇ ਬੀ. ਐੱਡ. ਖ਼ਾਲਸਾ ਕਾਲਜ ਸ੍ਰੀ ਮੁਕਤਸਰ ਸਾਹਿਬ ਤੋਂ ਪਾਸ ਕੀਤੀ। ਇਸ ਤਰ੍ਹਾਂ ਮੇਰੀ ਵਿੱਦਿਅਕ ਯੋਗਤਾ ਐੱਮ. ਏ. ਐੱਮ.ਐੱਡ ਹੈ ਕਿੱਤੇ ਵਜੋਂ ਸੰਨ ਉੱਨੀ ਸੌ ਉਨਾਸੀ (1979) ਵਿਚ ਮੇਰੀ ਪਹਿਲੀ ਨਿਯੁਕਤੀ ਪਿੰਡ ਸ਼ਾਮਖੇੜਾ ਬਤੌਰ ਐੱਸ. ਐੱਸ. ਅਧਿਆਪਕ ਵਜੋਂ ਹੋਈ ਤੇ ਮੈਂ ਸਰਕਾਰੀ ਸੇਵਾ ਵਿਚ ਆਇਆ। ਇਸ ਮਹਿਕਮੇ ਵਿਚ ਮੈਂ ਲਗਪਗ ਤੇਤੀ ਸਾਲ ਤਨ ਦੇਹੀ ਨਾਲ ਸੇਵਾ ਕੀਤੀ। ਮਹਿਕਮੇ ਵਿਚ ਤਰੱਕੀ ਹੋਣ ਕਰਕੇ ਮੈਂ ਤੀਹ ਅਪ੍ਰੈਲ ਦੋ ਹਜ਼ਾਰ ਬਾਰ੍ਹਾਂ ਵਿਚ ਜਦ ਸੇਵਾ ਮੁਕਤ ਹੋਇਆ ਤਾਂ ਬਤੌਰ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾ ਮੁਕਤ ਹੋਇਆ ਹਾਂ।

**• ਤੁਹਾਨੂੰ ਸਾਹਿਤ ਦੀ ਚੇਟਕ ਕਿਵੇਂ ਲੱਗੀ ਤੇ ਸਾਹਿਤਕ ਉਸਤਾਦ ਕੌਣ ਨੇ?**

ਮੈਨੂੰ ਸਾਹਿਤ ਦੀ ਚੇਟਕ ਆਪਣੇ ਘਰੋਂ ਹੀ ਲੱਗੀ। ਮੇਰੇ ਪਿਤਾ ਜੀ ਆਪਣੇ ਸਮੇਂ ਦੇ ਮਸ਼ਹੂਰ ਸਟੇਜੀ ਕਵੀ ਸਨ। ਉਨ੍ਹਾਂ ਦਿਨਾਂ ਵਿਚ ਪਿਤਾ ਜੀ ਦੀ ਸਟੇਜੀ ਕਵਿਤਾ ਦੀ ਇਕ ਕਿਤਾਬ ਵੀ ਆਈ, ਜਿਸ ਦਾ ਨਾਂ 'ਅਜ਼ਾਦ ਦੇ ਤੀਰ' ਸੀ। ਉਨ੍ਹਾਂ ਨੇ ਸਾਨੂੰ ਸਾਰੇ ਭੈਣ-ਭਰਾਵਾਂ ਨੂੰ ਕੇਵਲ ਜ਼ਿੰਦਗੀ ਦੀ ਜੀਵਨ ਜਾਚ ਹੀ ਨਹੀਂ ਸਿਖਾਈ ਬਲਕਿ ਪਰਿਵਾਰ ਨੂੰ ਸਮਾਜਿਕ ਕਦਰਾਂ ਕੀਮਤਾਂ ਦੇ ਨਾਲ ਨਾਲ ਸਾਹਿਤਕ ਗੁਰ ਵੀ ਸਿਖਾਏ। ਪਿਤਾ ਜੀ ਹੀ ਮੇਰੇ ਸਾਹਿਤਕ ਉਸਤਾਦ ਹਨ। ਪਰਿਵਾਰਕ ਮਾਹੌਲ ਸਾਹਿਤਕ ਹੋਣ ਕਰਕੇ ਮੈਂ ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਦਾ ਆਪਣੇ ਸਮੇਂ ਬੈਸਟ ਸਟੇਜੀ ਕਵੀ ਵੀ ਰਿਹਾ ਹਾਂ ਤੇ ਕਾਲਜ ਦੇ ਮੈਗਜ਼ੀਨ ਵਿਚ ਮੇਰੀਆਂ ਰਚਨਾਵਾਂ ਦਾ ਛਪਣਾ ਵੀ ਮੇਰੀ ਸਾਹਿਤਕ ਚੇਟਕ ਦਾ ਇਕ ਹਿੱਸਾ ਹੈ ਜਿਸ ਨਾਲ ਚੜ੍ਹਦੀ ਉਮਰੇ ਇਕ ਲੇਖਕ ਅਤੇ ਸਾਹਿਤਕਾਰ ਵਜੋਂ ਮੇਰੀ ਪਛਾਣ ਬਣਨੀ ਸ਼ੁਰੂ ਹੋ ਗਈ ਜੋ ਮੈਨੂੰ ਚੰਗੀ ਲੱਗਦੀ ਜਿਸ ਸਦਕਾ ਮੈਂ ਸਾਹਿਤਕ ਕਿਤਾਬਾਂ ਨੂੰ ਆਪਣਾ ਪੱਕਾ ਸਾਥੀ ਬਣਾ ਲਿਆ ਤੇ ਲਿਖਣਾ ਸ਼ੁਰੂ ਕੀਤਾ।

**• ਤੁਸੀਂ ਕਿਸ-ਕਿਸ ਵਿਧਾ ਵਿਚ ਹੱਥ ਅਜ਼ਮਾਇਆ?**

ਮੈਂ ਪੰਜਾਬੀ ਸਾਹਿਤ ਵਿਚ ਗੀਤ, ਗ਼ਜ਼ਲਾਂ ਤੋਂ ਇਲਾਵਾ ਮਿੰਨੀ ਕਹਾਣੀਆਂ ਵੀ ਲਿਖੀਆਂ ਹਨ। ਹਰ ਵਿਧਾ ਦੀ ਆਪਣੀ ਵਿਸ਼ੇਸ਼ਤਾ ਹੈ ਅਤੇ ਹਰ ਵਿਧਾ ਦੀ ਸਾਹਿਤ ਵਿਚ ਆਪਣੀ-ਆਪਣੀ ਥਾਂ ਹੈ। ਸਾਨੂੰ ਕਿਸੇ ਵੀ ਵਿਧਾ ਨੂੰ ਘਟਾ ਕੇ ਜਾਂ ਵਧਾ ਕੇ ਨਹੀਂ ਵੇਖਣਾ ਚਾਹੀਦਾ, ਪਰ ਮੇਰੀ ਸੰਤੁਸ਼ਟੀ ਵਿਅੰਗ ਲਿਖ ਕੇ ਹੀ ਹੁੰਦੀ ਹੈ। ਲੇਖਕ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਜੋ ਸਮਾਜ ਵਿਚ ਵਾਪਰਦਾ ਹੈ, ਉਸ ਨੂੰ ਪੇਸ਼ ਕਰਨਾ ਉਸ ਦਾ ਧਰਮ ਹੈ, ਫਰਜ਼ ਹੈ। ਇਸ ਫ਼ਰਜ਼ ਨੂੰ ਨਿਭਾਉਣ ਲਈ ਮੈਨੂੰ ਇਹ ਵਿਧਾ ਸਭ ਤੋਂ ਉੱਤਮ ਲੱਗੀ। ਮੇਰਾ ਪਹਿਲਾ ਵਿਅੰਗ 'ਕੱਦੂ ਡਾਕਟਰ ਜ਼ਿੰਦਾਬਾਦ' ਅਜੀਤ ਅਖ਼ਬਾਰ ਵਿਚ ਛਪਿਆ ਜਿਸ ਦੇ ਪੱਖ ਅਤੇ ਵਿਰੋਧ ਵਿਚ ਬੜੀਆਂ ਚਿੱਠੀਆਂ ਲੱਗੀਆਂ ਜਿਸ ਨੇ ਮੈਨੂੰ ਬੜਾ ਉਤਸ਼ਾਹਿਤ ਕੀਤਾ। ਪ੍ਰਿੰਸੀਪਲ ਦਲੀਪ ਸਿੰਘ ਭੁਪਾਲ ਨੇ ਨਿੱਜੀ ਰੂਪ ਵਿਚ ਕਿਹਾ ਕਿ ਤੁਸੀਂ ਇਸ ਵਿਧਾ ਵਿਚ ਵਧੀਆ ਲਿਖ ਸਕਦੇ ਹੋ ਫਿਰ ਮੈਂ ਵਿਅੰਗ ਲਿਖਣ ਵੱਲ ਹੋ ਗਿਆ, ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ। ਇਸ ਖੇਤਰ ਵਿਚ ਜੋ ਮੇਰੀ ਪਛਾਣ ਹੈ ਉਹ ਤੁਹਾਡੇ ਸਾਹਮਣੇ ਹੈ।

**• ਆਪਣੀ ਲਿਖਣ ਪ੍ਰਕਿਰਿਆ ਬਾਰੇ ਚਾਨਣਾ ਪਾਓ?**

ਮੈਂ ਆਪਣੇ ਪੜ੍ਹਦੇ ਸਮੇਂ ਕਾਲਜ ਦੇ ਛਪਦੇ ਰਸਾਲੇ ਤੋਂ ਲੈ ਕੇ ਵੱਖ-ਵੱਖ ਤਰ੍ਹਾਂ ਦੇ ਮੈਗਜ਼ੀਨ, ਰਸਾਲੇ ਅਤੇ ਨਾਮਵਰ ਪੰਜਾਬੀ ਅਖ਼ਬਾਰਾਂ ਵਿਚ ਆਪਣੀ ਹਾਜ਼ਰੀ ਲਵਾ ਚੁੱਕਾ ਹਾਂ। ਜੇ ਕਿਤਾਬਾਂ ਦੀ ਗੱਲ ਕਰੀਏ ਤਾਂ ਹੁਣ ਤਕ ਕਿਤਾਬੀ ਰੂਪ ਵਿਚ ਮੇਰੀਆਂ ਵਿਅੰਗ ਦੀਆਂ ਚਾਰ ਪੁਸਤਕਾਂ ਆ ਚੁੱਕੀਆਂ ਹਨ ਜਿਨ੍ਹਾਂ ਦੇ ਨਾਂ 'ਕਾਕਾ ਵਿਕਾਊ ਹੈ' 'ਫੂਕ ਸ਼ਾਸਤਰ ਜ਼ਿੰਦਾਬਾਦ' 'ਆਪਾਂ ਕੀ ਲੈਣਾ' 'ਜ਼ਿੰਦਗੀ ਦੇ ਗੀਤ' ਕਾਵਿ ਵਿਅੰਗ ਅਤੇ ਹੁਣੇ-ਹੁਣੇ ਨਵੀਂ ਕਿਤਾਬ ਦਾ ਨਾਂ 'ਗੋਡੇ ਘੁੱਟ ਤੇ ਮੌਜਾਂ ਲੁੱਟ' ਮੇਰੀ ਪੰਜਵੀਂ ਕਿਤਾਬ ਬਹੁਤ ਜਲਦ ਪਾਠਕਾਂ ਦੇ ਹੱਥਾਂ ਵਿਚ ਆਉਣ ਵਾਲੀ ਹੈ ਜਿਸ ਵਿਚ ਵੱਖ-ਵੱਖ ਵਿਸ਼ਿਆਂ ਦੀ ਵੰਨ ਸੁਵੰਨਤਾ ਪਾਠਕਾਂ ਨੂੰ ਪੜ੍ਹਨ ਲਈ ਮਿਲੇਗੀ, ਮੈਨੂੰ ਪੂਰੀ ਉਮੀਦ ਹੈ ਕਿ ਇਹ ਕਿਤਾਬ ਉਨ੍ਹਾਂ ਦੀ ਆਸ 'ਤੇ ਪੂਰੀ ਤਰ੍ਹਾਂ ਖ਼ਰੀ ਉਤਰੇਗੀ।

**• ਸਾਹਿਤਕ ਸਭਾਵਾਂ ਦੀ ਸਾਹਿਤ ਨੂੰ ਕਿੰਨੀ ਕੁ ਦੇਣ ਹੈ?**

ਸਾਹਿਤ ਸਭਾ ਕਿਸੇ ਲੇਖਕ ਜਾਂ ਸਿਖਾਂਦਰੂ ਲਈ ਇਕ ਤਰ੍ਹਾਂ ਦੀ ਵਰਕਸ਼ਾਪ ਦਾ ਕੰਮ ਕਰਦੀ ਹੈ। ਮੈਂ ਖ਼ੁਦ ਸਾਹਿਤ ਸਭਾ ਜੈਤੋ, ਅਬੋਹਰ, ਸ੍ਰੀ ਮੁਕਤਸਰ ਸਾਹਿਬ ਦਾ ਸਰਗਰਮ ਮੈਂਬਰ ਰਿਹਾ ਹਾਂ। ਇਕ ਪੰਜਾਬੀ ਹਾਸ ਵਿਅੰਗ ਅਕੈਡਮੀ ਪੰਜਾਬ ਬਣੀ ਹੋਈ ਹੈ ਜਿਸ ਦੇ ਕੇ.ਐੱਲ. ਗਰਗ ਪ੍ਰਧਾਨ ਅਤੇ ਮੈਂ ਜਨਰਲ ਸਕੱਤਰ ਦੇ ਅਹੁਦੇ 'ਤੇ ਕੰਮ ਕਰ ਰਿਹਾ ਹਾਂ। ਅਸੀਂ ਕਾਫ਼ੀ ਮਿਹਨਤ ਨਾਲ ਇਸ ਸੰਸਥਾ ਦੇ ਝੰਡੇ ਥੱਲੇ ਸਾਹਿਤਕ ਪੁਸਤਕਾਂ ਵੀ ਛਪਵਾਈਆਂ ਅਤੇ ਸਕੂਲਾਂ, ਕਾਲਜਾਂ ਵਿਚ ਸਮਾਗਮਾਂ ਦਾ ਪ੍ਰਬੰਧ ਵੀ ਕਰਦੇ ਹਾਂ ਤਾਂ ਜੋ ਬੱਚੇ ਸਾਹਿਤ ਵੱਲ ਪ੍ਰੇਰਿਤ ਹੋਣ। ਸਮਾਜ ਨੂੰ ਚੇਤਨ ਕਰਨ ਵਿਚ ਮੈਂ ਸਮਝਦਾ ਹਾਂ ਕਿ ਸਾਹਿਤਕ ਸਭਾਵਾਂ ਬਹੁਤ ਵੱਡਾ ਰੋਲ ਨਿਭਾਉਂਦੀਆਂ ਹਨ ਜੇ ਉਹ ਕਿਸੇ ਧੜੇਬੰਦੀ ਅਤੇ ਆਪੂ ਚੌਧਰ ਵਰਗੀ ਬੀਮਾਰੀ ਦਾ ਸ਼ਿਕਾਰ ਨਾ ਹੋਣ। ਸੋ ਮੈਂ ਸਾਹਿਤਕ ਸਭਾਵਾਂ ਦਾ ਹੋਣਾ ਕਿਸੇ ਵੀ ਭਾਸ਼ਾ ਲਈ ਸ਼ੁਭ ਸ਼ਗਨ ਮੰਨਦਾ ਹਾਂ।

**• ਨਾਮਵਰ ਵਿਅੰਗਕਾਰ ਜਿਨ੍ਹਾਂ ਤੋਂ ਤੁਸੀਂ ਪ੍ਰਭਾਵਿਤ ਹੋ?**

ਮੈਂ ਕਾਫੀ ਵਿਅੰਗਕਾਰਾਂ ਤੋਂ ਪ੍ਰਭਾਵਿਤ ਹਾਂ। ਕੇ. ਐੱਲ. ਗਰਗ, ਜੇ. ਐੱਲ ਨੰਦਾ, ਡਾ. ਧਰਮ ਸਿੰਘ, ਗੁਰਨਾਮ ਸਿੰਘ ਤੀਰ ਆਦਿ ਕਾਫੀ ਨਾਂ ਸ਼ਾਮਿਲ ਹਨ। ਅਸਲ ਵਿਚ ਮੈਨੂੰ ਉਹ ਹਰ ਲੇਖਕ ਹੀ ਪ੍ਰਭਾਵਿਤ ਕਰਦਾ ਹੈ ਜੋ ਚੰਗੇ ਸਮਾਜ ਦੀ ਸਿਰਜਣਾ ਲੋਚਦਾ ਹੈ ਅਤੇ ਸਮਾਜ ਦੀਆਂ ਅਨੈਤਿਕ ਕਦਰਾਂ, ਕੀਮਤਾਂ, ਗ਼ਲਤ ਰਸਮਾਂ, ਰਿਵਾਜਾਂ ਦੇ ਬਖੀਏ ਉਦੇੜਦਾ ਹੈ ਫਿਰ ਉਹ ਚਾਹੇ ਨਵਾਂ ਨਾਂ ਹੋਵੇ ਜਾਂ ਸਥਾਪਤ। ਮੈਂ ਹਰ ਉਸ ਲੇਖਕ ਦੀ ਦਿਲੋਂ ਕਦਰ ਕਰਦਾ ਹਾਂ ਜੋ ਸਮਾਜ ਭਲਾਈ ਲਈ ਸੋਚਦਾ ਹੈ।

> ਸਾਡੇ ਸਮਾਜ 'ਚ ਕਾਣੀ ਵੰਡ, ਜਾਤ-ਪਾਤ, ਬੇਰੁਜ਼ਗਾਰੀ, ਮਹਿੰਗਾਈ, ਨਸ਼ੇ, ਗੰਦੀ ਰਾਜਨੀਤੀ, ਭ੍ਰਿਸ਼ਟਾਚਾਰ ਆਦਿ ਅਨੇਕਾਂ ਅਲਾਮਤਾਂ ਹਨ ਜਿਸ ਤੋਂ ਸਮਾਜ ਦਾ ਹਰ ਵਰਗ ਦੁਖੀ ਹੈ। ਬਸ ਮੇਰਾ ਰਾਜਨੀਤੀ 'ਚ ਆਉਣ ਦਾ ਇਹੋ ਹੀ ਮੁੱਖ ਕਾਰਨ ਸੀ ਕਿ ਇਨ੍ਹਾਂ ਨੂੰ ਕਿਵੇਂ ਵੀ ਦੂਰ ਕੀਤਾ ਜਾਵੇ...

**• ਰਾਜਨੀਤੀ ਵਿਚ ਆਉਣ ਦਾ ਤੁਹਾਡਾ ਸਬੱਬ ਕਿਵੇਂ ਬਣਿਆ?**

ਸਮਾਜਿਕ ਗਿਰਾਵਟ ਨੂੰ ਵੇਖਦੇ ਹੋਏ ਸੋਚਿਆ ਕਲਮ ਦੇ ਨਾਲ-ਨਾਲ ਜੇ ਲੋਕ ਸ਼ਕਤੀ ਮਿਲੇ ਤਾਂ ਸਮਾਜ ਵਿਚ ਸੁਧਾਰ ਤੇਜ਼ੀ ਨਾਲ ਸੰਭਵ ਹੋ ਸਕਦਾ ਹੈ। ਅੱਜ ਸਾਡੇ ਸਮਾਜ ਵਿਚ ਕਾਣੀ ਵੰਡ, ਜਾਤ-ਪਾਤ, ਬੇਰੁਜ਼ਗਾਰੀ, ਮਹਿੰਗਾਈ, ਨਸ਼ੇ, ਗੰਦੀ ਰਾਜਨੀਤੀ, ਭ੍ਰਿਸ਼ਟਾਚਾਰ ਆਦਿ ਅਨੇਕਾਂ ਅਲਾਮਤਾਂ ਮੂੰਹ ਅੱਡੀ ਖੜ੍ਹੀਆਂ ਹਨ ਜਿਸ ਤੋਂ ਸਮਾਜ ਦਾ ਹਰ ਵਰਗ ਦੁਖੀ ਤੇ ਪਰੇਸ਼ਾਨ ਹੈ, ਬਸ ਮੇਰਾ ਰਾਜਨੀਤੀ ਵਿਚ ਆਉਣ ਦਾ ਇਹੋ ਹੀ ਮੁੱਖ ਕਾਰਨ ਸੀ ਕਿ ਇਨ੍ਹਾਂ ਅਲਾਮਤਾਂ ਨੂੰ ਕਿਵੇਂ ਵੀ ਦੂਰ ਕੀਤਾ ਜਾਵੇ। ਪਰ ਰਾਜਨੀਤੀ ਦੀ ਖੇਡ ਆਮ ਬੰਦੇ ਨੂੰ ਬਹੁਤ ਘੱਟ ਮਾਫਕ ਹੈ ਕਿਉਂਕਿ ਹਰ ਰਾਜਨੀਤਕ ਬੰਦਿਆਂ ਦੀ ਕਹਿਣੀ ਕਰਨੀ ਵਿਚ ਉੱਨੀ ਇਕਾਨਵੇਂ ਵਾਲਾ ਫ਼ਰਕ ਹੁੰਦਾ ਹੈ ਜਦੋਂ ਕਿ ਸਾਨੂੰ ਲੇਖਕਾਂ ਨੂੰ ਉੱਨੀ ਇੱਕੀ ਵੀ ਮਾਫ਼ਕ ਨਹੀਂ ਆਉਂਦਾ, ਮੈਂ ਰਾਜਨੀਤੀ ਵਿਚ ਆ ਕੇ ਇਸ ਗੱਲ ਨੂੰ ਸਿਰਫ ਭਾਂਪਿਆ ਹੀ ਨਹੀਂ, ਹੱਡੀਂ ਵੀ ਹੰਢਾਇਆ ਹੈ।

**• ਤੁਹਾਨੂੰ ਸਾਹਿਤਕਾਰਾਂ ਤੇ ਰਾਜਨੀਤਕ ਲੋਕਾਂ ਵਿਚ ਕੋਈ ਵੱਡਾ ਫ਼ਰਕ ਲੱਗਾ?**

ਕਾਫੀ ਜ਼ਿਆਦਾ ਫ਼ਰਕ ਹੈ ਜੋ ਮੈਂ ਮਹਿਸੂਸ ਕੀਤਾ। ਸਾਹਿਤਕਾਰ ਚੰਗੀ ਮਾਨਸਿਕਤਾ ਵਾਲੇ ਲੋਕਾਂ ਦਾ ਅਜਿਹਾ ਸਮੂਹ ਹੈ ਜੋ ਸਮਾਜ ਦਾ ਭਲਾ ਲੋਚਦੇ ਹਨ ਪਰ ਰਾਜਨੀਤਕ ਗਿਰਾਵਟ ਨੂੰ ਸ਼ਬਦਾਂ 'ਚ ਬਿਆਨ ਕਰਨਾ ਮੁਸ਼ਕਿਲ ਹੈ। ਸਾਰਾ ਵਰਤਾਰਾ ਤੇ ਘਟੀਆ ਪੱਧਰ ਦੀ ਰਾਜਨੀਤੀ ਵੇਖ ਕੇ ਮਨ ਦੁਖੀ ਹੁੰਦਾ ਹੈ। ਪ੍ਰੰਤੂ ਜਿਸ ਤਰ੍ਹਾਂ ਰਾਜਨੀਤੀ ਵਿਚ ਗਿਰਾਵਟ ਆਈ ਹੈ, ਉਸੇ ਤਰ੍ਹਾਂ ਸਾਹਿਤਕ ਖੇਤਰ ਵਿਚ ਵੀ ਨਿਘਾਰ, ਗੁੱਟਬੰਦੀ, ਮੌਕਾਪ੍ਰਸਤੀ ਬੜੀ ਤੇਜ਼ੀ ਨਾਲ ਵਧ ਰਹੀ ਹੈ, ਜੋ ਬਹੁਤ ਘਾਤਕ ਹੈ। ਸਾਹਿਤ ਅਤੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ ਜਿਸ ਵੱਲ ਧਿਆਨ ਦੇਣ ਦੀ ਬਹੁਤ ਜ਼ਰੂਰਤ ਹੈ, ਜੇ ਸਮੇਂ ਸਿਰ ਧਿਆਨ ਨਾ ਦਿੱਤਾ ਗਿਆ ਤਾਂ ਸਾਡੇ ਹੱਥ ਪਛਤਾਵੇ ਤੋਂ ਬਿਨਾਂ ਕੁਝ ਵੀ ਪੱਲੇ ਨਹੀਂ ਪੈਣਾ। ਆਉਣ ਵਾਲੀਆਂ ਪੀੜ੍ਹੀਆਂ ਨੇ ਸਾਨੂੰ ਕਦੇ ਮਾਫ਼ ਨਹੀਂ ਕਰਨਾ, ਹਰੇਕ ਖੇਤਰ ਵਿਚ ਅਸੀਂ ਅਜਿਹਾ ਮਾਹੌਲ ਤਿਆਰ ਕਰ ਰਹੇ ਹਾਂ, ਜਿਸ ਨੂੰ ਸੋਚ ਕੇ ਬੜੀ ਚਿੰਤਾ ਹੁੰਦੀ ਹੈ।

**• ਜ਼ਿੰਦਗੀ ਦਾ ਕੋਈ ਤਜਰਬਾ ਜੋ ਸਾਂਝਾ ਕਰਨਾ ਚਾਹੋਗੇ?**

ਆਪਣੇ ਪ੍ਰਿੰਸੀਪਲ ਬਣਨ ਸਮੇਂ ਸਕੂਲ ਵਿਚ ਹਰ ਸਾਲ ਨਾਮਵਰ ਲੇਖਕਾਂ ਨੂੰ ਸਾਲਾਨਾ ਪ੍ਰੋਗਰਾਮ ਕਰ ਕੇ ਬੱਚਿਆਂ ਦੇ ਰੂਬਰੂ ਕਰਵਾਉਂਦੇ ਰਹੇ ਹਾਂ ਜਿਸ ਵਿਚ ਪ੍ਰੋ. ਗੁਰਦਿਆਲ ਸਿੰਘ, ਵਰਿਆਮ ਸਿੰਘ ਸੰਧੂ, ਗੁਰਸ਼ਰਨ ਭਾਅ ਜੀ, ਬਲਦੇਵ ਸਿੰਘ ਸੜਕਨਾਮਾ ਆਦਿ ਅਨੇਕਾਂ ਅਦਬੀ ਸ਼ਖ਼ਸੀਅਤਾਂ ਦੇ ਨਾਂ ਜ਼ਿਕਰਯੋਗ ਹਨ ਜੋ ਬੱਚਿਆਂ ਦੇ ਸਨਮੁੱਖ ਕੀਤੇ, ਜਿਸ ਕਰਕੇ ਸਾਡੇ ਸਕੂਲ ਦੇ ਬੱਚੇ ਸਾਹਿਤ ਨਾਲ ਜੁੜੇ ਅਤੇ ਅੱਜ ਵਧੀਆ ਲੇਖਕ ਬਣਨ ਤੋਂ ਇਲਾਵਾ ਦੇਸ ਦੇ ਵਧੀਆ ਜ਼ਿੰਮੇਵਾਰ ਨਾਗਰਿਕ ਬਣ ਆਪਣਾ ਯੋਗਦਾਨ ਪਾ ਰਹੇ ਹਨ। ਸਾਨੂੰ ਅਜਿਹੇ ਤਜਰਬੇ ਤੇ ਉੱਦਮ ਕਰਦੇ ਰਹਿਣਾ ਚਾਹੀਦਾ ਹੈ। ਮੇਰੀ ਕੌਮ ਦੇ ਨਿਰਮਾਤਾਵਾਂ ਨੂੰ ਇਹ ਛੋਟੀ ਜੀ ਬੇਨਤੀ ਹੈ।

**• ਸਾਹਿਤਕ ਇਨਾਮਾਂ ਨੂੰ ਕਿਵੇਂ ਦੇਖਦੇ ਹੋ?**

ਮੈਂ ਇਨਾਮਾਂ ਲਈ ਨਹੀਂ ਲਿਖਦਾ। ਜੋ ਇਨਾਮਾਂ ਲਈ ਲਿਖਦਾ ਹੈ ਮੈਂ ਉਸ ਨੂੰ ਲੇਖਕ ਹੀ ਨਹੀਂ ਮੰਨਦਾ ਪਰ ਅੱਜ ਜੁਗਾੜਬੰਦੀ ਜ਼ੋਰਾਂ 'ਤੇ ਹੈ। ਮੈਂ ਇਨਾਮਾਂ ਤੇ ਲੇਖਕਾਂ ਨੂੰ ਵੱਖਰਾ-ਵੱਖਰਾ ਕਰਕੇ ਵੇਖਦਾ ਹਾਂ। ਮੇਰਾ ਮੰਨਣਾ ਹੈ ਕਿ ਕਿਸੇ ਵੀ ਲੇਖਕ ਦੀ ਪਛਾਣ ਲਿਖਤ ਕਰਕੇ ਬਣਦੀ ਹੈ ਨਾ ਕਿ ਕਿਸੇ ਵੱਡੇ ਇਨਾਮ ਦੀ ਪ੍ਰਾਪਤੀ ਨਾਲ। ਵੈਸੇ ਕਿਸੇ ਵੀ ਕੰਮ ਵਿਚ ਦਿੱਤੀ ਗਈ ਸ਼ਾਬਾਸ਼ੇ, ਹਰ ਇਕ ਦਾ ਉਤਸ਼ਾਹ ਤਾਂ ਵਧਾਉਂਦੀ ਹੈ। ਮੈਨੂੰ ਸਾਹਿਤ ਸਭਾ ਸ੍ਰੀ ਮੁਕਤਸਰ ਸਾਹਿਬ, ਸਾਹਿਤ ਸਭਾ ਮੰਡੀ ਬਰੀਵਾਲਾ, ਸਾਹਿਤ ਸਭਾ ਜਲਾਲਾਬਾਦ, ਫ਼ਰੀਦਕੋਟ, ਸਾਹਿਤ ਸਭਾ ਕੋਟਕਪੂਰਾ ਤੋਂ ਇਲਾਵਾ ਪਿਆਰਾ ਸਿੰਘ ਦਾਤਾ ਐਵਾਰਡ ਹਾਸ ਵਿਅੰਗ ਅਕੈਡਮੀ ਵੱਲੋਂ ਅਤੇ ਮੀਰਜ਼ਾਦਾ ਮੈਗਜ਼ੀਨ ਐਵਾਰਡ ਸਾਹਿਤ ਦੇ ਖੇਤਰ ਵਿਚ ਮਿਲ ਚੁੱਕਾ ਹੈ।

**• ਪਰਿਵਾਰਕ ਸਹਿਯੋਗ ਕਿੰਨਾ ਕੁ ਮਿਲਦੈ?**

ਪਰਿਵਾਰ ਨੂੰ ਸਾਹਿਤਕ ਗੁੜ੍ਹਤੀ ਤਾਂ ਸ਼ੁਰੂ ਤੋਂ ਹੀ ਮਿਲੀ ਹੋਈ ਹੈ। ਸੋ ਮੇਰਾ ਸਾਰਾ ਪਰਿਵਾਰ ਹੀ ਸਾਹਿਤਕ ਰੰਗ ਵਿਚ ਰੰਗਿਆ ਹੋਇਆ ਹੈ। ਮੇਰੀ ਧਰਮ ਪਤਨੀ ਸ੍ਰੀਮਤੀ ਪ੍ਰਕਾਸ਼ ਕੌਰ ਵੀ ਬਤੌਰ ਅਧਿਆਪਕਾ ਸੇਵਾ ਮੁਕਤ ਹੋਈ ਹੈ ਜੋ ਮੇਰੀਆਂ ਰਚਨਾਵਾਂ ਦੀ ਪਹਿਲੀ ਪਾਠਕ ਹੈ। ਜਿਸ ਦੇ ਪੂਰਨ ਸਹਿਯੋਗ ਕਰਕੇ ਹੀ ਮੈਂ ਕੁਝ ਕਰਨ ਯੋਗ ਹੋਇਆ ਹਾਂ, ਜਿਸ ਨੇ ਘਰੇਲੂ ਜ਼ਿੰਮੇਵਾਰੀਆਂ ਨੂੰ ਆਪਣੇ ਮੋਢਿਆਂ 'ਤੇ ਚੁੱਕ ਮੈਨੂੰ ਮੁਕਤ ਕੀਤਾ ਤੇ ਮੈਂ ਸਾਹਿਤਕ ਖੇਤਰ ਵਿਚ ਕੁਝ ਯੋਗਦਾਨ ਪਾ ਸਕਿਆ ਹਾਂ। ਸੋ ਮੈਨੂੰ ਪਰਿਵਾਰ ਦਾ ਪੂਰਾ ਸਹਿਯੋਗ ਹੈ।

**• ਭਵਿੱਖ ਦੀਆਂ ਯੋਜਨਾਵਾਂ ਬਾਰੇ ਦੱਸੋ ਤੇ ਪਾਠਕਾਂ ਨੂੰ ਕੋਈ ਸੰਦੇਸ਼ ਦਿਉ।**

ਇਕ ਚੰਗੇ ਸਮਾਜ ਦੀ ਸਿਰਜਣਾ ਲਈ ਹਮੇਸ਼ਾ ਤੱਤਪਰ ਹਾਂ। ਕਲਮ ਨਾਲ ਸਮਾਜ ਦੀ ਸੇਵਾ ਇਸ ਤਰ੍ਹਾਂ ਕਰਾਂ ਜਿਸ ਨਾਲ ਇਕ ਆਦਰਸ਼ ਸਮਾਜ ਦੀ ਸਿਰਜਣਾ ਹੋ ਸਕੇ ਇਹ ਮੇਰੀ ਦਿਲੀ ਇੱਛਾ ਹੈ, ਇਹ ਯਤਨ ਭਵਿੱਖ ਵਿਚ ਵੀ ਜਾਰੀ ਰਹਿਣਗੇ। ਦੂਸਰੀ ਮੇਰੀ ਇਹੋ ਬੇਨਤੀ ਹੈ ਨਾ ਕਿ ਸੰਦੇਸ਼ ਕਿ ਆਪਣੇ ਬੱਚਿਆਂ ਨੂੰ ਪੜ੍ਹਾਓ ਚੰਗਾ ਸਾਹਿਤ ਪੜ੍ਹੋ, ਸਾਹਿਤ ਨਾਲ ਜੁੜੋ ਇਹ ਚੰਗੀ ਜ਼ਿੰਦਗੀ ਜਿਊਣਾ ਸਿਖਾਉਂਦਾ ਹੈ।

ਸੋ ਪੰਜਾਬੀਓ ਜਾਗੋ, ਜਾਗਦਿਆਂ ਦੀਆਂ ਕੱਟੀਆਂ ਸੁੱਤਿਆਂ ਦੇ ਕੱਟੇ ਇੰਨਾ ਹੀ ਕਹਾਂਗਾ ਜੀ, ਬਾਕੀ ਸਾਰੇ ਤੁਸੀਂ ਆਪ ਸਿਆਣੇ ਹੋ। •

---

# ਕਈ ਵਾਰ ਕੰਧ ਵੀ ਬਣ ਜਾਂਦੀ ਹੈ ਸਲਾਹਕਾਰ



• ਪ੍ਰੋ. ਧਰਮਜੀਤ ਮਾਨ
9478460084

> ਸਿਆਣੇ ਲੋਕ ਕਹਿੰਦੇ ਹਨ ਕਿ ਜੇ ਕੋਈ ਵੀ ਸਾਥ ਜਾਂ ਸਲਾਹ ਦੇਣ ਵਾਲਾ ਨਾ ਹੋਵੇ ਤਾਂ ਕੰਧ ਕੋਲੋਂ ਵੀ ਸਲਾਹ ਲਈ ਜਾ ਸਕਦੀ ਹੈ। ਗੱਲ ਸੋਲ੍ਹਾਂ ਆਨੇ ਸੱਚ ਹੈ। ਬੇਸ਼ੱਕ ਕੰਧ ਬੋਲਦੀ ਨਹੀਂ ਪਰ ਇਕਾਗਰ ਚਿੱਤ ਹੋ ਕੇ ਕੰਧ ਵੱਲ ਨੂੰ ਮੂੰਹ ਕਰ ਕੇ ਆਪਣੇ ਮਨ ਨਾਲ ਕੀਤੀ ਸੋਚ ਵਿਚਾਰ ਬੰਦੇ ਨੂੰ ਮੁਸੀਬਤ ਸਮੇਂ ਸੰਜੀਵਨੀ ਦਾ ਕੰਮ ਕਰ ਸਕਦੀ ਹੈ...

ਮੁਸੀਬਤ 'ਚ ਫਸਿਆ ਬੰਦਾ ਸਾਥ ਤਲਾਸ਼ਦਾ ਹੈ ਜੇ ਨਾ ਮਿਲੇ ਤਾਂ ਹੌਸਲਾ ਢਹਿੰਦਾ ਹੈ। ਕਰੀਬੀ ਦੋਸਤ ਮਿੱਤਰਾਂ ਅਤੇ ਸਕੇ ਸਬੰਧੀਆਂ ਵਲੋਂ ਕਿਨਾਰਾ ਕਰ ਲੈਣ ਦੀ ਹਾਲਤ 'ਚ ਸਥਿਤੀ ਹੋਰ ਵੀ ਗੰਭੀਰ ਹੋ ਜਾਂਦੀ ਹੈ। ਸਿਆਣੇ ਲੋਕ ਕਹਿੰਦੇ ਹਨ ਕਿ ਜੇ ਕੋਈ ਵੀ ਸਾਥ ਜਾਂ ਸਲਾਹ ਦੇਣ ਵਾਲਾ ਨਾ ਹੋਵੇ ਤਾਂ ਕੰਧ ਕੋਲੋਂ ਵੀ ਸਲਾਹ ਲਈ ਜਾ ਸਕਦੀ ਹੈ। ਗੱਲ ਸੋਲ੍ਹਾਂ ਆਨੇ ਸੱਚ ਹੈ। ਬੇਸ਼ੱਕ ਕੰਧ ਬੋਲਦੀ ਨਹੀਂ ਪਰ ਇਕਾਗਰ ਚਿੱਤ ਹੋ ਕੇ ਕੰਧ ਵੱਲ ਨੂੰ ਮੂੰਹ ਕਰ ਕੇ ਆਪਣੇ ਮਨ ਨਾਲ ਕੀਤੀ ਸੋਚ ਵਿਚਾਰ ਬੰਦੇ ਨੂੰ ਮੁਸੀਬਤ ਸਮੇਂ ਸੰਜੀਵਨੀ ਦਾ ਕੰਮ ਕਰ ਸਕਦੀ ਹੈ। ਗੱਲ ਵਿਚਾਰਾਂ ਦੀ ਹੁੰਦੀ ਹੈ, ਇਕਾਗਰ ਹੋਣ ਨਾਲ ਵਿਚਾਰਾਂ ਦਾ ਪ੍ਰਵਾਹ ਤੇਜ਼ੀ ਨਾਲ ਵੱਧਦਾ ਹੈ ਅਤੇ ਕਿਸੇ ਚੰਗੇ ਨਤੀਜੇ 'ਤੇ ਪਹੁੰਚਣ ਲਈ ਇਕ ਉਮੀਦ ਮਿਲ ਜਾਂਦੀ ਹੈ।

ਪੈਸੇ ਦੀ ਦੌੜ 'ਚ ਇਨਸਾਨੀਅਤ ਨਾਂ ਦੀ ਚੀਜ਼ ਮਨਫ਼ੀ ਹੋ ਗਈ ਹੈ। ਜੇਬ 'ਚ ਪੈਸਾ ਹੋਵੇ ਮਿੱਤਰਾਂ ਦੀ ਗਿਣਤੀ ਵੱਧਦੀ ਹੈ, ਪੈਸਾ ਖ਼ਤਮ ਹੋ ਜਾਵੇ ਜਾਂ ਫਿਰ ਮੰਗ ਕੇ ਟਾਈਮ ਟਪਾਉਣ ਦੀ ਗੱਲ ਆ ਜਾਵੇ ਤਾਂ ਦੋਸਤ ਮਿੱਤਰਾਂ ਦੀ ਗਿਣਤੀ ਇਕਦਮ ਘੱਟਦੀ ਹੈ। ਅਜਿਹੇ ਮਾਹੌਲ 'ਚ ਬੇਜਾਨ ਜਾਂ ਬੇਜ਼ੁਬਾਨ ਚੀਜ਼ਾਂ ਵੀ ਕਈ ਵਾਰ ਇਨਸਾਨ ਦਾ ਸਹਾਰਾ ਬਣ ਜਾਂਦੀਆਂ ਹਨ।

ਰੁਜ਼ਗਾਰ ਦੀ ਤਲਾਸ਼ 'ਚ ਤਕਰੀਬਨ ਦਸ ਸਾਲ ਪਹਿਲਾਂ ਮੈਂ ਇਕ ਪ੍ਰਾਈਵੇਟ ਕਾਲਜ 'ਚ ਪਹੁੰਚਿਆ। ਅਖ਼ਬਾਰ 'ਚ ਪੜ੍ਹਿਆ ਸੀ ਕਿ ਉਸ ਕਾਲਜ 'ਚ ਅੰਗਰੇਜ਼ੀ ਅਧਿਆਪਕ ਦੀ ਜ਼ਰੂਰਤ ਹੈ। ਮਿੱਥੀ ਤਰੀਕ ਅਤੇ ਸਮੇਂ 'ਤੇ ਮੈਂ ਉਸ ਕਾਲਜ 'ਚ ਇੰਟਰਵਿਊ ਦੇਣ ਲਈ ਪਹੁੰਚ ਗਿਆ। ਕਾਫ਼ੀ ਉਮੀਦਵਾਰ ਨੌਕਰੀ ਦੀ ਆਸ ਨਾਲ ਪਹਿਲਾਂ ਤੋਂ ਹੀ ਖੜ੍ਹੇ ਸਨ। ਤਕਰੀਬਨ ਗਿਆਰਾਂ ਵਜੇ ਦੇ ਕਰੀਬ ਇੰਟਰਵਿਊ ਲਈ ਆਵਾਜ਼ ਪੈਣੀ ਸ਼ੁਰੂ ਹੋ ਗਈ। ਮੈਂ ਆਪਣੀ ਵਾਰੀ ਦੀ ਉਡੀਕ ਕਰਨ ਲੱਗਿਆ। ਕੁਝ ਦੂਰੀ 'ਤੇ ਦੋ ਨੌਜਵਾਨ ਖੜ੍ਹੇ ਗੱਲਾਂ ਕਰ ਰਹੇ ਸੀ। ਮੈਂ ਹੌਲੀ-ਹੌਲੀ ਤੁਰਦਾ ਉਨ੍ਹਾਂ ਕੋਲ ਚਲਿਆ ਗਿਆ। ਪਤਾ ਲੱਗਿਆ ਕਿ ਉਹ ਵੀ ਉਸ ਕਾਲਜ 'ਚ ਇੰਟਰਵਿਊ ਦੇਣ ਲਈ ਹੀ ਆਏ ਸਨ। ਮੈਂ ਉਨ੍ਹਾਂ ਦੀਆਂ ਗੱਲਾਂ ਸੁਣਨ ਲੱਗਿਆ। ਉਹ ਇਕ ਦੂਜੇ ਨੂੰ ਕਹਿ ਰਹੇ ਸਨ ਕਿ ਇੱਥੇ ਨੌਕਰੀ ਮਿਲਣੀ ਮੁਸ਼ਕਿਲ ਹੈ ਕਿਉਂਕਿ ਇਕ ਤਾਂ ਪੋਸਟ ਸਿਰਫ਼ ਇਕ ਹੈ ਅਤੇ ਦੂਜਾ ਉਮੀਦਵਾਰ ਕਾਫ਼ੀ ਹਨ ਅਤੇ ਕਈਆਂ ਦੀਆਂ ਸਿਫਾਰਸ਼ਾਂ ਕਾਫ਼ੀ ਉੱਤੋਂ ਆਈਆਂ ਹੋਈਆਂ ਹਨ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੈਂ ਵੀ ਆਸ ਤੋਂ ਬੇਆਸ ਹੋਣ ਲੱਗਿਆ।

ਚਾਹ ਦਾ ਕੱਪ ਪੀਣ ਲਈ ਮੈਂ ਕੰਟੀਨ ਵੱਲ ਨੂੰ ਹੋ ਤੁਰਿਆ। ਕਾਲਜ 'ਚ ਛੁੱਟੀਆਂ ਹੋਣ ਕਾਰਨ ਕੰਟੀਨ 'ਚ ਕੋਈ ਜ਼ਿਆਦਾ ਰੌਣਕ ਨਹੀਂ ਸੀ। ਚਾਹ ਦਾ ਕੱਪ ਹੱਥ 'ਚ ਫੜ ਕੇ ਮੈਂ ਮਨ ਨਾਲ ਵਿਚਾਰਾਂ ਕਰਨ ਲੱਗਿਆ। ਮੇਰੀ ਨਿਗ੍ਹਾ ਸਾਹਮਣੇ ਕੰਧ 'ਤੇ ਟਿਕੀ ਹੋਈ ਸੀ ਅਤੇ ਮਨ 'ਚ ਵਿਚਾਰਾਂ ਦਾ ਜੋੜ-ਤੋੜ ਚੱਲ ਰਿਹਾ ਸੀ। ਵਿਚਾਰ ਆਇਆ ਕਿ ਇੱਥੇ ਕੰਮ ਨਹੀਂ ਬਣਨਾ ਚੱਲਦੇ ਆਂ ਪਰ ਦੂਜੇ ਵਿਚਾਰ ਨੇ ਪਹਿਲੇ ਵਿਚਾਰ ਨੂੰ ਗ਼ਲਤ ਠਹਿਰਾਉਂਦੇ ਹੋਏ ਮੈਨੂੰ ਇੰਟਰਵਿਊ ਦੇਣ ਤਕ ਦਾ ਇੰਤਜ਼ਾਰ ਕਰਨ ਲਈ ਕਿਹਾ। ਇਸ ਤੋਂ ਪਹਿਲਾਂ ਵੀ ਕਈ ਥਾਈਂ ਇੰਟਰਵਿਊ ਦੇ ਆਇਆ ਸਾਂ ਕੰਮ ਵੀ ਬਣ ਗਿਆ ਸੀ ਬੱਸ ਗੱਲ ਘੱਟ ਮਿਹਨਤਾਨੇ 'ਤੇ ਅੜ ਜਾਂਦੀ ਸੀ। ਚਾਹ ਪੀਂਦੇ-ਪੀਂਦੇ ਅੱਖਾਂ ਸਾਹਮਣੇ ਖੜ੍ਹੀ ਬੇਜਾਨ ਤੇ ਬੇਜ਼ੁਬਾਨ ਕੰਧ ਮੇਰਾ ਸਲਾਹਕਾਰ ਬਣਕੇ ਮੈਨੂੰ ਔਖ ਅਤੇ ਉਲਝਣ 'ਚੋਂ ਕੱਢਣ ਦੀ ਕੋਸ਼ਿਸ਼ ਕਰ ਰਹੀ ਸੀ। ਅੰਤ ਵਿਚਾਰ ਆਇਆ ਕਿ ਇੰਟਰਵਿਊ 'ਚ ਹਾਜ਼ਿਰ ਹੋ ਕੇ ਦੇਖ ਲਿਆ ਜਾਵੇ ਅਤੇ ਜੋ ਹੋਵੇਗਾ ਉਸ ਨੂੰ ਪਰਵਾਨ ਕਰ ਲਿਆ ਜਾਵੇ।

ਇਹ ਸੋਚ ਕੇ ਮੈਂ ਖ਼ਾਲੀ ਕੱਪ ਟੇਬਲ 'ਤੇ ਧਰ ਕੇ ਬਣਦੇ ਪੈਸੇ ਦੇ ਕੇ ਇੰਟਰਵਿਊ ਵਾਲੇ ਥਾਂ 'ਤੇ ਆ ਗਿਆ। ਹੁਣ ਮੇਰਾ ਮਨ ਟਿੱਕ ਚੁੱਕਾ ਸੀ। ਨੌਕਰੀ ਨਾ ਮਿਲਣ ਦੀ ਹਾਲਤ 'ਚ ਮੈਨੂੰ ਨਿਰਾਸ਼ਾ ਦਾ ਕੋਈ ਭੈਅ ਨਹੀਂ ਸੀ ਰਿਹਾ। ਅਖੀਰ ਮੇਰਾ ਨਾਂ ਲੈ ਕੇ ਆਵਾਜ਼ ਮਾਰੀ ਗਈ। ਸੱਤ ਜਣਿਆਂ ਦੇ ਇੰਟਰਵਿਊ ਪੈਨਲ ਅੱਗੇ ਮੈਂ ਪੇਸ਼ ਹੋਇਆ। ਮੈਨੂੰ ਬੈਠਣ ਲਈ ਕਿਹਾ ਗਿਆ ਅਤੇ ਫਿਰ ਪ੍ਰਸ਼ਨਾਂ ਦੀ ਝੜੀ ਲੱਗ ਗਈ। ਅੱਠ ਪ੍ਰਸ਼ਨਾਂ ਦੇ ਜਵਾਬ ਦੇਣ ਤੋਂ ਬਾਅਦ ਮੇਰਾ ਹੌਸਲਾ ਵੱਧ ਗਿਆ। ਇਕ ਵੱਡੀ ਉਮਰ ਦੇ ਵਿਅਕਤੀ ਨੇ, ਜੋ ਸ਼ਾਇਦ ਰਿਟਾਇਰਡ ਪ੍ਰੋਫੈਸਰ ਸਨ, ਮੈਨੂੰ ਇਕ ਅੰਗਰੇਜ਼ੀ ਲੇਖਕ ਦੁਆਰਾ ਕੁਝ ਲਿਖੀਆਂ ਪੁਸਤਕਾਂ ਬਾਰੇ ਪੁੱਛਿਆ, ਸ਼ਾਇਦ ਉਹ ਮੈਨੂੰ ਉਲਝਾਉਣਾ ਚਾਹੁੰਦੇ ਸਨ, ਮੈਂ ਬੜੀ ਇਨਮਾਨਦਾਰੀ ਨਾਲ ਦੱਸ ਦਿਤਾ ਕਿ ਮੈਨੂੰ ਇਸ ਪ੍ਰਸ਼ਨ ਦਾ ਜਵਾਬ ਨਹੀਂ ਪਤਾ। ਉਨ੍ਹਾਂ ਮੈਨੂੰ ਇਕ ਪ੍ਰਸ਼ਨ ਹੋਰ ਕੀਤਾ। ਮੈਂ ਸਹੀ ਜਵਾਬ ਦੇ ਦਿੱਤਾ। ਆਪਸ 'ਚ ਵਿਚਾਰ ਕਰਨ ਤੋਂ ਬਾਅਦ ਉਨ੍ਹਾਂ ਨੇ ਮੈਨੂੰ ਬਾਹਰ ਬੈਠ ਕੇ ਇੰਤਜ਼ਾਰ ਕਰਨ ਲਈ ਕਿਹਾ। ਜਦੋਂ ਸਾਰੇ ਉਮੀਦਵਾਰ ਇੰਟਰਵਿਊ ਦੇ ਕੇ ਚਲੇ ਗਏ ਤਾਂ ਉਨ੍ਹਾਂ ਮੈਨੂੰ ਅੰਦਰ ਬੁਲਾ ਕੇ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਤੁਸੀਂ ਇਸ ਨੌਕਰੀ ਲਈ ਚੁਣ ਲਏ ਗਏ ਹੋ। ਇਹ ਸੁਣ ਕੇ ਮੈਨੂੰ ਬਹੁਤ ਖ਼ੁਸ਼ੀ ਹੋਈ। ਇਹ ਮੇਰੀ ਇਕ ਕਾਲਜ ਅਧਿਆਪਕ ਦੇ ਤੌਰ 'ਤੇ ਸ਼ੁਰੂਆਤ ਸੀ। ਕੁਝ ਹੋਰ ਰਸਮੀ ਗੱਲਾਂ ਕਰਨ ਤੋਂ ਬਾਅਦ ਮੈਂ ਇਜਾਜ਼ਤ ਲੈ ਕੇ ਘਰ ਨੂੰ ਤੁਰ ਪਿਆ।

ਆਖਰੀ ਵੇਲੇ ਸਹਾਰਾ ਬਣੀ ਕੰਧ ਮੇਰੇ ਲਈ ਵੱਡੀ ਸਿਫ਼ਾਰਿਸ਼ ਸਾਬਿਤ ਹੋਈ। ਕੰਧ 'ਤੇ ਨਜ਼ਰਾਂ ਟਿਕਾ ਕੇ ਸੋਚਣ ਨਾਲ ਅੰਦਰੂਨੀ ਸ਼ਕਤੀ ਨੇ ਮੈਨੂੰ ਫ਼ੈਸਲਾਕੁੰਨ ਵਿਚਾਰਾਂ ਵੱਲ ਮੋੜ ਦਿੱਤਾ ਅਤੇ ਮੇਰੇ ਅਧਿਆਪਨ ਕਿੱਤੇ ਦੀ ਸ਼ੁਰੂਆਤ ਹੋ ਗਈ। •

---

# ਸਹਿਜਤਾ ਦੇ ਅਰਥ

• ਬਲਰਾਜ ਪੰਨੀਵਾਲਾ ਫੱਤਾ
73474 56563

> ਅਜੋਕੀ ਜ਼ਿੰਦਗੀ ਵਿੱਚੋਂ ਸਹਿਜਤਾ ਕਿਰਦੀ ਜਾ ਰਹੀ ਹੈ। ਕਾਹਲ ਨੇ ਮਨੁੱਖ ਕੋਲੋਂ ਸਕੂਨ ਖੋਹ ਲਿਆ ਹੈ ਜਿਸ ਕਾਰਨ ਮਨੁੱਖੀ ਸਮਾਜ ਦਾ ਵਿਹੜਾ ਹਫ਼ੜਾ-ਦਫ਼ੜੀ ਦਾ ਸ਼ਿਕਾਰ ਹੋ ਗਿਆ ਹੈ। ਮਨੁੱਖ ਨੇ ਸਹਿਜਤਾ ਨੂੰ ਆਪਣੇ ਤੋਂ ਕੋਹਾਂ ਦੂਰ ਕਰ ਲਿਆ ਹੈ...



ਸਹਿਜ ਰਹਿਣ ਦੇ ਅਰਥ ਆਪਣੇ ਆਪ ਵਿਚ ਬਹੁਤ ਵੱਡੇ ਹੁੰਦੇ ਹਨ। ਸਹਿਜਤਾ ਮਨੁੱਖੀ ਜ਼ਿੰਦਗੀ ਦਾ ਸ਼ਿੰਗਾਰ ਹੈ। ਸਹਿਜਤਾ ਦਾ ਦੂਜਾ ਅਰਥ ਸਹਿਣਸ਼ੀਲਤਾ ਤੋਂ ਹੈ। 'ਸਹਿਜ ਪੱਕੇ ਸੋ ਮੀਠਾ ਹੋਏ'। ਸਹਿਜ ਨਾਲ ਕੀਤੇ ਗਏ ਕੰਮਾਂ ਤੋਂ ਸਫਲਤਾਵਾਂ ਉਪਜਦੀਆਂ ਹਨ। ਸਹਿਜ ਨਾਲ ਚੱਲਣ ਵਾਲੇ ਲੋਕ ਜ਼ਿੰਦਗੀ ਦੇ ਰੂ-ਬ-ਰੂ ਹੋ ਚੁੱਕੇ ਹੁੰਦੇ ਹਨ। ਸਹਿਜ ਕਦੇ ਵੀ ਜ਼ਿੰਦਗੀ ਵਿਚ ਕਾਹਲ ਨੂੰ ਪੈਦਾ ਨਹੀਂ ਹੋਣ ਦਿੰਦਾ।

ਸਹਿਜ ਨਾਲ ਚੱਲਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੁੰਦਾ। ਕਾਹਲ ਨਾਲ ਚੱਲਣ ਵਾਲੇ ਲੋਕ ਅਕਸਰ ਹੀ ਡਿੱਗਦੇ ਢਹਿੰਦੇ ਰਹਿੰਦੇ ਹਨ। ਸਹਿਜ ਨਾਲ ਕੀਤੇ ਗਏ ਔਖੇ ਤੋਂ ਔਖੇ ਕੰਮ ਵੀ ਸੌਖੇ ਹੀ ਪ੍ਰਤੀਤ ਹੁੰਦੇ ਹਨ। ਬਹੁਤੇ ਲੋਕ ਸਹਿਜ ਨਾਲ ਹਰ ਕੰਮ ਨੂੰ ਦੇਖਦੇ ਹਨ ਤੇ ਫਿਰ ਉਸ ਕੰਮ ਨੂੰ ਕਰਦੇ ਹਨ।

ਬਹੁਤ ਵਾਰੀ ਸਹਿਜਤਾ ਮੁਸ਼ਕਿਲਾਂ ਅਤੇ ਤਾਅਨਿਆਂ ਦੇ ਦੌਰ ਵਿੱਚੋਂ ਗੁਜ਼ਰਦੀ ਹੈ। ਸਹਿਜਤਾ ਵਿਚ ਕੁਝ ਵੀ ਗੁਆਚਣ ਦਾ ਡਰ ਨਹੀਂ ਹੁੰਦਾ। ਦੁੱਖਾਂ ਨਾਲ ਆਹਢਾ ਲਾ ਕੇ ਵੀ ਜ਼ਿੰਦਗੀ ਨੂੰ ਸਹਿਜਤਾ ਦੀ ਪਗਡੰਡੀ 'ਤੇ ਤੋਰਦਿਆਂ ਜ਼ਿੰਦਗੀ ਨੂੰ ਬਹਾਰਾਂ ਵਿਚ ਗੁਜ਼ਾਰ ਜਾਂਦੇ ਹਨ। ਸਹਿਜਤਾ ਦੀ ਤੋਰ ਤੁਰਦਿਆਂ ਕਿਸੇ ਨਾਲ ਵੀ ਨਫ਼ਰਤ ਦੇ ਬੋਲ ਨਹੀਂ ਬੋਲੇ ਜਾਂਦੇ। ਸਹਿਜਤਾ ਦਾ ਇਕ ਆਪਣਾ ਹੀ ਰੰਗ, ਰੂਪ ਅਤੇ ਮੁਕਾਮ ਹੁੰਦਾ ਹੈ।

ਦੱਸਣ ਵਾਲੇ ਮੇਰੇ ਪਿੰਡ ਦੇ ਇਕ ਬਜ਼ੁਰਗ ਬਾਬੇ ਬਾਰੇ ਦੱਸਦੇ ਹਨ ਕਿ ਉਹ ਬਹੁਤ ਸਹਿਜ ਸੀ। ਕੋਈ ਵੀ ਕੰਮ ਨੂੰ ਕਾਹਲ ਨਾਲ ਕਰਨ ਲਈ ਕਹਿੰਦਾ ਤਾਂ ਅੱਗੋਂ ਉਸਦਾ ਜਵਾਬ ਹੁੰਦਾ ਸੀ, ਰੁੱਕ ਜਾਓ, ਦੇਖ ਤਾਂ ਲਓ ਕੀ ਹੁੰਦਾ ? ਪਰ ਬਹੁਤੇ ਲੋਕ ਇਸ ਤਰ੍ਹਾਂ ਦੀ ਜ਼ਿੰਦਗੀ ਦੇ ਆਦੀ ਹੁੰਦੇ ਹਨ ਕਿ ਉਹ ਕਰਨ ਤੋਂ ਬਾਅਦ ਹੀ ਦੇਖਦੇ ਨੇ ਕਿ ਕੀ ਹੋਇਆ ਹੈ ? ਕਹਿੰਦੇ ਹਨ ਉਹ ਕਦੇ ਵੀ ਕਿਸੇ ਨਾਲ ਜ਼ਿਆਦਾ ਨਹੀਂ ਬੋਲਦਾ ਸੀ। ਭਾਂਵੇ ਉਹ ਬੰਦਿਆਂ ਦੇ ਵਿਚ ਸੱਥ ਵਿਚ ਵੀ ਬੈਠਦਾ ਪਰ ਕਦੇ ਵੀ ਕਿਸੇ ਨਾਲ ਉਚੀ ਆਵਾਜ਼ ਵਿਚ ਗੱਲ ਨਹੀਂ ਕਰਦਾ ਸੀ। ਉਸਦੀ ਸਹਿਜਤਾ ਦੇ ਇਹੋ ਜਿਹੇ ਅਰਥ ਸਨ ਕਿ ਉਸ ਨੂੰ ਦੋ ਸਾਲਾਂ ਬਾਅਦ ਕੋਈ ਵਪਾਰੀ ਫ਼ਸਲ ਦੇ ਪੈਸੇ ਵਾਪਸ ਕਰਨ ਆਇਆ ਤਾਂ ਉਸ ਨੇ ਪੈਸੇ ਗਿਣਨ ਦੀ ਬਜਾਏ ਚੁੱਪ ਚਾਪ ਜੇਬ ਵਿਚ ਪਾ ਲਏ। ਪਰ ਜਦੋਂ ਉਸ ਨੂੰ ਉਨ੍ਹਾਂ ਪੈਸੇ ਗਿਣਨ ਲਈ ਕਿਹਾ ਤਾਂ ਉਸ ਦਾ ਕਹਿਣਾ ਸੀ ਜਿਹੜੇ ਬੰਦੇ ਦੋ ਸਾਲਾਂ ਬਾਅਦ ਪੈਸੇ ਵਾਪਸ ਕਰਨ ਆ ਗਏ ਨੇ ਉਹ ਘੱਟ ਨਹੀਂ ਦੇ ਸਕਦੇ। ਉਸਦੀ ਜ਼ਿੰਦਗੀ ਦੀਆਂ ਹੋਰ ਕਹਾਣੀਆਂ ਵੀ ਸਹਿਜਤਾ ਦੇ ਅਰਥਾਂ ਦੇ ਰੂ ਬ ਰੂ ਕਰਵਾਉਂਦੀਆਂ ਨੇ।

ਪਰ ਅਜੋਕੇ ਦੌਰ ਦੀ ਜ਼ਿੰਦਗੀ ਵਿਚੋਂ ਸਹਿਜਤਾ ਕਿਰਦੀ ਜਾ ਰਹੀ ਹੈ। ਕਾਹਲ ਨੇ ਮਨੁੱਖ ਕੋਲੋਂ ਸਕੂਨ ਖੋਹ ਲਿਆ ਹੈ। ਜਿਸ ਕਾਰਨ ਮਨੁੱਖੀ ਸਮਾਜ ਦਾ ਵਿਹੜਾ ਹਫ਼ੜਾ ਦਫ਼ੜੀ ਦਾ ਸ਼ਿਕਾਰ ਹੋ ਗਿਆ ਹੈ। ਮਨੁੱਖ ਨੇ ਸਹਿਜਤਾ ਨੂੰ ਆਪਣੇ ਤੋਂ ਕੋਹਾਂ ਦੂਰ ਕਰ ਲਿਆ ਹੈ। ਇਹੀ ਜ਼ਿੰਦਗੀ ਦਾ ਸਭ ਤੋਂ ਵੱਡਾ ਖਲਾਅ ਹੈ। ਜਿਹੜਾ ਸਮਾਜ ਨੂੰ ਬੇਹੂਦੇ ਮੁਕਾਮ ਹਾਸਲ ਕਰਨ ਦੇ ਰਾਹ ਤੋਰ ਰਿਹਾ ਹੈ। ਬਹੁਤੇ ਵਾਰੀ ਤਾਂ ਇਹ ਵੀ ਨਹੀਂ ਪਤਾ ਹੁੰਦਾ ਕਿ ਅਸੀਂ ਸਹਿਜਤਾ ਦਾ ਪੱਲਾ ਛੱਡ ਕੇ ਕਿਸ ਰਾਹੇ ਤੁਰ ਰਹੇ ਹਾਂ। ਸੋ ਜ਼ਿੰਦਗੀ ਦੇ ਰਾਹ 'ਤੇ ਤੁਰਦਿਆਂ ਸਹਿਜਤਾ ਦਾ ਪੱਲਾ ਕਦੇ ਨਹੀਂ ਛੱਡਣਾ ਚਾਹੀਦਾ। •

---

## ਪੁਸਤਕ ਚਰਚਾ

ਪੁਸਤਕ 'ਦੁਰਗਾਂ ਅਤੇ ਰਾਜ-ਮਹਿਲਾਂ ਦੀ ਧਰਤੀ (ਰਾਜਸਥਾਨ)' ਪੰਜ ਦੋਸਤਾਂ ਗੁਰਮੇਲ ਸਿੰਘ ਚੰਦ ਨਵਾਂ, ਬਲਦੇਵ ਸਿੰਘ ਨਾਵਲਕਾਰ, ਕਹਾਣੀਕਾਰ ਜਿੰਦਰ, ਨਾਵਲਕਾਰ ਹਰਮਹਿੰਦਰ ਸਿੰਘ ਚਾਹਿਲ ਅਤੇ ਕਹਾਣੀਕਾਰ ਗੁਰਮੀਤ ਕੜਿਆਲਵੀ ਦੇ ਰਾਜਸਥਾਨ ਸਫ਼ਰ ਦਾ ਬ੍ਰਿਤਾਂਤ ਹੈ। ਗੁਰਮੇਲ ਸਿੰਘ ਚੰਦ ਨਵਾਂ ਇਸ ਪੁਸਤਕ ਵਿਚ ਜਿੱਥੇ ਰਾਜਸਥਾਨ ਦੇ ਕੁਦਰਤੀ ਮਾਹੌਲ ਦਾ ਚਿਤਰਣ ਕਰਦਾ ਹੈ, ਉੱਥੇ ਰਾਜਸਥਾਨ ਦੇ ਲੋਕਾਂ ਦੇ ਰਹਿਣ-ਸਹਿਣ ਤੇ ਇਤਿਹਾਸਕ ਸਥਾਨਾਂ ਦਾ ਵਰਨਣ ਕਰਦਾ ਹੋਇਆ ਪਾਠਕਾਂ ਨੂੰ ਆਪਣੇ ਨਾਲ ਸਫ਼ਰ 'ਤੇ ਲੈ ਤੁਰਦਾ ਹੈ। ਪੁਸਤਕ ਵਿਚ ਕੁੱਲ 16 ਲੇਖ ਹਨ। ਲੇਖਕ ਦੀ ਸ਼ਿਲਪ-ਕਲਾ ਅਜਿਹੀ ਹੈ ਕਿ ਇਕ ਵਾਰ ਕਿਤਾਬ ਸ਼ੁਰੂ ਕਰਨ ਤੋਂ ਬਾਅਦ ਪਾਠਕ ਇਸ ਨੂੰ ਇੱਕੋ ਬੈਠਕ 'ਚ ਸਮਾਪਤ ਕਰਨਾ ਲੋਚਦਾ ਹੈ। ਇਨ੍ਹਾਂ ਲੇਖਾਂ ਵਿਚ ਲੇਖਕ ਨੇ ਪ੍ਰਿਥਵੀ ਰਾਜ ਚੌਹਾਨ ਦੀ ਨਗਰੀ ਅਜਮੇਰ, ਤੀਰਥ ਨਗਰੀ ਪੁਸ਼ਕਰ, ਮਾਊਂਟ ਆਬੂ, ਦਿਲਵਾੜਾ ਜੈਨ ਮੰਦਿਰ, ਚਿੱਤੌੜਗੜ੍ਹ ਦੇ ਕਿਲ੍ਹੇ, ਗੁਲਾਬੀ ਸ਼ਹਿਰ ਜੈਪੁਰ, ਸੁਨਹਿਰੀ ਸ਼ਹਿਰ ਜੈਸਲਮੇਰ, ਜੋਧਪੁਰ, ਉਨ੍ਹੀਵੀਂ ਸਦੀ ਦੇ ਰਾਜਸਥਾਨ : ਚੋਖੀ ਢਾਣੀ ਜੈਪੁਰ, ਝੀਲਾਂ ਦੇ ਸ਼ਹਿਰ ਉਦੈਪੁਰ ਦੇ ਖ਼ੂਬਸੂਰਤ ਨਜ਼ਾਰਿਆਂ, ਵੇਖਣਯੋਗ ਥਾਵਾਂ ਤੇ ਸਬੰਧਤ ਸ਼ਹਿਰਾਂ ਦੇ ਇਤਿਹਾਸਕ ਪਹਿਲੂਆਂ ਨੂੰ ਆਕਰਸ਼ਕ ਲਿਖਣ-ਸ਼ੈਲੀ 'ਚ ਪੇਸ਼ ਕੀਤਾ ਹੈ।

ਅਕਸਰ ਅਜਿਹਾ ਹੁੰਦਾ ਹੈ ਕਿ ਸਫ਼ਰ ਦੌਰਾਨ ਬਹੁਤ ਸਾਰੇ ਪਹਿਲੂ ਮਨ ਦੇ ਵਲਵਲਿਆਂ 'ਚ ਵਹਿ ਜਾਂਦੇ ਹਨ। ਬਹੁਤ ਵਾਰੀ ਅਜਿਹਾ ਵੀ ਹੁੰਦਾ ਹੈ ਕਿ ਵੇਖਣ ਤੇ ਮਾਨਣਯੋਗ ਬਹੁਤ ਸਾਰੇ ਪੱਖ ਸਫ਼ਰ ਦੌਰਾਨ ਆਪਣੀ ਹੀ ਗੱਡੀ ਦੀ ਉੱਡਦੀ ਹੋਈ ਧੂੜ ਦੀ ਪਰਤ ਹੇਠ ਨੱਪੇ ਜਾਂਦੇ ਨੇ ਤੇ ਯਾਤਰੂ ਉਨ੍ਹਾਂ ਨੂੰ ਅਣਗੌਲਿਆਂ ਕਰ ਕੇ ਅਗਾਂਹ ਨਿਕਲ ਜਾਂਦਾ ਹੈ। ਬਹੁਤ ਵਾਰ ਅਜਿਹਾ ਵੀ ਹੁੰਦਾ ਹੈ ਕਿ ਯਾਤਰੂ ਕੋਲ ਅਹਿਸਾਸ ਤਾਂ ਹੁੰਦੇ ਹਨ ਪਰ ਸ਼ਿਲਪ-ਕਲਾ ਨਹੀਂ ਹੁੰਦੀ। ਗੁਰਮੇਲ ਸਿੰਘ ਕੋਲ ਸਫ਼ਰ ਨੂੰ ਮਾਨਣ ਦਾ ਹੁਨਰ ਵੀ ਹੈ, ਇਤਿਹਾਸ ਬਾਰੇ ਪੜਚੋਲਵੀਂ ਨਜ਼ਰ ਵੀ ਤੇ ਸਫ਼ਰ ਦੌਰਾਨ ਪ੍ਰਾਪਤ ਅਨੁਭਵਾਂ ਨੂੰ ਸ਼ਬਦਾਂ 'ਚ ਢਾਲਣ ਦਾ ਹੁਨਰ ਵੀ। ਕੁਝ ਥਾਵਾਂ 'ਤੇ ਸ਼ਾਬਦਿਕ ਗ਼ਲਤੀਆਂ ਜ਼ਰੂਰ ਰੜਕਦੀਆਂ ਹਨ। ਕੁੱਲ ਮਿਲਾ ਕੇ ਪੁਸਤਕ ਨੂੰ ਜੀ ਆਇਆਂ ਕਹਿਣਾ ਬਣਦਾ ਹੈ।

• ਇਬਲੀਸ





ਪਾਲ ਢਿੱਲੋਂ ਗ਼ਜ਼ਲ ਖੇਤਰ ਦਾ ਜਾਣਿਆ ਪਛਾਣਿਆ ਨਾਂ ਹੈ। ਆਮ ਤੌਰ 'ਤੇ ਗ਼ਜ਼ਲ ਦਾ ਵਿਸ਼ਾ ਇਸ਼ਕ, ਬਿਰਹਾ ਅਤੇ ਪ੍ਰੇਮੀ ਦੁਆਲੇ ਘੁੰਮਦਾ ਵੇਖਿਆ ਜਾਂਦਾ ਹੈ ਪਰ ਪਾਲ ਢਿੱਲੋਂ ਨੇ ਹੱਥਲੀ ਪੁਸਤਕ 'ਚ ਸ਼ੁਮਾਰ ਕੀਤੀਆਂ ਪਚਾਸੀ ਗ਼ਜ਼ਲਾਂ 'ਚ ਵਿਸ਼ੇ ਪੱਖੋਂ ਸੰਤੁਲਨ ਬਣਾ ਕੇ ਰੱਖਿਆ ਹੈ। ਪ੍ਰੇਮ-ਪਿਆਰ ਦੇ ਕਿੱਸੇ ਪੜ੍ਹਨ ਅਤੇ ਕੁਦਰਤ ਦੀਆਂ ਗੱਲਾਂ ਕਰਨ ਦੇ ਨਾਲ-ਨਾਲ ਢਿੱਲੋਂ ਨੇ ਸਮਾਜ ਦੀਆਂ ਦੁਸ਼ਵਾਰੀਆਂ ਅਤੇ ਚੁਣੌਤੀਆਂ ਨੂੰ ਵੀ ਆਪਣੀਆਂ ਗ਼ਜ਼ਲਾਂ ਦਾ ਬਾਖ਼ੂਬੀ ਵਿਸ਼ਾ ਬਣਾਇਆ ਅਤੇ ਨਿਭਾਇਆ ਹੈ।

ਕਿਸਾਨਾਂ ਲਈ ਸਮੱਸਿਆ ਬਣੀਆਂ ਅਤੇ ਸੜਕੀ ਹਾਦਸਿਆਂ ਦੇ ਪ੍ਰਮੁੱਖ ਕਾਰਨਾਂ 'ਚੋਂ ਇਕ ਬੇਸਹਾਰਾ ਗਊਆਂ ਅਤੇ ਸਾਨ੍ਹਾਂ ਦੀ ਸਮੱਸਿਆ ਦੀ ਜੜ੍ਹ ਇਨਸਾਨ ਦੀ ਮਤਲਬਪ੍ਰਸਤੀ ਨੂੰ ਦੱਸਦਿਆਂ ਢਿੱਲੋਂ ਨੇ ਬੜੇ ਕਮਾਲ ਦਾ ਵਰਨਣ ਕੀਤਾ ਹੈ-

*ਲੱਖਾਂ ਦੇ ਵਿਚ ਵਿਕਦੇ ਸਨ ਜੋ ਦੇਖੋ*
*ਫਿਰਨ ਅਵਾਰਾ,*
*ਸਾਡੇ ਰਿਜ਼ਕ ਦੇ ਪਾਤਰ ਸਨ ਜੋ ਬੱਗਾ,*
*ਸਾਵਾ, ਨਾਰਾ।*

ਇਕ ਗ਼ਜ਼ਲ ਦੇ ਸ਼ੇਅਰ ਵਿਚ ਢਿੱਲੋਂ ਪੰਜਾਬ 'ਚ ਫੈਲੀ ਰਿਸ਼ਵਤਖੋਰੀ ਦਾ ਜ਼ਿਕਰ ਕਰਦਿਆਂ ਲਿਖਦਾ ਹੈ ਕਿ ਜੇ ਸੂਬੇ 'ਚ ਇਹ ਬੁਰਾਈ ਨਾ ਹੁੰਦੀ ਤਾਂ ਪੰਜਾਬ ਨੇ ਵੀ ਕੈਨੇਡਾ ਹੀ ਹੋਣਾ ਸੀ। ਲੇਖਕ ਨੇ ਬੜੀ ਬੇਬਾਕੀ ਨਾਲ ਵੋਟਾਂ ਖ਼ਰੀਦਣ ਦੇ ਗੋਰਖ ਧੰਦੇ 'ਤੇ ਵੀ ਉਂਗਲ ਧਰੀ ਹੈ।





ਇਕ ਸ਼ੇਅਰ ਵਿਚ ਲੇਖਕ ਨੇ ਬਚਪਨ 'ਚ ਮਿਲਦੀਆਂ ਮਾਂ ਦੀਆਂ ਘੂਰੀਆਂ ਅਤੇ ਬਾਪ ਦੀਆਂ ਗਾਲਾਂ ਨੂੰ ਮਾਪਿਆਂ ਦਾ ਤੋਹਫ਼ਾ ਕਹਿ ਕੇ ਯਾਦ ਕੀਤਾ ਹੈ। ਲੇਖਕ ਨੇ ਕੁੜੀਆਂ ਅਤੇ ਚਿੜੀਆਂ ਦੀ ਘਟਦੀ ਗਿਣਤੀ ਬਾਰੇ ਆਪਣੀ ਫ਼ਿਕਰਮੰਦੀ ਦਾ ਇਜ਼ਹਾਰ ਵੀ ਗ਼ਜ਼ਲ ਵਿਚ ਕੀਤਾ ਹੈ। ਗ਼ਜ਼ਲ ਦਾ ਉਰਦੂ ਅਤੇ ਫਾਰਸੀ ਭਾਸ਼ਾ ਨਾਲ ਤਾਂ ਬੜਾ ਗਹਿਰਾ ਨਾਤਾ ਹੈ। ਪਰ ਗ਼ਜ਼ਲ 'ਬਿਜਲੀ ਚਮਕੇ, ਕੱਕਰ ਵਰ੍ਹਦਾ' 'ਚ ਇਸਤੇਮਾਲ ਕੀਤਾ ਹਿੰਦੀ ਦਾ ਸ਼ਬਦ 'ਪਰਿਯਾਸ' ਅੱਖੜਦਾ ਹੈ। ਤਰੰਨਮ 'ਚ ਗਾਈਆਂ ਜਾ ਸਕਣ ਵਾਲੀਆਂ ਗ਼ਜ਼ਲਾਂ ਦੀ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ।

• ਬਿੰਦਰ ਸਿੰਘ ਖੁੱਡੀ ਕਲਾਂ

'ਪ੍ਰਤਾਪ' ਪੁਸਤਕ ਇਕ ਅਜਿਹਾ ਮਿੰਨੀ ਕਹਾਣੀ ਸੰਗ੍ਰਹਿ ਹੈ ਜਿਸ 'ਚ ਲੇਖਕ ਨੇ ਅਜੋਕੇ ਮਾਹੌਲ 'ਤੇ ਵਿਅੰਗ ਦਾ ਸੁਰ ਵਰਤਿਆ ਹੈ। ਇਹ ਕਹਾਣੀ ਸੰਗ੍ਰਹਿ ਮੁੱਖ ਤੌਰ 'ਤੇ ਅੰਧ ਵਿਸ਼ਵਾਸਾਂ, ਭ੍ਰਿਸ਼ਟਾਚਾਰ, ਰਾਜਨੀਤਕ ਮਸਲਿਆਂ ਅਤੇ ਪਰਿਵਾਰਕ ਰਿਸ਼ਤਿਆਂ ਦੇ ਅਧਾਰ 'ਤੇ ਲਿਖਿਆ ਗਿਆ ਹੈ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਪ੍ਰਤਾਪ' ਇਕ ਪ੍ਰਭਾਵਸ਼ਾਲੀ ਕਹਾਣੀ ਹੈ ਜਿਸ ਵਿਚ ਲੇਖਕ ਨੇ ਬਹੁਤ ਵਧੀਆ ਢੰਗ ਨਾਲ ਲੋਕਾਂ ਦੀ ਸੋਚ ਨੂੰ ਦਰਸਾਇਆ ਹੈ ਕਿ ਗੁਰੂ ਦੇ ਦਿਹਾੜੇ 'ਤੇ ਪਿੰਡ ਦੇ ਟਾਂਵੇ-ਟਾਂਵੇ ਲੋਕ ਪਹੁੰਚਦੇ ਹਨ ਪਰ ਜਦ ਕੈਨੇਡਾ ਵਾਲੇ ਸਰਦਾਰ ਦੇ ਘਰ ਭੋਗ ਹੁੰਦਾ ਹੈ ਤਾਂ ਸਾਰਾ ਪਿੰਡ ਪਹੁੰਚਦਾ ਹੈ। ਇਸ ਤਰ੍ਹਾਂ ਲੇਖਕ ਨੇ ਅੱਜ ਦੇ ਮਨੁੱਖ ਦੀ ਸੋਚ 'ਤੇ ਕੇਂਦਰਿਤ ਕੀਤਾ ਹੈ।

ਪਹਿਲੀ ਕਹਾਣੀ 'ਹਿੰਮਤ' ਵੀ ਗ਼ਰੀਬਾਂ ਦੀ ਦਾਸਤਾਨ ਹੈ ਕਿ ਕਿਵੇਂ ਇਕ ਗ਼ਰੀਬ ਔਰਤ ਘਰ ਦਾ ਕੰਮ ਤੇ ਬਾਹਰ ਮਜ਼ਦੂਰੀ ਵੀ ਕਰਦੀ ਹੈ। ਇੰਨੀ ਥੱਕ ਟੁੱਟ ਜਾਂਦੀ ਹੈ ਕਿ ਉਹ ਨਹੀਂ ਚਾਹੁੰਦੀ ਉਹਨੂੰ ਸੁੱਤੀ ਪਈ ਨੂੰ ਜਗਾਇਆ ਜਾਏ। 'ਵਿਹਲਾ' ਕਹਾਣੀ ਸਿੱਖਿਆ ਦੀ ਦਸ਼ਾ ਨੂੰ ਬਿਆਨ ਕਰਦੀ ਹੋਈ ਨਜ਼ਰ ਆਉਂਦੀ ਹੈ। ਇਸੇ ਤਰ੍ਹਾਂ ਕਹਾਣੀ 'ਹਿੱਕ ਤੇ ਮੂੰਗ' ਵਿਚ ਰਾਜਨੀਤਕ ਦਸ਼ਾ ਨੂੰ ਬਿਆਨਿਆ ਹੈ। ਲੇਖਕ ਦੀਆਂ ਹੋਰ ਕਹਾਣੀਆਂ ਜਿਵੇਂ ਖ਼ੂੰਖਾਰ, ਵਾਈਟ ਪੇਪਰ, ਲੋਕ ਰਾਜ, ਕੋਟਾ, ਖ਼ਾਤਰ, ਵਿਕਾਸ, ਦੁਨੀਆਦਾਰੀ, ਦੰਦੀਆਂ , ਸਬਕ ਆਦਿ ਵਿਚ ਵੱਖ-ਵੱਖ ਵਿਸ਼ੇ ਪੇਸ਼ ਕੀਤੇ ਗਏ ਹਨ। 'ਹੀਰ' ਕਹਾਣੀ ਵਿਚ ਲੇਖਕ ਨੇ ਹੀਰ ਤੇ ਸਾਹਿਬਾਂ ਦੀ ਇਕ ਸਾਹਿਤਕਾਰ ਵਲੋਂ ਵਡਿਆਈ ਦਿਖਾਈ ਹੈ ਕਿ ਕਿਸ ਤਰ੍ਹਾਂ ਉਹ ਮੰਚ 'ਤੇ ਉਨ੍ਹਾਂ ਦੀ ਸ਼ੋਭਾ ਕਰਦਾ ਹੈ ਪਰ ਜਦ ਉਸ ਦੀ ਆਪਣੀ ਕੁੜੀ ਹੀਰ ਬਣਨ ਬਾਰੇ ਕਹਿੰਦੀ ਹੈ ਤਾਂ ਉਸ ਨੂੰ ਮਨ੍ਹਾਂ ਕੀਤਾ ਜਾਂਦਾ ਹੈ। ਇਸ ਸੰਗ੍ਰਹਿ ਵਿਚਲੀਆਂ ਹੋਰ ਵੀ ਕਹਾਣੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਅਸੀਂ ਆਪਣੇ ਸਮਾਜ ਦੇ ਹਾਲਾਤ ਪ੍ਰਤੀ ਜਾਣੂ ਹੋ ਸਕਦੇ ਹਾਂ। ਲੇਖਕ ਦੀਆਂ ਸਾਰੀਆਂ ਕਹਾਣੀਆਂ ਅਗਾਂਹਵਧੂ ਸੋਚ ਦੀਆਂ ਧਾਰਨੀ ਹਨ। ਭਾਸ਼ਾ ਪੱਖੋਂ ਲੇਖਕ ਨੇ ਸਪੱਸ਼ਟਤਾ ਵਰਤੀ ਹੈ।





ਰੋਹਿਤ ਕੁਮਾਰ ਦੀ ਲਿਖੀ ਪੁਸਤਕ 'ਗੰਦਾ ਖ਼ੂਨ' ਮਿੰਨੀ ਕਹਾਣੀਆਂ ਦੀ ਇਕ ਅਜਿਹੀ ਪੁਸਤਕ ਹੈ ਜੋ ਵਰਤਮਾਨ ਹਾਲਾਤ ਨੂੰ ਦਰਸਾਉਂਦੀ ਹੈ। ਸਾਰੀਆਂ ਕਹਾਣੀਆਂ ਅਜੋਕੀ ਸਮਾਜਿਕ ਹਾਲਤ ਦਾ ਵਰਨਣ ਕਰਦੀਆਂ ਹਨ। ਇਸ ਪੁਸਤਕ ਵਿਚ ਕਰੀਬ 104 ਕਹਾਣੀਆਂ ਹਨ ਜਿਨ੍ਹਾਂ ਦੇ ਵੱਖ-ਵੱਖ ਵਿਸ਼ੇ ਹਨ। ਜ਼ਿਆਦਾਤਰ ਕਹਾਣੀਆਂ ਔਰਤਾਂ ਨਾਲ ਸਬੰਧਤ ਹਨ। ਉਹ ਔਰਤਾਂ ਜੋ ਮਜਬੂਰੀਵੱਸ ਗ਼ਲਤ ਕੰਮ ਵੀ ਕਰਦੀਆਂ ਹਨ ਤੇ ਮਰਦ ਉਨ੍ਹਾਂ ਦੇ ਇਸ ਕੰਮ ਦਾ ਫ਼ਾਇਦਾ ਉਠਾਉਂਦੇ ਹਨ। ਪੁਸਤਕ ਵਿਚਲੀਆਂ ਕਹਾਣੀਆਂ ਸ਼ਰਮ, ਫ਼ਿਕਰ, ਨਾਸੂਰ, ਪਾਪ, ਅਤੀਤ, ਯਾਰਮਾਰ, ਠੰਢਾ ਚੁੱਲ੍ਹਾ, ਟਾਇਮ ਟੇਬਲ, ਸੌਦਾ, ਫ਼ਰਕ, ਪਖੰਡੀ ਸਾਧ, ਸਵਾ ਸ਼ੇਰ ਆਦਿ ਦਰਸਾਉਂਦੀਆਂ ਹਨ ਕਿ ਸਾਡਾ ਸਮਾਜ ਕਿੰਨਾ ਗੰਧਲਾ ਹੁੰਦਾ ਜਾ ਰਿਹਾ ਹੈ ਜਿਸ ਵਿਚ ਔਰਤਾਂ ਨੂੰ ਸਿਰਫ਼ ਇਕ ਕਠਪੁਤਲੀ ਸਮਝਿਆ ਜਾਂਦਾ ਹੈ।

ਇਸ ਤੋਂ ਇਲਾਵਾ ਹੋਰ ਵੀ ਅਜਿਹੀਆਂ ਕਹਾਣੀਆਂ ਹਨ ਜਿਵੇਂ ਖਿਝ, ਕਾਗਜ਼, ਮਿਹਨਤ, ਟੇਸਟ, ਅੱਤਵਾਦੀ ਆਦਿ ਜਿਨ੍ਹਾਂ ਵਿਚ ਲੇਖਕ ਨੇ ਉਨਾਂ ਵਿਸ਼ਿਆਂ ਦਾ ਵਰਨਣ ਕੀਤਾ ਹੈ ਜੋ ਅੱਜ ਦੇ ਸਮੇਂ 'ਚ ਸਮਾਜ ਨੂੰ ਘੁਣ ਵਾਂਗ ਖਾ ਰਹੇ ਹਨ ਜਿਵੇਂ ਰਿਸ਼ਵਤਖੋਰੀ, ਨਸ਼ੇ, ਭਰੂਣ ਹੱਤਿਆ ਆਦਿ। ਕਈ ਕਹਾਣੀਆਂ ਵਿਚ ਲੇਖਕ ਨੇ ਬਹੁਤ ਵਧੀਆ ਤਰੀਕੇ ਨਾਲ ਔਰਤਾਂ ਦੀ ਮਜਬੂਰੀ ਨੂੰ ਦਰਸਾਇਆ ਹੈ ਕਿ ਪਾਠਕ ਸੋਚਣ ਲਈ ਮਜਬੂਰ ਹੋ ਜਾਂਦਾ ਹੈ। ਕਹਾਣੀ ਹੇਰਵਾ ਵਿਚ ਲੇਖਕ ਨੇ ਦੱਸਿਆ ਹੈ ਕਿ ਕਿਵੇਂ ਇਕ ਔਰਤ ਆਪਣੇ ਬੱਚੇ ਨੂੰ ਬਚਾਉਣ ਲਈ ਪੈਸਿਆਂ ਲਈ ਹੱਥ ਪੱਲੇ ਮਾਰਦੀ ਹੈ ਪਰ ਅੰਤ 'ਚ ਉਸ ਨੂੰ ਆਪਣੀ ਇੱਜ਼ਤ ਦਾਅ 'ਤੇ ਲਾਉਣੀ ਪੈਂਦੀ ਹੈ। ਇਸੇ ਤਰ੍ਹਾਂ ਨਲਾਇਕ ਕਹਾਣੀ ਬੱਚਿਆਂ ਦੇ ਆਪਣੇ ਮਾਪਿਆਂ ਦੀ ਖ਼ਬਰਸਾਰ ਨਾ ਲੈਣ ਅਤੇ ਦੂਰ ਰਹਿਣਾ ਨੂੰ ਚਿਤਰਦੀ ਹੈ।

ਡਰ, ਰੱਬ ਦਾ ਰੂਪ, ਆਖਰੀ ਬੋਲ, ਬਲਾਤਕਾਰੀ ਸਾਧ ਆਦਿ ਕਹਾਣੀਆਂ ਵਿਚ ਲੇਖਕ ਨੇ ਛੋਟੀਆਂ ਕੁੜੀਆਂ ਨਾਲ ਹੋ ਰਹੇ ਕੁਕਰਮਾਂ ਦਾ ਜ਼ਿਕਰ ਬਹੁਤ ਹੀ ਖੁੱਲ੍ਹੇ ਢੰਗ ਨਾਲ ਕੀਤਾ ਹੈ। ਕਹਾਣੀਆਂ ਅਜੋਕੀ ਸਮਾਜਿਕ ਹਾਲਤ ਤਾਂ ਬਿਆਨਦੀਆਂ ਹਨ ਪਰ ਕਿਤੇ-ਕਿਤੇ ਤਿੱਖੇਪਨ ਦੀ ਘਾਟ ਮਹਿਸੂਸ ਹੁੰਦੀ ਹੈ। ਸ਼ੈਲੀ ਪੱਖੋਂ ਲੇਖਕ ਦੀਆਂ ਕਹਾਣੀਆਂ ਵਿਚ ਸਪੱਸ਼ਟਤਾ ਹੈ।





• ਇੰਦਰਪ੍ਰੀਤ ਕੌਰ

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਉੱਤੇ ਸੀਐਮ ਦੀ ਯੋਗਸ਼ਾਲਾ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਆਯੋਜਿਤ



**ਮਲੇਰਕੋਟਲਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਨੂੰ ਸਮਰਪਿਤ ਕਰਕੇ ਅੱਜ ਸੀਐਮ ਦੀ ਯੋਗਸ਼ਾਲਾ ਮਲੇਰਕੋਟਲਾ ਵੱਲੋਂ ਸਥਾਨਕ ਸਰਕਾਰੀ ਕਾਲਜ ਵਿਖੇ ਸੁਖਮਨੀ ਸਾਹਿਬ ਦੇ ਪਾਠ ਦਾ ਆਯੋਜਨ ਕੀਤਾ ਗਿਆ। ਇਸ ਪਵਿੱਤਰ ਮੌਕੇ 'ਤੇ ਮੁੱਖ ਮਹਿਮਾਨ ਦੇ ਤੌਰ 'ਤੇ ਸਹਾਇਕ ਕਮਿਸ਼ਨਰ ਕਮ ਮੁੱਖ ਮੰਤਰੀ ਫੀਲਡ ਅਫ਼ਸਰ ਰਕੇਸ਼ ਗਰਗ ਅਤੇ ਐਸ.ਡੀ.ਐਮ. ਗੁਰਮੀਤ ਕੁਮਾਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਰਕੇਸ਼ ਗਰਗ ਨੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ 'ਤੇ ਚੱਲਣ ਅਤੇ ਜੀਵਨ ਵਿੱਚ ਸੱਚਾਈ, ਇਮਾਨਦਾਰੀ ਤੇ ਸੇਵਾ ਦਾ ਪਥ ਅਪਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਨੂੰ ਆਪਣੀ ਡਿਊਟੀ ਪੂਰੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ ਕਿਉਂਕਿ ਇਹੀ ਸਫਲਤਾ ਦੀ ਸੱਚੀ ਕੁੰਜੀ ਹੈ। ਉਨ੍ਹਾਂ ਵਿਦਿਆਰਥੀਆਂ ਨਾਲ ਜੀਵਨ ਪ੍ਰਬੰਧਨ, ਕਰੀਅਰ ਤੇ ਚੰਗੇ ਆਦਰਸ਼ਾਂ ਬਾਰੇ ਪ੍ਰੇਰਕ ਗੱਲਾਂ ਸਾਂਝੀਆਂ ਕੀਤੀਆਂ ਜਿਸ ਨਾਲ ਵਿਦਿਆਰਥੀਆਂ ਦਾ ਹੌਂਸਲਾ ਵਧਿਆ। ਐਸ.ਡੀ.ਐਮ. ਗੁਰਮੀਤ ਕੁਮਾਰ ਨੇ ਵੀ ਵਿਦਿਆਰਥੀਆਂ ਨੂੰ ਸਿੱਖ ਧਰਮ ਦੇ ਸੰਦੇਸ਼ਾਂ ਤੋਂ ਪ੍ਰੇਰਨਾ ਲੈ ਕੇ ਜੀਵਨ ਨੂੰ ਉੱਚ ਆਦਰਸ਼ਾਂ ਨਾਲ ਜੀਊਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸਾਨੂੰ ਸੱਚਾਈ, ਨਿਮਰਤਾ ਅਤੇ ਸੇਵਾ ਦਾ ਮਾਰਗ ਦਿਖਾਉਂਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਜੀਵਨ ਵਿੱਚ ਸਭ ਤੋਂ ਵੱਡੀ ਸਫਲਤਾ ਦੂਜਿਆਂ ਦੀ ਸੇਵਾ ਕਰਨਾ ਅਤੇ ਮਨੁੱਖਤਾ ਲਈ ਜੀਣਾ ਹੈ। ਉਨ੍ਹਾਂ ਨੇ ਅਪੀਲ ਕੀਤੀ ਕਿ ਨੌਜਵਾਨ ਆਪਣਾ ਮਨ ਨਕਾਰਾਤਮਕ ਪ੍ਰਭਾਵਾਂ ਤੋਂ ਦੂਰ ਰੱਖ ਕੇ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਪਿਆਰ, ਦਇਆ ਤੇ ਮਿਹਨਤ ਦਾ ਰਾਹ ਅਪਣਾਉਣ, ਕਿਉਂਕਿ ਇਹੀ ਜੀਵਨ ਦੀ ਅਸਲੀ ਕਮਾਈ ਹੈ।

ਇਸ ਮੌਕੇ ਸੀਐਮ ਦੀ ਯੋਗਸ਼ਾਲਾ ਦੇ ਜ਼ਿਲ੍ਹਾ ਕੋਆਰਡੀਨੇਟਰ ਮਲਕੀਤ ਕੌਰ, ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਮਹਿਮਾਨਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਆਰਦਾਸ ਤੋਂ ਬਾਅਦ ਪ੍ਰਸ਼ਾਦ ਵੰਡਿਆ ਗਿਆ ਅਤੇ ਗੁਰੂ ਸਾਹਿਬ ਦੇ ਸਿੱਧਾਂਤਾਂ ਤੇ ਸਮਰਪਣ ਦੇ ਜੀਵਨ ਮੁੱਲਾਂ ਨੂੰ ਅਪਣਾਉਣ ਦਾ ਸੱਦਾ ਦਿੱਤਾ ਗਿਆ।

# ਸੀ.ਟੀ. ਯੂਨੀਵਰਸਿਟੀ ਵੱਲੋਂ ਮੇਗਾ ਪਲੇਸਮੈਂਟ ਡਰਾਈਵ ਦਾ ਸਫਲ ਆਯੋਜਨ

**ਲੁਧਿਆਣਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ.ਟੀ. ਯੂਨੀਵਰਸਿਟੀ ਨੇ ਨਾਮਕ ਵਿਸ਼ਾਲ ਪਲੇਸਮੈਂਟ ਡਰਾਈਵ ਦਾ ਸਫ਼ਲ ਆਯੋਜਨ ਕਰਦੇ ਹੋਏ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਦਰਵਾਜ਼ੇ ਖੋਲ੍ਹੇ।

ਇਸ ਇਵੈਂਟ ਦਾ ਮਕਸਦ ਸੀ ਹੁਨਰਮੰਦ ਯੁਵਾਂ ਨੂੰ ਪ੍ਰਮੁੱਖ ਉਦਯੋਗਾਂ ਨਾਲ ਜੋੜਣਾ ਅਤੇ ਉਨ੍ਹਾਂ ਨੂੰ ਕਰੀਅਰ ਬਣਾਉਣ ਦਾ ਮੌਕਾ ਦੇਣਾ।ਮੁੱਖ ਹਾਈਲਾਈਟਸ 29 ਪ੍ਰਤਿਸ਼ਠਿਤ ਕੰਪਨੀਆਂ ਦੀ ਭਾਗੀਦਾਰੀ, 441 ਉਮੀਦਵਾਰਾਂ ਦੀ ਸ਼ਮੂਲੀਅਤ, ਜਿਨ੍ਹਾਂ ਵਿਚੋਂ 307 ਅਗਲੀ ਭਰਤੀ ਪ੍ਰਕਿਰਿਆ ਲਈ ਚੁਣੇ ਗਏ। ਵੱਖ-ਵੱਖਵਿਸ਼ਵਵਿਦਿਆਲਿਆਂ ਅਤੇ ਕਾਲਜਾਂ ਤੋਂ ਵਿਦਿਆਰਥੀਆਂ ਨੇ ਭਾਗ ਲਿਆ।




ਚਾਂਸਲਰ ਸ਼੍ਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ, ਸਾਡੀ ਉਸ ਸੋਚ ਦਾ ਪ੍ਰਤੀਕ ਹੈ ਜਿਸ ਵਿਚ ਹਰ ਵਿਦਿਆਰਥੀ ਨੂੰ ਆਪਣੇ ਸੁਪਨੇ ਸਾਖ ਕਰਨ ਦਾ ਮੌਕਾ ਮਿਲਦਾ ਹੈ।

ਵਾਈਸ ਚਾਂਸਲਰ ਡਾ. ਨਿਤਿਨ ਟੰਡਨ ਨੇ ਕਿਹਾ, ਇਹ ਡਰਾਈਵ ਸਾਡੇ ਸ਼ਿਕਸ਼ਣਕ ਉਤਕ੍ਰਿਸ਼ਟਤਾ ਅਤੇ ਉਦਯੋਗ ਨਾਲ ਸਾਂਝੇ ਸਹਿਯੋਗ ਦਾ ਸਪੱਸ਼ਟ ਉਦਾਹਰਨ ਹੈ।

ਇਸ ਮੇਲੇ ਨੇ ਸੀ.ਟੀ. ਯੂਨੀਵਰਸਿਟੀ ਨੂੰ ਉੱਤਰ ਭਾਰਤ ਵਿੱਚ ਰੋਜ਼ਗਾਰ ਅਤੇ ਉਦਯੋਗ ਸਹਿਯੋਗ ਦੇ ਮੈਦਾਨ ਵਿੱਚ ਇੱਕ ਵਾਰ ਫਿਰ ਅਗਵਾਈ ਸਥਿਤੀ 'ਤੇ ਮਜ਼ਬੂਤ ਕੀਤਾ ਹੈ। ਨੌਜਵਾਨਾਂ ਦੇ ਸਸ਼ਕਤ ਭਵਿੱਖ ਦੀ ਇੱਕ ਮਹੱਤਵਪੂਰਨ ਪਹਿਲ ਸਾਬਤ ਹੋਈ।

# ਸਕੂਲ 'ਚ ਮਾਨਸਿਕ ਤੰਦਰੁਸਤੀ ਪ੍ਰੋਗਰਾਮ

**ਸ਼ਾਹਬਾਦ ਮਾਰਕੰਡਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ ਬੀ ਐੱਸ ਈ ਪੰਚਕੂਲਾ ਦੇ ਨਿਰਦੇਸ਼ ਅਨੁਸਾਰ ਆਦਰਸ਼ ਸੀਨੀਅਰ ਸੰਕੈਡਰੀ ਸਕੂਲ ਬਰਗਟ ਜਾਟਾਨ 'ਚ ਅਧਿਆਪਕਾਂ ਲਈ ਮਾਨਸਿਕ ਤੰਦਰੁਸਤੀ ਸਬੰਧੀ ਇਕ ਰੋਜਾ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਸ਼ਾਹਬਾਦ, ਕਰਨਾਲ ਤੇ ਕੁਰੁਕਸ਼ੇਤਰ ਜ਼ਿਲ੍ਹਿਆਂ ਤੋਂ ਲਗਪਗ 60 ਭਾਗੀਦਾਰਾਂ ਨੇ ਹਿੱਸਾ ਲਿਆ। ਪ੍ਰੋਗਰਾਮ ਦਾ ਨਿਰਦੇਸ਼ਨ ਸਕੂਲ ਦੇ ਮੈਨੇਜਰ ਸੋਹਨ ਲਾਲ ਸੈਣੀ ਵੱਲੋਂ ਕੀਤਾ ਗਿਆ ਜਦਕਿ ਸਿਖਲਾਈ ਦੀ ਪ੍ਰਧਾਨਗੀ ਸੀ ਬੀ ਐੱਸ ਈ ਸਰੋਤ ਲੈਕਚਰਾਰਾਂ ਤਨੂਜਾ ਸਚਦੇਵਾ ਤੇ ਦਿਸ਼ਾ ਕਾਲੜਾ ਨੇ ਕੀਤੀ। ਸਕੂਲ ਦੇ ਐੱਨ ਸੀ ਸੀ ਦੇ ਵਾਲੰਟੀਅਰਾਂ ਨੇ ਅਧਿਆਪਕਾਂ ਦਾ ਗੁਲਦਸਤਿਆਂ ਤੇ ਤਿਲਕ ਲਾ ਕੇ ਸੁਆਗਤ ਕੀਤਾ। ਸਿਖਲਾਈ ਦੌਰਾਨ ਅਧਿਆਪਕਾਂ ਨੂੰ ਮਾਨਸਿਕ ਸਿਹਤ ਮੁੱਦਿਆਂ ਦੀ ਪਛਾਣ ਕਰਨ ਤੇ ਉਨ੍ਹਾਂ ਨੂੰ ਹੱਲ ਕਰਨ ਤੇ ਵਿਦਿਆਰਥੀਆਂ ਨਾਲ ਹਮਦਰਦੀ ਪੂਰਵਕ ਸੰਚਾਰ ਸਥਾਪਿਤ ਕਰਨ ਲਈ ਵਿਹਾਰਕ ਤਰੀਕੇ ਪ੍ਰਦਾਨ ਕੀਤੇ ਗਏ। ਇੰਸਟੱਕਟਰਾਂ ਨੇ ਅਧਿਆਪਕਾਂ ਨੂੰ ਕਲਾਸ ਰੂਮ ਵਿੱਚ ਡਿਪਰੈਸ਼ਨ ਜਾਂ ਚਿੰਤਾ ਸਬੰਧੀ ਸਮੱਸਿਆਵਾਂ ਦੇ ਸ਼ੁਰੂਆਤੀ ਸੰਕੇਤਾਂ ਨੂੰ ਪਛਾਨਣ ਬਾਰੇ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਲਈ ਇਕ ਹਾਂਪੱਖੀ, ਸੁਰੱਖਿਅਤ ਤੇ ਉਸਾਰੂ ਵਾਤਾਵਰਨ ਬਣਾਉਣ ਦੇ ਤਰੀਕੇ ਦੱਸੇ। ਸਕੂਲ ਦੇ ਪ੍ਰਿੰਸੀਪਲ ਰੋਬਿਨ ਕੁਮਾਰ ਨੇ ਕਿਹਾ ਕਿ ਸਿੱਖਿਆ ਵਿਚ ਆਧੁਨਿਕਤਾ ਤੇ ਸਿਰਜਣਾਤਮਕਤਾ ਲਿਆਉਣ ਲਈ ਅਜਿਹੇ ਪ੍ਰੋਗਰਾਮ ਜ਼ਰੂਰੀ ਹਨ ਤੇ ਸਕੂਲ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਕਰਵਾਉਂਦਾ ਰਹੇਗਾ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਮੈਨੇਜਰ ਸੋਹਨ ਲਾਲ ਨੇ ਸੀ ਬੀ ਐੱਸ ਈ ਲੈਕਚਰਾਰਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ। ਸੈਣੀ ਨੇ ਕਿਹਾ ਕਿ ਅਜਿਹੇ ਸਿਖਲਾਈ ਪ੍ਰੋਗਰਾਮ ਅਧਿਆਪਕਾਂ ਨੂੰ ਨਿਰੰਤਰ ਸਿੱਖਣ ਤੇ ਖੁਦ ਨੂੰ ਅਪਡੇਟ ਰੱਖਣ 'ਚ ਸਹਾਇਤਾ ਪ੍ਰਦਾਨ ਕਰਦੇ ਹਨ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਭਲਕ ਦੀ ਮਹਾਪੰਚਾਇਤ ਲਈ ਸੱਦਾ



**ਨਵੀਂ ਦਿੱਲੀ , 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚੇ ਨੇ ਕਿਸਾਨਾਂ ਨੂੰ 6 ਨਵੰਬਰ ਨੂੰ ਆਈਐੱਮਟੀ ਸੋਹਨਾ ਵਿਖੇ ਹੋਣ ਵਾਲੀ ਮਹਾਪੰਚਾਇਤ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।

ਮੋਰਚੇ ਨੇ ਇਕ ਬਿਆਨ ਵਿੱਚ ਕਿਹਾ ਕਿ ਸਾਰੇ ਕਿਸਾਨ ਸੰਗਠਨਾਂ ਅਤੇ ਕਿਸਾਨਾਂ ਨੂੰ 6 ਨਵੰਬਰ ਨੂੰ ਮੇਵਾਤ ਜ਼ਿਲ੍ਹੇ ਦੇ ਨੂਹ ਵਿੱਚ ਆਈਐੱਮਟੀ ਸੋਹਨਾ ਵਿਖੇ ਹੋਣ ਵਾਲੀ ਮਹਾਪੰਚਾਇਤ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ, ਤਾਂ ਜੋ ਕਿਸਾਨਾਂ ਦੀ ਜਬਰੀ ਜ਼ਮੀਨ ਐਕੁਆਇਰ ਕਰਨ ਦਾ ਵਿਰੋਧ ਕੀਤਾ ਜਾ ਸਕੇ।

ਪ੍ਰਭਾਵਿਤ ਪਿੰਡਾਂ ਦੇ ਕਿਸਾਨ ਪਿਛਲੇ 13 ਸਾਲਾਂ ਤੋਂ ਧੱਕੇ ਨਾਲ ਜ਼ਮੀਨ ਐਕੁਆਇਰ ਕਰਨ ਖਿਲਾਫ਼ ਲੜ ਰਹੇ ਹਨ।

ਕਿਸਾਨ ਆਗੂ ਬਲਦੇਵ ਸਿੰਘ ਨਿਹਾਲਗੜ੍ਹ ਨੇ ਕਿਹਾ ਕਿ ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ (ਐੱਚਐੱਸਆਈਆਈਡੀਸੀ) ਨੇ 2010-12 ਦੌਰਾਨ ਨੂਹ ਜ਼ਿਲ੍ਹੇ ਵਿੱਚ ਸੋਹਨਾ ਅਤੇ ਕੁੰਡਲੀ-ਮਾਨੇਸਰ-ਪਲਵਲ ਐਕਸਪ੍ਰੈਸਵੇਅ ਵਿਚਾਲੇ ਨੌਂ ਪਿੰਡਾਂ ਵਿੱਚ ਕਰੀਬ 1,500 ਏਕੜ ਜ਼ਮੀਨ ਗ੍ਰਹਿਣ ਕੀਤੀ ਸੀ।

ਵਿਵਾਦ ਦਾ ਮੁੱਖ ਕਾਰਨ ਸਰਕਾਰੀ ਮੁਆਵਜ਼ਾ ਦਰ ਅਤੇ ਜ਼ਮੀਨ ਦੇ ਅਸਲ ਬਾਜ਼ਾਰ ਮੁੱਲ ਵਿੱਚ ਵੱਡਾ ਦਰ ਅਤੇ ਜ਼ਮੀਨ ਦੇ ਅਸਲ ਬਾਜ਼ਾਰ ਫ਼ਰਕ ਹੈ।

# ਜੀਂਦ ਕੀਤੀ ਜਾਵੇਗੀ ਏਕਤਾ ਪੈਦਲ ਯਾਤਰਾ

**ਜੀਂਦ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਏ ਡੀ ਸੀ) ਵਿਵੇਕ ਆਰੀਆ ਨੇ ਦੱਸਿਆ ਕਿ ਦੇਸ਼ ਦੇ 'ਲੋਹ ਪੁਰਸ਼' ਅਤੇ ਭਾਰਤ ਦੇ ਏਕੀਕਰਨ ਦੇ ਸ਼ਿਲਪਕਾਰ ਸਰਦਾਰ ਵੱਲਭਭਾਈ ਪਟੇਲ ਦੀ 150ਵੀਂ ਜੈਅੰਤੀ ਸਬੰਧੀ ਦੇਸ਼ ਭਰ ਵਿੱਚ ਕੌਮੀ ਏਕਤਾ ਨਾਲ ਜੁੜੇ ਸ਼ਾਨਦਾਰ ਅਤੇ ਜਨਤਕ ਹਿੱਸੇਦਾਰੀ ਵਾਲੇ ਵਿਲੱਖਣ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇਨ੍ਹਾਂ ਪ੍ਰੋਗਰਾਮਾਂ ਦੀ ਲੜੀ ਤਹਿਤ ਜ਼ਿਲ੍ਹਾ ਜੀਂਦ ਦੇ ਹਰ ਵਿਧਾਨ ਸਭਾ ਹਲਕੇ ਨੂੰ ਕਵਰ ਕਰਦੇ ਹੋਏ ਕੌਮੀ ਏਕਤਾ ਪਦ-ਯਾਤਰਾਵਾਂ ਕੱਢੀਆਂ ਜਾਣਗੀਆਂ। ਇਸ ਦੇ ਨਾਲ ਹੀ 28 ਨਵੰਬਰ ਤੋਂ 1 ਦਸੰਬਰ ਤੱਕ ਜ਼ਿਲ੍ਹਾ ਪੱਧਰੀ ਗੀਤਾ ਜੈਅੰਤੀ ਮਹਾਉਤਸਵ ਵੀ ਧੂਮਧਾਮ ਨਾਲ ਮਨਾਇਆ ਜਾਵੇਗਾ। ਏ ਡੀ ਸੀ ਵਿਵੇਕ ਆਰੀਆ ਇਹ ਜਾਣਕਾਰੀ ਆਪਣੇ ਦਫ਼ਤਰ ਦੇ ਮੀਟਿੰਗ ਹਾਲ ਵਿੱਚ ਇਨ੍ਹਾਂ ਦੋਵਾਂ ਪ੍ਰਮੁੱਖ ਸਮਾਗਮਾਂ ਦੀਆਂ ਤਿਆਰੀਆਂ ਸਬੰਧੀ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਦੇ ਰਹੇ ਸਨ।

# ਵਾਪਰਿਆ ਭਿਆਨਕ ਹਾਦਸਾ ਬੁਲਟ ਦੀ ਟੱਕਰ ਨਾਲ ਮੋਟਰਸਾਈਕਲ ਚਾਲਕ ਦੀ ਮੌਤ

**ਸਮਾਣਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੁਲਟ ਮੋਟਰਸਾਈਕਲ ਦੀ ਟੱਕਰ ਨਾਲ ਜ਼ਖਮੀ ਹੋਏ ਮੋਟਰਸਾਈਕਲ ਚਾਲਕ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋ ਗਈ, ਜਿਸ ਦੀ ਲਾਸ਼ ਨੂੰ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਸਦਰ ਪੁਲਿਸ ਦੇ ਏ.ਐਸ.ਆਈ ਗੁਰਦੇਵ ਸਿੰਘ ਨੇ ਦੱਸਿਆ ਕਿ ਮ੍ਰਿਤਕ ਬਲਵੀਰ ਸਿੰਘ ਦੇ ਪੁੱਤਰ ਜਤਿੰਦਰ ਸਿੰਘ, ਵਾਸੀ ਪਿੰਡ ਮਿਆਲ ਕਲਾਂ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ 3 ਨਵੰਬਰ ਨੂੰ ਉਸਦਾ ਪਿਤਾ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਮਿਆਲ ਕਲਾਂ ਦੀ ਅਨਾਜ ਮੰਡੀ ਵੱਲ ਜਾ ਰਿਹਾ ਸੀ ਕਿ ਇੱਕ ਅਣਪਛਾਤੇ ਬੁਲਟ ਚਾਲਕ ਨੇ ਲਾਪਰਵਾਹੀ ਨਾਲ ਆਪਣਾ ਤੇਜ਼ ਰਫ਼ਤਾਰ ਬੁਲਟ ਉਸਦੇ ਪਿਤਾ ਦੇ ਮਾਰਿਆ।

ਸੜਕ 'ਤੇ ਡਿੱਗਣ ਕਾਰਨ ਗੰਭੀਰ ਜ਼ਖਮੀ ਹੋਣ 'ਤੇ ਉਸ ਨੂੰ ਇਲਕਗਾਜ ਲਈ ਸਿਵਲ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਨੇ ਉਸਦੀ ਹਾਲਤ ਦੇਖ ਕੇ ਮੁੱਢਲੀ ਸਹਾਇਤਾ (ਪ੍ਰਾਇਮਰੀ ਟ੍ਰੀਟਮੈਂਟ) ਤੋਂ ਬਾਅਦ ਪਟਿਆਲਾ ਰੈਫਰ ਕਰ ਦਿੱਤਾ, ਜਿੱਥੇ ਬੀਤੇ ਕੱਲ੍ਹ ਇਲਾਜ ਦੌਰਾਨ ਉਸਦੀ ਮੌਤ ਹੋ ਗਈ।ਅਧਿਕਾਰੀ ਮੋਟਰਸਾਈਕਲ ਦੀ ਸ਼ਨਾਖਤ ਹੋਣ 'ਤੇ ਉਸਦੇ ਅਣਪਛਾਤੇ ਚਾਲਕ ਖਿਲਾਫ ਮਾਮਲਾ ਦਰਜ ਕਰਕੇ ਭਾਲ ਕੀਤੀ ਜਾ ਰਹੀ ਹੈ। ਜਦੋਂਕਿ ਪੋਸਟਮਾਰਟਮ ਉਪਰੰਤ ਮ੍ਰਿਤਕ ਦੀ ਲਾਸ਼ ਵਾਰਸਾਂ (ਪਰਿਵਾਰਕ ਮੈਂਬਰਾਂ) ਦੇ ਹਵਾਲੇ ਕਰ ਦਿੱਤੀ ਗਈ।

# ਕਮਾਲ ਹੋ ਗਈ ਅਣਪਛਾਤਾ ਟਰੱਕ ਚਾਲਕ ਲੱਖਾਂ ਦੀ ਜੀਰੀ ਲੈ ਕੇ ਫ਼ਰਾਰ

**ਸਮਾਣਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੋਮਵਾਰ ਦੀ ਰਾਤ ਨੂੰ ਇੱਕ ਟਰੱਕ-ਟਰਾਲਾ (ਠੱਗ) ਚਾਲਕ ਵੱਲੋਂ ਸਮਾਣਾ ਦੇ ਪਿੰਡ ਗਾਜੇਵਾਸ ਸਬ-ਖਰੀਦ ਕੇਂਦਰ 'ਚ ਇੱਕ ਆੜਤ ਦੀ ਦੁਕਾਨ ਤੋਂ 520 ਜੀਰੀ ਦੇ ਥੈਲੇ (ਲੱਖਾਂ ਰੁਪਏ ਮੁੱਲ ਦੀ) ਟਰੱਕ ਟਰਾਲਾ 'ਚ ਭਰ ਕੇ ਠੱਗੀ ਕਰ ਲਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।

ਆੜਤੀ ਵੱਲੋਂ ਅਣਪਛਾਤੇ ਠੱਗ ਖਿਲਾਫ ਗਾਜੇਵਾਸ ਪੁਲਿਸ ਨੂੰ ਦਰਖਾਸਤ ਦੇ ਕੇ ਉਸਦੀ ਭਾਲ ਕਰ ਇਨਸਾਫ ਦੀ ਮੰਗ ਕੀਤੀ ਹੈ। ਜਾਣਕਾਰੀ ਦਿੰਦਿਆਂ ਸ੍ਰੀ ਗੁਰੂ ਰਾਮਦਾਸ ਜੀ ਟ੍ਰੇਡਿੰਗ ਕੰਪਨੀ ਦੇ ਮਾਲਕ ਲਾਭ ਸਿੰਘ ਨੇ ਦੱਸਿਆ ਕਿ ਸੋਮਵਾਰ ਸ਼ਾਮ ਨੂੰ ਟਰੱਕ ਯੂਨੀਅਨ ਸਮਾਣਾ ਤੋਂ 1884 ਨੰਬਰ ਬਿਲਟੀ, ਟਰੱਕ ਨੰਬਰ ਪੀ.ਬੀ 11 ਬੀ.ਬੀ 5347 ਜੋ ਕਿ ਦੇਵਕੀ ਰਾਈਸ ਦੀ ਸਰਕਾਰੀ ਜੀਰੀ ਢੋਣ ਲਈ ਕੱਟ ਕੇ ਆਇਆ ਸੀ।

ਟਰਾਲੇ ਵਿੱਚ ਦੁਕਾਨ ਦੀ ਲੇਬਰ ਨੇ 520 ਥੈਲੇ ਰਾਤ ਨੂੰ ਕਰੀਬ 9 ਵਜੇ ਭਰ ਕੇ ਜਦੋਂ ਗੇਟ ਪਾਸ ਕਟਵਾਉਣ ਗਿਆ, ਤਾਂ ਉਸ ਸਮੇਂ ਮੁਲਾਜ਼ਮ ਨਾ ਹੋਣ ਕਰਕੇ ਟਰੱਕ ਫੜ ਤੇ ਹੀ ਖੜਾ ਕਰ ਲਿਆ।

ਸਵੇਰੇ ਗੇਟ ਪਾਸ ਕਟਵਾ ਕੇ ਚਾਲਕ ਨੂੰ ਜਾਣ ਲਈ ਕਿਹਾ, ਪਰ ਅਣਪਛਾਤਾ ਚਾਲਕ (ਠੱਗ) ਰਾਤ ਨੂੰ ਕਰੀਬ 2 ਵਜੇ ਸੀ.ਸੀ.ਟੀ.ਵੀ ਕੈਮਰਿਆਂ ਦੀ ਫੁਟੇਜ ਅਨੁਸਾਰ ਜੀਰੀ ਦਾ ਭਰਿਆ ਟਰੱਕ ਲੈ ਕੇ ਫਰਾਰ ਹੋ ਗਿਆ, ਜਦੋਂ ਸਵੇਰੇ ਉਸ ਦਾ ਮੁਨੀਮ ਆਇਆ ਤਾਂ ਟਰੱਕ ਉਥੇ ਨਾਂ ਹੋਣ ਕਰਕੇ ਉਸ ਦੀ ਸੂਚਨਾ ਮੈਨੂੰ ਦਿੱਤੀ। ਜਦੋਂ ਟਰੱਕ ਦੀ ਭਾਲ ਕੀਤੀ ਤਾਂ ਟਰੱਕ ਯੂਨੀਅਨ ਵੱਲੋਂ ਉਕਤਨੰਬਰ ਦਾ ਟਰੱਕ ਨਾਂ ਕੱਟਣ ਦੀ ਅਤੇ ਯੂਨੀਅਨ ਵਿੱਚ ਨਾਂ ਹੋਣ ਦੀ ਗੱਲ ਆਖੀ। ਜਿਸ 'ਤੇ ਕਾਫੀ ਭਾਲ ਕਰਨ ਤੇ ਟਰੱਕ 'ਤੇ ਲੱਗਿਆ ਨੰਬਰ ਜਾਲੀ ਪਾਇਆ ਗਿਆ, ਜਿਸ ਦੀ ਉਹਨਾਂ ਨੇ ਗਾਜੇਵਾਸ ਪੁਲਿਸ ਚੌਂਕੀ ਨੂੰ ਸੂਚਨਾ ਦਿੱਤੀ। ਇਸ ਸਬੰਧੀ ਗਾਜੇਵਾਸ ਪੁਲਿਸ ਚੌਕੀ ਮੁੱਖੀ ਹਰਬੰਸ ਸਿੰਘ ਨੇ ਆੜਤੀ ਵੱਲੋਂ ਦਰਖਾਸਤ ਦੇਣ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਸੀ.ਸੀ.ਟੀ. ਵੀ ਕੈਮਰਿਆਂ ਤੇ ਹੋਰ ਤਕਨੀਕੀ ਸਾਧਨਾ ਰਾਹੀਂ ਟਰੱਕ-ਟਰਾਲਾ ਤੇ ਚਾਲਕ ਦੀ ਭਾਲ ਕੀਤੀ ਜਾ ਰਹੀ ਹੈ। ਟਰੱਕ ਤੇ ਲੱਗਿਆ ਨੰਬਰ ਐਕਟੀਵਾ ਦਾ ਹੈ।

# ਰਾਤ ਸਮੇਂ ਐੱਸ.ਐੱਸ.ਟੀ. ਟੀਮਾਂ ਦੀ ਅਚਨਚੇਤ ਚੈਕਿੰਗ ਕੀਤੀ



**ਤਰਨ ਤਾਰਨ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖ਼ਰਚਾ ਅਬਜ਼ਰਵਰ ਸ੍ਰੀ ਮਨਜ਼ੁਰਲ ਹਸਨ ਵੱਲੋਂ ਜ਼ਿਲ੍ਹੇ ਵਿੱਚ 012-ਤਰਨ ਤਾਰਨ ਉਪ ਚੋਣ ਦੇ ਮੱਦੇਨਜ਼ਰ ਤਾਇਨਾਤ ਐੱਸ.ਐੱਸ.ਟੀ. (ਸਟੈਟਿਕ ਸਰਵੇਲੈਂਸ ਟੀਮਾਂ) ਦੀ ਬੀਤੀ ਰਾਤ ਅਚਨਚੇਤ ਚੈਕਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇਖਿਆ ਕਿ ਐੱਸ.ਐੱਸ.ਟੀ. ਟੀਮਾਂ ਵੱਲੋਂ ਰਾਤ ਸਮੇਂ ਵੀ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ। ਉਨ੍ਹਾਂ ਨੇ ਸਟੈਟਿਕ ਸਰਵੇਲੈਂਸ ਟੀਮਾਂਵੱਲੋਂ ਕੀਤੇ ਜਾ ਰਹੇ ਸੁਚੇਤ ਤੇ ਪ੍ਰਭਾਵਸ਼ਾਲੀ ਯਤਨਾਂ ਦੀ ਪ੍ਰਸ਼ੰਸਾ ਕੀਤੀ ਅਤੇ ਟੀਮ ਮੈਂਬਰਾਂ ਨੂੰ ਨਿਰਦੇਸ਼ ਦਿੱਤੇ ਕਿ ਸਾਰੀ ਚੈਕਿੰਗ ਪੂਰੀ ਨਿਰਪੱਖਤਾ, ਪਾਰਦਰਸ਼ੀਤਾ ਅਤੇ ਪੇਸ਼ਾਵਰਾਨਾ ਤਰੀਕੇ ਨਾਲ ਕੀਤੀ ਜਾਵੇ। ਉਨ੍ਹਾਂ ਨੇ ਚੋਣ ਕਮਿਸ਼ਨ ਆਫ ਇੰਡੀਆ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਉਪ ਚੋਣ ਤਰਨ ਤਾਰਨ ਪੂਰੀ ਤਰ੍ਹਾਂ ਅਜ਼ਾਦਾਨਾਂ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜੀ ਜਾਵੇਗੀ।

# ਟੱਕਰ ਮਾਰ ਕੇ ਕੀਤਾ ਜ਼ਖ਼ਮੀ ਪੁਲਿਸ ਵੱਲੋ ਕਾਰ ਚਾਲਕ ਖ਼ਿਲਾਫ਼ ਕੇਸ ਦਰਜ

**ਸਮਾਣਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੈਦਲ ਆ ਰਹੇ ਵਿਅਕਤੀ ਨੂੰ ਟੱਕਰ ਮਾਰ ਕੇ ਗੰਭੀਰ ਜ਼ਖਮੀ ਕਰਨ ਦੋਸ਼ ਵਿੱਚ ਪੁਲਿਸ ਨੇ ਕਾਰ ਚਾਲਕ ਗੁਰਪ੍ਰੀਤ ਸਿੰਘ ਨਿਵਾਸੀ ਨਿਰਮਲ ਡੇਰਾ ਪਿੰਡ ਨਮਾਦਾ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਮਾਮਲੇ ਦੇ ਜਾਂਚ ਅਧਿਕਾਰੀ, ਥਾਣਾ ਗਾਜੇਵਾਸ ਪੁਲਿਸ ਚੋਕੀ ਦੇ ਏ.ਐਸ.ਆਈ. ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਜ਼ਖਮੀ ਕਰਮਜੀਤ ਸਿੰਘ ਪੁੱਤਰ ਕਰਤਾਰ ਸਿੰਘ ਨਿਵਾਸੀ ਪਿੰਡ ਗਾਜੇਵਾਸ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ 3 ਨਵੰਬਰ ਦੀ ਸ਼ਾਮ ਨੂੰ ਜਦੋਂ ਉਹ ਪਿੰਡ ਵਿੱਚ ਪੈਦਲ ਜਾ ਰਿਹਾ ਸੀ, ਤਾਂ ਦੋਸ਼ੀ ਕਾਰ ਚਾਲਕ ਨੇ ਆਪਣੀ ਤੇਜ਼ ਰਫ਼ਤਾਰ ਕਾਰ ਲਾਪਰਵਾਈ ਨਾਲ ਉਸ ਵਿੱਚ ਮਾਰੀ, ਜਿਸ ਕਾਰਨ ਉਸਦੀ ਲੱਤ ਅਤੇ ਪੈਰ ਟੁੱਟ ਗਿਆ। ਉਸਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਅਧਿਕਾਰੀ ਅਨੁਸਾਰ ਦਰਜ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਦੋਸ਼ੀ ਕਾਰ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

# ਦਿਵਿਆਂਗ ਵਿਦਿਆਰਥਣਾਂ ਨੂੰ ਵ੍ਹੀਲ ਚੇਅਰ ਭੇਟ

**ਸ਼ਾਹਬਾਦ ਮਾਰਕੰਡਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮ੍ਰਿਤੀ ਐਲੂਮਨੀ ਐਸੋਸੀਏਸ਼ਨ ਨੇ ਆਰੀਆ ਕੰਨਿਆ ਕਾਲਜ ਦੀਆਂ ਦਿਵਿਆਂਗ ਵਿਦਿਆਰਥਣਾਂ ਅਤੇ ਫਸਟ-ਏਡ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਵ੍ਹੀਲ ਚੇਅਰਜ਼ ਅਤੇ ਸਟ੍ਰੈਚਰ ਭੇਟ ਕੀਤੇ। ਇਸ ਮੌਕੇ ਕਾਲਜ ਪ੍ਰਿੰਸੀਪਲ ਪ੍ਰੋ. ਡਾ. ਆਰਤੀ ਤਰੇਹਨ ਨੇ ਐਲੂਮਨੀ ਮੈਂਬਰਾਂ ਦੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਵਿਦਿਆਰਥਣਾਂ ਨੂੰ ਕੈਂਪਸ ਵਿੱਚ ਆਉਣ-ਜਾਣ 'ਚ ਸੌਖ ਹੋਵੇਗੀ ਅਤੇ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧੇਗਾ। ਉਨ੍ਹਾਂ ਐਸੋਸੀਏਸ਼ਨ ਨੂੰ ਭਵਿੱਖ ਵਿੱਚ ਵੀ ਅਜਿਹੇ ਸੇਵਾ ਕਾਰਜ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ।

ਐਲੂਮਨੀ ਐਸੋਸੀਏਸ਼ਨ ਦੀ ਪ੍ਰਧਾਨ ਡਾ. ਸਿਮਰਜੀਤ ਕੌਰ ਨੇ ਦੱਸਿਆ ਕਿ ਇਹ ਸਹਾਇਤਾ ਸਾਬਕਾ ਵਿਦਿਆਰਥਣਾਂ ਵੱਲੋਂ ਇਕੱਠੇ ਕੀਤੇ ਗਏ ਫੰਡ ਨਾਲ ਕੀਤੀ ਗਈ ਹੈ, ਜਿਸ ਦਾ ਉਦੇਸ਼ ਮੌਜੂਦਾ ਲੋੜਵੰਦ ਵਿਦਿਆਰਥਣਾਂ ਨੂੰ ਸਹੂਲਤਾਂ ਦੇਣਾ ਹੈ।

# 8 ਨਵੰਬਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨਾਲ ਸਬੰਧਤ ਲਾਈਟ ਐਂਡ ਸਾਊਂਡ ਸ਼ੋਅ ਬਟਾਲਾ ਵਿਖੇ ਹੋਵੇਗਾ- ਡਿਪਟੀ ਕਮਿਸ਼ਨਰ ਗੁਰਦਾਸਪੁਰ

**ਗੁਰਦਾਸਪੁਰ,8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਪਟੀ ਕਮਿਸ਼ਨਰ ਆਦਿੱਤਿਆ ਉੱਪਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ 8 ਨਵੰਬਰ ਦੀ ਸ਼ਾਮ 6 ਵਜੇ ਨੂੰ ਬਟਾਲਾ ਦੀ ਆਈ.ਟੀ.ਆਈ ਗਰਾਊਂਡ ਵਿਖੇ ਵਿਖੇ ਲਾਈਟ ਐਂਡ ਸਾਊਂਡ ਸ਼ੋਅ ਕਰਵਾਇਆ ਜਾਵੇਗਾ। ਲਾਈਟ ਐਂਡ ਸਾਊਂਡ ਸ਼ੋਅ ਵੇਖਣ ਦੀ ਐਂਟਰੀ ਬਿਲਕੁਲ ਫਰੀ ਹੈ।

ਡਿਪਟੀ ਕਮਿਸ਼ਨਰ ਨੇ ਸਮੂਹ ਜਿਲ੍ਹਾ ਵਾਸੀਆਂ ਨੂੰ ਇਸ ਇਤਿਹਾਸਕ ਲਾਈਟ ਐਂਡ ਸਾਊਂਡ ਸ਼ੋਅ ਨੂੰ ਆਪਣੇ ਪਰਿਵਾਰਾਂ ਸਮੇਤ ਜਰੂਰ ਦੇਖਣ ਅਤੇ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਤੋਂ ਜਾਣੂ ਹੋਣ ਦੀ ਅਪੀਲ ਕੀਤੀ ਹੈ।ਉਨ੍ਹਾਂ ਨੇ ਸਮੂਹ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਿਤ ਸ਼ਾਨਦਾਰ ਲਾਈਟ ਐਂਡ ਸਾਊਂਡ ਸ਼ੋਅ ਵਿਚ ਵੱਧ-ਚੜ੍ਹ ਕੇ ਸ਼ਿਰਕਤ ਕਰਨ ਦਾ ਸੱਦਾ ਦਿੰਦਿਆਂ ਦੱਸਿਆ ਕਿ ਲਾਈਟ ਐਂਡ ਸਾਊਂਡ ਸ਼ੋਅ ਦੌਰਾਨ ਡਿਜੀਟਲ ਤਰੀਕੇ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਵਿਰਾਸਤ, ਸਿੱਖਿਆਵਾਂ ਅਤੇ ਮਹਾਨ ਬਲੀਦਾਨ ਬਾਰੇ ਚਾਨਣਾ ਪਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਸ ਸ਼ਾਨਦਾਰ ਪੇਸ਼ਕਾਰੀ ਨਾਲ ਸੰਗਤਾਂ ਨੂੰ ਅਨੋਖਾ ਅਨੁਭਵ ਹੋਵੇਗਾ, ਜੋ ਗੁਰੂ ਸਾਹਿਬ ਦੇ ਸ਼ਾਂਤੀ, ਸਹਿਣਸ਼ੀਲਤਾ ਅਤੇ ਵਿਸ਼ਵਵਿਆਪੀ ਭਾਈਚਾਰੇ ਨੂੰ ਮਜ਼ਬੂਤ ਕਰਨ ਦੇ ਫਲਸਫ਼ੇ ਨੂੰ ਸੁੰਦਰਤਾ ਨਾਲ ਦਰਸਾਉਂਦੀ ਹੈ।

# ਮੇਅਰ ਪਦਮਜੀਤ ਮਹਿਤਾ ਵੱਲੋਂ ਵਾਰਡ ਨੰਬਰ 42 ਵਿੱਚ ਲਗਭਗ 52 ਲੱਖ ਰੁਪਏ ਦੇ ਪ੍ਰੀਮਿਕਸ ਕੰਮ ਦਾ ਸ਼ੁਭ ਆਰੰਭ

**ਬਠਿੰਡਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕੌਂਸਲਰ ਸ੍ਰੀ ਸੁਖਰਾਜ ਔਲਖ ਦੇ ਵਾਰਡ ਨੰਬਰ 42 ਵਿੱਚ ਸਥਿਤ ਗੁਰੂ ਨਾਨਕ ਨਗਰ, ਮੁਲਤਾਨੀਆਂ ਰੋਡ ਦੀਆਂ ਸੜਕਾਂ ਨੂੰ ਸੁੰਦਰ ਬਣਾਉਣ ਲਈ ਲਗਭਗ 52 ਲੱਖ ਰੁਪਏ ਦੇ ਪ੍ਰੀਮਿਕਸ ਕੰਮ ਦਾ ਸ਼ੁਭ ਆਰੰਭ ਕੀਤਾ। ਇਸ ਮੌਕੇ ਕੌਂਸਲਰ ਸ੍ਰੀ ਸੁਖਰਾਜ ਔਲਖ, ਜੇਈ ਸ੍ਰੀ ਅਮਿਤ ਕੁਮਾਰ, ਜਗਦੀਸ਼ ਸਿੰਘ ਰਾਮਸਰਾ, ਜਗਦੀਪ ਸਿੰਘ ਸਿੱਧੂ, ਮਨਦੀਪ ਸਿੰਘ ਖਾਨਾ, ਬਲਰਾਜ ਸਿੰਘ, ਜਸਵਿੰਦਰ ਸਿੰਘ ਮਾਨ, ਪ੍ਰਵੀਨ ਬਾਂਸਲ, ਮਾਸਟਰ ਸੁਖਵਿੰਦਰ ਸਿੰਘ, ਮੱਸਾ ਸਿੰਘ, ਤਾਜਵਿੰਦਰ ਸ਼ੇਰਗਿੱਲ ਅਤੇ ਇਲਾਕੇ ਦੇ ਹੋਰ ਪਤਵੰਤੇ ਹਾਜ਼ਰ ਸਨ।



ਇਸ ਦੌਰਾਨ ਮੇਅਰ ਸ੍ਰੀ ਮਹਿਤਾ ਨੇ ਕਿਹਾ ਕਿ ਬਠਿੰਡਾ ਨਗਰ ਨਿਗਮ ਦਾ ਮੁੱਖ ਉਦੇਸ਼ ਸ਼ਹਿਰ ਦੇ ਵਸਨੀਕਾਂ ਨੂੰ ਸ਼ਾਨਦਾਰ ਬੁਨਿਆਦੀ ਢਾਂਚਾ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਨਗਰ ਖੇਤਰ ਵਿੱਚ ਸੜਕਾਂ ਦੇ ਸੁਧਾਰ ਦੀ ਲੰਬੇ ਸਮੇਂ ਤੋਂ ਮੰਗ ਸੀ ਅਤੇ ਉਕਤ ਕੰਮ ਦੇ ਪੂਰਾ ਹੋਣ ਤੋਂ ਬਾਅਦ, ਇਹ ਕੰਮ ਨਾ ਸਿਰਫ਼ ਖੇਤਰ ਦੀ ਦਿੱਖ ਨੂੰ ਵਧਾਏਗਾ ਬਲਕਿ ਆਵਾਜਾਈ ਨੂੰ ਵੀ ਕਾਫ਼ੀ ਸਹੂਲਤ ਦੇਵੇਗਾ।

ਮੇਅਰ ਸ੍ਰੀ ਮਹਿਤਾ ਨੇ ਹਾਜ਼ਰ ਵਸਨੀਕਾਂ ਨੂੰ ਵਿਕਾਸ ਕਾਰਜਾਂ ਵਿੱਚ ਸਹਿਯੋਗ ਕਰਨ ਅਤੇ ਸੜਕਾਂ ਦੀ ਸਾਂਭ-ਸੰਭਾਲ ਵਿੱਚ ਨਗਰ ਨਿਗਮ ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਉਸਾਰੀ ਕਾਰਜ ਦੌਰਾਨ ਕਿਸੇ ਵੀ ਤਰ੍ਹਾਂ ਦੀ ਕਮੀ ਜਾਂ ਨੁਕਸ ਨਜ਼ਰ ਆਉਂਦਾ ਹੈ, ਤਾਂ ਤੁਰੰਤ ਉਨ੍ਹਾਂ ਨੂੰ ਜਾਂ ਸਬੰਧਤ ਕੌਂਸਲਰ ਸ੍ਰੀ ਸੁਖਰਾਜ ਔਲਖ ਨੂੰ ਸੂਚਿਤ ਕਰਨ, ਤਾਂ ਜੋ ਸਮੇਂ ਸਿਰ ਸੁਧਾਰ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਬਠਿੰਡਾ ਸ਼ਹਿਰ ਨੂੰ ਆਧੁਨਿਕ ਦਿੱਖ ਦੇਣ ਲਈ ਕਈ ਵੱਡੇ ਪ੍ਰੋਜੈਕਟ ਸ਼ੁਰੂ ਕੀਤੇ ਜਾ ਰਹੇ ਹਨ, ਜਿਨ੍ਹਾਂ ਦੇ ਪੂਰਾ ਹੋਣ ਤੋਂ ਬਾਅਦ ਬਠਿੰਡਾ ਸ਼ਹਿਰ ਦੇਸ਼ ਦਾ ਇੱਕ ਆਦਰਸ਼ ਸ਼ਹਿਰ ਬਣ ਜਾਵੇਗਾ।

# ਔਰਤਾਂ ਨੂੰ ਸੰਤੁਲਿਤ ਖੁਰਾਕ ਬਾਰੇ ਜਾਗਰੂਕ ਕੀਤਾ

**ਸ਼ਾਹਬਾਦ ਮਾਰਕੰਡਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਰੂਕਸ਼ੇਤਰ ਦੇ ਮੈਂਬਰ ਪਾਰਲੀਮੈਂਟ ਨਵੀਨ ਜਿੰਦਲ ਦੀ ਪਹਿਲਕਦਮੀ 'ਤੇ ਬਹਿਲੋਲਪੁਰ ਸਥਿਤ ਮਹਾਤਮਾ ਜਯੋਤੀਬਾ ਫੂਲੇ ਉਦਯੋਗਿਕ ਸਿਖਲਾਈ ਸੰਸਥਾ ਵਿੱਚ 'ਏਕ ਥਾਲੀ ਪੋਸ਼ਣ ਵਾਲੀ' ਨਾਂ ਦਾ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ।



ਇਸ ਮੌਕੇ ਨਵੀਨ ਜਿੰਦਲ ਫਾਊਂਡੇਸ਼ਨ ਨੇ ਔਰਤਾਂ ਨੂੰ ਪੌਸ਼ਟਿਕ ਥਾਲੀ ਪਰੋਸ ਕੇ ਉਨ੍ਹਾਂ ਨੂੰ ਸਿਹਤ ਪ੍ਰਤੀ ਜਾਗਰੂਕ ਕੀਤਾ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਔਰਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਪੋਸ਼ਣ ਪੱਧਰ ਨੂੰ ਬਿਹਤਰ ਬਣਾਉਣਾ, ਸੰਤੁਲਿਤ ਖੁਰਾਕ ਦੀ ਮਹੱਤਤਾ ਨੂੰ ਉਜਾਗਰ ਕਰਨਾ ਅਤੇ ਪੇਂਡੂ ਭਾਈਚਾਰੇ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਵਧਾਉਣਾ ਹੈ। ਨੇੜਲੇ ਪਿੰਡਾਂ ਦੀਆਂ ਔਰਤਾਂ ਨੇ ਇਸ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ। ਪ੍ਰੋਗਰਾਮ ਦੌਰਾਨ ਮਾਹਿਰਾਂ ਨੇ ਔਰਤਾਂ ਨੂੰ ਪੌਸ਼ਟਿਕ ਥਾਲੀ ਦੇ ਜ਼ਰੂਰੀ ਤੱਤਾਂ ਬਾਰੇ ਜਾਣਕਾਰੀ ਦਿੱਤੀ ਅਤੇ ਇਹ ਵੀ ਦਿਖਾਇਆ ਕਿ ਇੱਕ ਸਧਾਰਨ ਰਸੋਈ ਵਿੱਚ ਹੀ ਸੰਤੁਲਿਤ ਅਤੇ ਪੌਸ਼ਟਿਕ ਭੋਜਨ ਕਿਵੇਂ ਤਿਆਰ ਕੀਤਾ ਜਾ ਸਕਦਾ ਹੈ। ਇਸ ਮੌਕੇ ਨਵੀਨ ਜਿੰਦਲ ਫਾਊਂਡੇਸ਼ਨ ਦੇ ਕ੍ਰਿਸ਼ਨ ਸਿੰਘ ਸੈਣੀ ਨੇ ਕਿਹਾ ਕਿ ਇਹ ਪਹਿਲਕਦਮੀ ਸੰਸਦ ਮੈਂਬਰ ਨਵੀਨ ਜਿੰਦਲ ਦੇ 'ਇੱਕ ਪੌਸ਼ਟਿਕ ਭਾਰਤ, ਇੱਕ ਸਿਹਤਮੰਦ ਭਾਰਤ' ਦੇ ਸੁਪਨੇ ਨੂੰ ਸਾਕਾਰ ਕਰਨ ਵੱਲ ਇੱਕ ਠੋਸ ਕਦਮ ਹੈ। ਉਨ੍ਹਾਂ ਕਿਹਾ ਕਿ ਹਰ ਔਰਤ ਨੂੰ ਆਪਣੇ ਪਰਿਵਾਰ ਦੀ ਸਿਹਤ ਦੀ ਰਖਵਾਲਾ ਬਣਨਾ ਚਾਹੀਦਾ ਹੈ, ਕਿਉਂਕਿ ਚੰਗੀ ਸਿਹਤ ਦਵਾਈਆਂ ਨਾਲ ਨਹੀਂ, ਸਗੋਂ ਰੋਜ਼ਾਨਾ ਦੀ ਪੌਸ਼ਟਿਕ ਖੁਰਾਕ ਨਾਲ ਹੀ ਸ਼ੁਰੂ ਹੁੰਦੀ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਇਹ ਪਹਿਲਕਦਮੀ ਔਰਤਾਂ ਅਤੇ ਬੱਚਿਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿੱਚ ਵੀ ਅਹਿਮ ਯੋਗਦਾਨ ਪਾਵੇਗੀ। ਪ੍ਰੋਗਰਾਮ ਵਿੱਚ ਸ਼ਾਮਲ ਹੋਈਆਂ ਔਰਤਾਂ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

# ਅਧਿਆਪਕਾਂ ਨੂੰ ਤਣਾਅ ਪ੍ਰਬੰਧਨ ਦੀ ਸਿਖਲਾਈ




**ਜੀਂਦ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਮੋਤੀ ਲਾਲ ਨਹਿਰੂ ਪਬਲਿਕ ਸਕੂਲ ਵਿੱਚ ਸੀ ਬੀ ਐੱਸ ਈ ਵੱਲੋਂ 'ਤਣਾਅ ਪ੍ਰਬੰਧਨ' ਵਿਸ਼ੇ 'ਤੇ ਇੱਕ-ਰੋਜ਼ਾ ਸਿਖਲਾਈ ਵਰਕਸ਼ਾਪ ਲਾਈ ਗਈ। ਇਸ ਦਾ ਸੰਚਾਲਨ ਅਤੇ ਸਿਖਲਾਈ ਪ੍ਰਸਿੱਧ ਟ੍ਰੇਨਰ ਰਵਨੀਤ ਸਿੰਘ ਅਤੇ ਨਿਹਾਰਿਕਾ ਦਲਾਲ ਵੱਲੋਂ ਦਿੱਤੀ ਗਈ। ਸਿਖਲਾਈ ਦੀ ਸ਼ੁਰੂਆਤ ਸਕੂਲ ਦੇ ਪ੍ਰਿੰਸੀਪਲ ਰਵਿੰਦਰ ਕੁਮਾਰ ਅਤੇ ਦੋਵਾਂ ਟ੍ਰੇਨਰਾਂ ਵੱਲੋਂ ਸ਼ਮ੍ਹਾ ਰੌਸ਼ਨ ਕਰਕੇ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਨੇ ਹਾਜ਼ਰ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਪੜ੍ਹਾਈ ਦੇ ਕੰਮਾਂ ਦੇ ਨਾਲ-ਨਾਲ ਅਧਿਆਪਕਾਂ ਨਾਲ ਕਈ ਹੋਰ ਜ਼ਿੰਮੇਵਾਰੀਆਂ ਵੀ ਜੁੜੀਆਂ ਹੋਈਆਂ ਹਨ। ਅਜਿਹੇ ਵਿੱਚ ਤਣਾਅ ਦਾ ਸਹੀ ਪ੍ਰਬੰਧਨ ਕਰਨਾ ਹਰ ਅਧਿਆਪਕ ਲਈ ਬਹੁਤ ਜ਼ਰੂਰੀ ਹੈ। ਜੇ ਅਧਿਆਪਕ ਖੁਦ ਤਣਾਅ-ਮੁਕਤ ਰਹਿਣਗੇ, ਤਾਂ ਹੀ ਉਹ ਵਿਦਿਆਰਥੀਆਂ ਦੇ ਮਨੋਵਿਗਿਆਨਕ ਅਤੇ ਅਕਾਦਮਿਕ ਵਿਕਾਸ ਵਿੱਚ ਵਧੇਰੇ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਸਕਣਗੇ।

ਟ੍ਰੇਨਰਾਂ ਨੇ ਕਿਹਾ ਕਿ ਤਣਾਅ ਜੀਵਨ ਦਾ ਇੱਕ ਹਿੱਸਾ ਹੈ ਅਤੇ ਜੇ ਇਸ ਦਾ ਸਹੀ ਢੰਗ ਨਾਲ ਪ੍ਰਬੰਧਨ ਕਰ ਲਿਆ ਜਾਵੇ ਤਾਂ ਇਹ ਪ੍ਰੇਰਨਾ ਦਾ ਇੱਕ ਸਰੋਤ ਵੀ ਬਣ ਸਕਦਾ ਹੈ। ਉਨ੍ਹਾਂ ਕਿਹਾ ਕਿ ਤਣਾਅ ਪ੍ਰਬੰਧਨ ਕੇਵਲ ਅਧਿਆਪਕਾਂ ਲਈ ਹੀ ਨਹੀਂ, ਸਗੋਂ ਵਿਦਿਆਰਥੀਆਂ ਲਈ ਵੀ ਬਹੁਤ ਜ਼ਰੂਰੀ ਹੈ। ਅੱਜ ਦਾ ਮੁਕਾਬਲੇਬਾਜ਼ੀ ਵਾਲਾ ਮਾਹੌਲ ਵਿਦਿਆਰਥੀਆਂ 'ਤੇ ਦਬਾਅ ਪਾਉਂਦਾ ਹੈ, ਪਰ ਜੇ ਅਧਿਆਪਕ ਖੁਦ ਤਣਾਅ-ਮੁਕਤ ਹੋਣਗੇ, ਤਾਂ ਉਹ ਆਪਣੇ ਵਿਦਿਆਰਥੀਆਂ ਵਿੱਚ ਵੀ ਸਕਾਰਾਤਮਕ ਊਰਜਾ ਦਾ ਸੰਚਾਰ ਕਰ ਸਕਣਗੇ। ਉਨ੍ਹਾਂ ਸਮਝਾਇਆ, 'ਸਾਨੂੰ ਇਹ ਸਮਝਣਾ ਹੋਵੇਗਾ ਕਿ ਤਣਾਅ ਸਾਡਾ ਦੁਸ਼ਮਣ ਨਹੀਂ, ਸਗੋਂ ਇੱਕ ਚਿਤਾਵਨੀ ਹੈ ਕਿ ਸਾਨੂੰ ਆਪਣੇ ਜੀਵਨ ਨੂੰ ਸੰਤੁਲਿਤ ਕਰਨ ਦੀ ਲੋੜ ਹੈ।' ਪ੍ਰਿੰਸੀਪਲ ਨੇ ਭਰੋਸਾ ਦਿਵਾਇਆ ਕਿ ਸਕੂਲ ਭਵਿੱਖ ਵਿੱਚ ਵੀ ਸਮੇਂ-ਸਮੇਂ 'ਤੇ ਅਜਿਹੇ ਪ੍ਰੋਗਰਾਮ ਕਰਵਾਉਂਦਾ ਰਹੇਗਾ।

# ਗੁਰੂ ਤੇਗ ਬਹਾਦਰ ਸ਼ਹੀਦੀ ਦਿਵਸ ਸਬੰਧੀ ਸਮਾਗਮ



**ਸ਼ਾਹਬਾਦ ਮਾਰਕੰਡਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਾਂ ਦੇ ਨੌਂਵੇ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਖੈਰੀ ਦੇ ਮੈਦਾਨ ਵਿੱਚ ਪ੍ਰੋਗਰਾਮ ਕਰਵਾਇਆ ਗਿਆ। ਇਸ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬੱਚਿਆਂ ਨਾਲ ਆਨ-ਲਾਈਨ ਗੱਲਬਾਤ ਕੀਤੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਨੇ ਹਿੰਦੀ, ਅਪਰਨਾ ਨੇ ਸੰਸਕ੍ਰਿਤ, ਗਗਨਪ੍ਰੀਤ ਨੇ ਅੰਗਰੇਜ਼ੀ ਤੇ ਕੰਚਨ ਨੇ ਪੰਜਾਬੀ ਭਾਸ਼ਾ ਵਿੱਚ ਗੱਲਬਾਤ ਕੀਤੀ ਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਬਲੀਦਾਨ ਤੇ ਤਿਆਗ ਬਾਰੇ ਚਾਨਣਾ ਪਾਇਆ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਇੰਦੂ ਕੌਸ਼ਿਕ ਤੇ ਬਲਾਕ ਸਿੱਖਿਆ ਅਧਿਕਾਰੀ ਨੀਲਮ ਸੈਣੀ ਮੌਜੂਦ ਸਨ। ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਤਿਆਗ ਤੇ ਬਲੀਦਾਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।

# ਸੜਕ ਹਾਦਸਿਆ ਵਿੱਚ ਦੋ ਹਲਾਕ

**ਲੁਧਿਆਣਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵੱਖ-ਵੱਖ ਥਾਵਾਂ 'ਤੇ ਵਾਪਰੇ ਸੜਕ ਹਾਦਸਿਆ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਹੈ ਜਦਕਿ ਇੱਕ ਔਰਤ ਗੰਭੀਰ ਜ਼ਖ਼ਮੀ ਹੋ ਗਈ ਹੈ, ਜਿਸ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ।

ਥਾਣਾ ਸਾਹਨੇਵਾਲ ਦੀ ਪੁਲੀਸ ਨੂੰ ਰਾਜੂ ਯਾਦਵ ਵਾਸੀ ਪਿੰਡ ਪਵਾ ਨੇ ਦੱਸਿਆ ਹੈ ਕਿ ਉਸ ਦਾ ਸਾਲਾ ਸੁਨੀਲ ਕੁਮਾਰ ਮੋਟਰਸਾਈਕਲ 'ਤੇ ਆਪਣੀ ਪਤਨੀ ਪੂਜਾ ਕੁਮਾਰੀ ਅਤੇ ਬੱਚੇ ਨਾਲ ਸਾਹਨੇਵਾਲ ਤੋਂ ਆਪਣੇ ਘਰ ਪਿੰਡ ਪਵਾ ਨੂੰ ਜਾ ਰਿਹਾ ਸੀ ਅਤੇ ਉਹ ਵੀ ਉਨ੍ਹਾਂ ਦੇ ਪਿੱਛੇ ਜਾ ਰਿਹਾ ਸੀ।

ਮੇਨ ਗੇਟ ਪਿੰਡ ਪਵਾ ਪੁੱਜੇ ਤਾਂ ਇੱਕ ਕਾਰ ਚਾਲਕ ਨੇ ਆਪਣੀ ਕਾਰ ਤੇਜ਼ ਰਫ਼ਤਾਰੀ ਤੇ ਲਾਪ੍ਰਵਾਹੀ ਨਾਲ ਚਲਾ ਕੇ ਉਸਨੂੰ ਫੇਟ ਮਾਰੀ, ਜਿਸ ਦੌਰਾਨ ਸੁਨੀਲ ਕੁਮਾਰ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਉਸ ਦੀ ਪਤਨੀ ਪੂਜਾ ਕੁਮਾਰੀ ਨੂੰ ਜ਼ਖ਼ਮੀ ਹਾਲਤ ਵਿੱਚ ਇਲਾਜ ਲਈ ਸਿਵਲ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ। ਬੱਚਾ ਸਹੀ ਸਲਾਮਤ ਹੈ।

ਥਾਣੇਦਾਰ ਕਰਨੈਲ ਸਿੰਘ ਨੇ ਦੱਸਿਆ ਹੈ ਕਿ ਪੁਲੀਸ ਵੱਲੋਂ ਕਾਰ ਚਾਲਕ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

# ਸਾਹਿਤਯ ਕਲਸ਼ ਪਟਿਆਲਾ ਵੱਲੋਂ ਸਾਲਾਨਾ ਪੁਰਸਕਾਰ ਸਮਾਰੋਹ, ਪੁਸਤਕ ਵਿਮੋਚਨ ਅਤੇ ਰਾਸ਼ਟਰੀ ਕਾਵਿ ਸੰਮੇਲਨ ਦਾ ਆਯੋਜਨ



**ਪਟਿਆਲਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਹਿਤਯ ਕਲਸ਼ ਪ੍ਰਕਾਸ਼ਨ ਅਤੇ ਪਰਿਵਾਰ, ਪਟਿਆਲਾ ਦਾ ਸਾਲਾਨਾ ਸਮਾਗਮ ਪ੍ਰਭਾਤ ਪਰਵਾਨਾ ਹਾਲ ਵਿੱਚ ਆਯੋਜਿਤ ਕੀਤਾ ਗਿਆ। 300 ਤੋਂ ਵੱਧ ਲੋਕ ਸ਼ਾਮਲ ਹੋਏ। ਇਸ ਸਮਾਗਮ ਵਿੱਚ ਪਟਿਆਲਾ ਦੇ ਵਸਨੀਕ ਅਤੇ ਸਾਹਿਤਕ ਹਸਤੀਆਂ ਦੇ ਨਾਲ-ਨਾਲ ਵੱਖ-ਵੱਖ ਰਾਜਾਂ ਦੇ ਲੇਖਕ ਵੀ ਸ਼ਾਮਲ ਸਨ। ਦਿਨੇਸ਼ ਸੂਦ, ਪਵਨ ਗੋਇਲ, ਮੰਜੂ ਮੈਡਮ, ਡਾ. ਨੀਰਜ ਭਾਰਦਵਾਜ, ਤ੍ਰਿਲੋਕ ਸਿੰਘ ਢਿੱਲੋਂ, ਕੁਮਾਰ ਵਿਸ਼ੇਸ਼ ਅਤੇ ਗੀਤਾ ਰਾਣੀ ਜੀ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਲ ਹੋਏ।

ਪ੍ਰੋਗਰਾਮ ਦੀ ਸ਼ੁਰੂਆਤ ਸਾਹਿਤਯ ਕਲਸ਼ ਦੇ ਸੰਸਥਾਪਕ ਸਾਗਰ ਸੂਦ ਸੰਜੇ ਅਤੇ ਮੰਚ ਨੇ ਮਾਂ ਸਰਸਵਤੀ ਦੇ ਚਰਨਾਂ ਵਿੱਚ ਫੁੱਲ ਭੇਟ ਕਰਕੇ ਅਤੇ ਸ਼ਮਾ ਰੋਸ਼ਨ ਕਰਕੇ ਕੀਤੀ। ਸਰਸਵਤੀ ਵੰਦਨਾ ਤੋਂ ਬਾਅਦ, ਕਵਿਤਾ ਸੈਸ਼ਨ ਸ਼ੁਰੂ ਹੋਇਆ, ਜਿਸ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਲੇਖਕਾਂ ਨੇ ਵੱਖ-ਵੱਖ ਸ਼ੈਲੀਆਂ ਵਿੱਚ ਕਵਿਤਾਵਾਂ ਪੇਸ਼ ਕੀਤੀਆਂ। ਗੀਤਾਂ, ਗ਼ਜ਼ਲਾਂ, ਵਿਅੰਗ, ਕਵਿਤਾਵਾਂ ਅਤੇ ਛੋਟੀਆਂ ਕਹਾਣੀਆਂ ਨੇ ਹਾਲ ਨੂੰ ਰੰਗਾਂ ਦੀ ਸਤਰੰਗੀ ਪੀਂਘ ਨਾਲ ਭਰ ਦਿੱਤਾ। 82 ਸਾਹਿਤਕ ਹਸਤੀਆਂ ਨੇ ਇਸ ਕਾਵਿਕ ਸਮਾਗਮ ਨੂੰ ਆਪਣੀਆਂ ਵਿਲੱਖਣ ਸ਼ੈਲੀਆਂ ਨਾਲ ਸਜਾਇਆ। ਪਹਿਲੇ ਪੜਾਅ ਵਿੱਚ ਸੰਚਾਲਕ ਵਜੋਂ ਸੇਵਾ ਨਿਭਾ ਰਹੇ ਡੀ.ਕੇ. ਸੂਦ ਨੇ ਸਰੋਤਿਆਂ ਦਾ ਸਵਾਗਤ ਕੀਤਾ ਅਤੇ ਹਰੇਕ ਕਵੀ ਨੂੰ ਆਪਣੀ ਕਵਿਤਾ ਆਪਣੇ ਵਿਲੱਖਣ ਅੰਦਾਜ਼ ਵਿੱਚ ਸੁਣਾਉਣ ਲਈ ਸੱਦਾ ਦਿੱਤਾ। ਪ੍ਰੋਗਰਾਮ ਦੇ ਦੂਜੇ ਪੜਾਅ ਵਿੱਚ, ਸਾਹਿਤਯ ਕਲਸ਼ ਨੇ 160 ਲੋੜਵੰਦ ਵਿਦਿਆਰਥੀਆਂ ਨੂੰ ਕਾਪੀਆਂ ਵੰਡ ਕੇ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਉਂਦੇ ਹੋਏ ਇੱਕ ਸ਼ਲਾਘਾਯੋਗ ਕਦਮ ਚੁੱਕਿਆ।

ਤੀਜੇ ਪੜਾਅ ਵਿੱਚ, ਮੈਨੂੰ ਵੈਸ਼ ਦੇ ਸੰਚਾਲਨ ਹੇਠ 11 ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਪਹਿਲਾਂ ਸਾਗਰ ਸੂਦ ਦੁਆਰਾ ਸੰਪਾਦਿਤ 89 ਕਵੀਆਂ ਦੀਆਂ ਰਚਨਾਵਾਂ ਵਾਲਾ ਕਾਵਿ ਸੰਗ੍ਰਹਿ ÷ਸ਼ਬਦੋਂ ਕੀ ਮਹਿਫਿਲ÷ ਰਿਲੀਜ਼ ਕੀਤਾ ਗਿਆ, ਜਿਸ ਤੋਂ ਬਾਅਦ ਕਾਵਿ ਤ੍ਰਿੰਝਣ ਪੰਜਾਬੀ ਕਾਵਿ ਸੰਗ੍ਰਹਿ ਰਿਲੀਜ਼ ਕੀਤਾ ਗਿਆ, ਜਿਸ ਵਿੱਚ 49 ਕਵੀ ਸ਼ਾਮਲ ਸਨ। ਇਸ ਤੋਂ ਬਾਅਦ, ਸਾਗਰ ਸੂਦ ਨੇ ਆਪਣੇ ਗੁਰੂ ਰਾਜੇਂਦਰ ਵਿਅਥਿਤ ਦੁਆਰਾ ਲਿਖੀ ਕਿਤਾਬ ÷ਅਰਥੋਂ ਕਾ ਸਰਮਾਇਆ÷ ਰਿਲੀਜ਼ ਕੀਤੀ। ਪੁਨੀਤ ਗੋਇਲ ਦੀਆਂ ਤਿੰਨ ਕਿਤਾਬਾਂ, ÷ਦੁਆ, ਸੋਚ, ਸੋਚ ਦੇ ਦਾਇਰੇ÷ ਅਤੇ ਡਾ. ਇੰਦਰ ਪਾਲ ਸਿੰਘ ਦੀਆਂ ਦੋ ਕਿਤਾਬਾਂ, ÷ਚਿੱਠੀਆਂ ਸੁਨੇਹੇ÷ ਅਤੇ ÷ਇੰਦਰ ਧਨੁਸ਼÷ ਕ੍ਰਮਵਾਰ ਜਾਰੀ ਕੀਤੀਆਂ ਗਈਆਂ। ਲੇਖਕ ਅੰਮ੍ਰਿਤ ਪਾਲ ਕੌਰ ਦੀ ਪੁਸਤਕ 'ਮੈਂ ਤੇ ਕਵਿਤਾਵਾਂ', ਡਾ: ਅਨੀਸ਼ਾ ਅੰਗਰਾ ਅੰਗਿਰਾ ਦਾ ਗ਼ਜ਼ਲ ਸੰਗ੍ਰਹਿ 'ਬੇਸ਼ਕਲ ਰਾਬਤਾ' ਅਤੇ ਅਮਿਤ ਵਰਮਾ ਰਹਿਬਰ ਦਾ ਗ਼ਜ਼ਲ ਸੰਗ੍ਰਹਿ 'ਵੋ ਰੰਗ ਭੀ ਕਮਾਲ ਥਾ' ਵੀ ਰਿਲੀਜ਼ ਕੀਤਾ ਗਿਆ।

ਪ੍ਰੋਗਰਾਮ ਦੇ ਅਗਲੇ ਪੜਾਅ ਵਿੱਚ ਸਾਗਰ ਸੂਦ ਨੇ ਸ੍ਰੀ ਸੁਭਾਸ਼ ਭਾਸਕਰ, ਡਾ: ਅਨੀਸ਼ ਗਰਗ, ਨਿਰੰਜਨ ਬੋਹਾ, ਬਜਿੰਦਰ ਠਾਕੁਰ, ਅੰਮ੍ਰਿਤ ਪਾਲ ਸਿੰਘ ਕੌਫੀ ਅਤੇ ਕੁਲਵਿੰਦਰ ਕੁਮਾਰ ਨੂੰ ÷ਰਾਜੇਂਦਰ ਵਿਅਥਿਤ ਸਾਹਿਤ ਗੌਰਵ ਸਨਮਾਨ 2025, ਆਪਣੇ ਸਾਹਿਤਿਅਕ ਗੁਰੂ ਸ਼੍ਰੀ ਰਾਜੇਂਦਰ ਵਿਅਥਿਤ ਦੀ ਯਾਦ÷ ਤਹਿਤ ਨਕਦ ਰਾਸ਼ੀ, ਮਾਲਾ, ਸਰਟੀਫਿਕੇਟ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ। ਇਸ ਤੋਂ ਇਲਾਵਾ, ਕੁਮਾਰ ਵਿਸ਼ੇਸ਼ ਨੇ ਆਪਣੇ ਪਿਤਾ ਦੀ ਯਾਦ ਵਿੱਚ ਡਾ. ਵਿਨੋਦ ਸ਼ਰਮਾ ਨੂੰ ਹਰਸ਼ ਕੁਮਾਰ ਹਰਸ਼ ਸਾਹਿਤ ਗੌਰਵ ਸਨਮਾਨ 2025, ਡਾ. ਸੀਮਾ ਭਾਟੀਆ ਨੇ ਹਰਜਿੰਦਰ ਸਿੰਘ ਨਿਆਣਾ ਨੂੰ ਮਾਤਾ ਚੰਪਾ ਭਾਟੀਆ ਸਾਹਿਤ ਗੌਰਵ ਸਨਮਾਨ 2025, ਕੁਲਜੀਤ ਕੌਰ ਨੇ ਡਾ. ਇੰਦਰਪਾਲ ਸਿੰਘ ਨੂੰ ਦਿਲੀਪ ਸਿੰਘ ਸਾਹਿਤ ਗੌਰਵ ਸਨਮਾਨ 2025, ਡਾ. ਮੀਨੂ ਸੁਖਮਨ ਨੇ ਮਨਪ੍ਰੀਤ ਕੌਰ ਸਿੱਧੂ ਨੂੰ ਅਰਪਿਤਾ ਸਿੰਘ ਸਾਹਿਤ ਗੌਰਵ ਸਨਮਾਨ 2025 ਅਤੇ ਪੁਨੀਤ ਗੋਇਲ ਨੇ ਅਮਰਜੀਤ ਕੌਰ ਸਿੱਧੂ ਪ੍ਰੀਤ ਨੂੰ ਮਾਸਟਰ ਸੁਨੀਸ਼ ਸਾਹਿਤ ਗੌਰਵ ਸਨਮਾਨ 2025 ਪ੍ਰਦਾਨ ਕੀਤਾ। ਫਿਰ ਸਤਿਕਾਰਯੋਗ ਸਾਹਿਤਕਾਰਾਂ ਦੁਆਰਾ ਭਾਸ਼ਣਾਂ ਅਤੇ ਕਵਿਤਾ ਪਾਠਾਂ ਦੀ ਇੱਕ ਲੜੀ ਸ਼ੁਰੂ ਹੋਈ, ਜਿਨ੍ਹਾਂ ਵਿੱਚੋਂ ਹਰੇਕ ਨੇ ਸਾਗਰ ਸੂਦ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰੋਗਰਾਮ ਲਈ ਵਧਾਈ ਦਿੱਤੀ। ਸਟੇਜ ਨੇ ਸਾਰੇ ਮਹਿਮਾਨਾਂ ਦਾ ਦਿਲੋਂ ਧੰਨਵਾਦ ਕੀਤਾ। ਸਟੇਜ 'ਤੇ ਮੌਜੂਦ ਪਵਨ ਗੋਇਲ ਨੇ ਸਾਗਰ ਸੂਦ ਅਤੇ ਉਨ੍ਹਾਂ ਦੇ ਪਰਿਵਾਰ ਦੇ ਅਣਥੱਕ ਯਤਨਾਂ ਦੀ ਪ੍ਰਸ਼ੰਸਾ ਕੀਤੀ, ਜਦੋਂ ਕਿ ਨੀਰਜ ਭਾਰਦਵਾਜ ਨੇ ਸਾਹਿਤ ਕਲਸ਼ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਣ ਦੀ ਕਾਮਨਾ ਕੀਤੀ। ਤ੍ਰਿਲੋਕ ਸਿੰਘ ਢਿੱਲੋਂ ਅਤੇ ਗੀਤਾ ਰਾਣੀ ਨੇ ਸਾਗਰ ਸੂਦ ਨੂੰ ਸਾਹਿਤ ਦੇ ਖੇਤਰ ਲਈ ਸਮਰਪਿਤ ਵਿਅਕਤੀ ਵਜੋਂ ਪ੍ਰਸ਼ੰਸਾ ਕੀਤੀ। ਸਾਹਿਤ ਕਲਸ਼ ਪਰਿਵਾਰ ਦੇ ਮੈਂਬਰਾਂ ਦਾ ਜਨਮਦਿਨ ਕੇਕ ਕੱਟ ਕੇ ਮਨਾਇਆ ਗਿਆ।

ਸਾਹਿਤ ਕਲਸ਼ ਪਰਿਵਾਰ ਦੇ ਮੈਂਬਰਾਂ ਪਰਵੀਨ ਵਰਮਾ, ਦੀਪਕ ਸੂਦ, ਵਰਿੰਦਰ ਕੌਰ, ਬਲਜਿੰਦਰ ਸਰੋਏ ਅਤੇ ਅਨਿਲ ਸ਼ਰਮਾ ਦੇ ਅਣਥੱਕ ਯਤਨਾਂ ਨੇ ਇਸ ਸਮਾਗਮ ਨੂੰ ਸ਼ਾਨਦਾਰ, ਜੀਵੰਤ, ਸਫਲ ਅਤੇ ਯਾਦਗਾਰੀ ਬਣਾਇਆ।

ਇਸ ਤੋਂ ਬਾਅਦ, ਸਾਹਿਤ ਕਲਸ਼ ਪਰਿਵਾਰ ਦੇ ਉਨ੍ਹਾਂ ਮੈਂਬਰਾਂ ਨੂੰ ਸ਼ਰਧਾਂਜਲੀ ਦੇਣ ਲਈ ਮੋਮਬੱਤੀਆਂ ਜਗਾਈਆਂ ਗਈਆਂ ਜੋ ਪ੍ਰਭੂ ਚਰਨਾਂ ਵਿਚ ਜਾ ਵਿਰਾਜੇ।

ਸਮਾਗਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ। ਦੁਪਹਿਰ ਦੇ ਖਾਣੇ ਤੋਂ ਬਾਅਦ ਸਭ ਨੇ ਇਸ ਸਮਾਗਮ ਦੀ ਮਿੱਠੀ ਖੁਸ਼ਬੂ ਅਤੇ ਬਹੁਤ ਸਾਰੀਆਂ ਯਾਦਾਂ ਨਾਲ ਵਿਦਾਇਗੀ ਲਈ।

# ਡੀ ਆਈ ਜੀ ਪਟਿਆਲਾ ਰੇਂਜ ਵੱਲੋਂ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੂੰ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਲਈ ਕੀਤਾ ਸਨਮਾਨਿਤ



**ਪਟਿਆਲਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਕਲੱਬ ਦੀਪ ਨਗਰ ਜੋ ਕਿ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਪੰਜਾਬ ਪੁਲਿਸ ਦੇ ਸਹਿਯੋਗ ਨਾਲ ਕਰ ਰਹੀਆਂ ਹਨ ਦੇ ਸਰਪ੍ਰਸਤ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਕਮੇਟੀ, ਮੈਂਬਰ ਜ਼ਿਲ੍ਹਾ ਯੂਵਾ ਸਾਂਝ ਕੇਂਦਰ ਕਮੇਟੀ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਵੱਲੋਂ ਕੀਤੇ ਜਾ ਰਹੇ ਪਿਛਲੇ 20 ਸਾਲਾਂ ਤੋਂ ਨਸ਼ਿਆਂ ਵਿਰੁੱਧ ਕੰਮਾਂ ਅਤੇ ਹੋਰ ਸਮਾਜ ਸੇਵੀ ਕਾਰਜਾਂ ਨੂੰ ਵੇਖਦਿਆਂ ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਜੀ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਐਸ ਪੀ ਹੈਡਕੁਆਰਟਰ ਵੈਭਵ ਚੋਧਰੀ (ਆਈ ਪੀ ਐਸ), ਐਸ ਪੀ ਸਿਟੀ ਪਲਵਿੰਦਰ ਚੀਮਾ, ਡੀ ਐੱਸ ਪੀ ਦਿਹਾਤੀ ਹਰਸਿਮਰਨ ਸਿੰਘ, ਡੀ ਐੱਸ ਪੀ ਸਮਾਣਾ ਫਤਿਹ ਸਿੰਘ ਬਰਾੜ, ਡੀ ਐਸ ਪੀ ਸਿਟੀ 2 ਜੰਗਜੀਤ ਸਿੰਘ ਰੰਧਾਵਾ, ਡੀ ਐੱਸ ਪੀ ਨਾਭਾ ਮਨਦੀਪ ਕੌਰ ਚੀਮਾ, ਇੰਸਪੈਕਟਰ ਸੁਖਵਿੰਦਰ ਸਿੰਘ ਐਸ ਐਚ ਓ ਥਾਣਾ ਤ੍ਰਿਪੜੀ, ਐਸ ਆਈ ਗੁਰਮੀਤ ਸਿੰਘ ਐਸ ਐਚ ਓ ਥਾਣਾ ਸਿਵਲ ਲਾਈਨ, ਐਸ ਆਈ ਸੁਖਦੇਵ ਸਿੰਘ ਐਸ ਐਚ ਓ ਥਾਣਾ ਬਖਸ਼ੀਵਾਲਾ, ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਐਸ ਆਈ ਪਵਿੱਤਰ ਸਿੰਘ ਐਸ ਐਚ ਓ ਥਾਣਾ ਘੱਗਾ, ਐਸ ਆਈ ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1, ਐਸ ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2 ਵੀ ਹਾਜ਼ਰ ਸਨ। ਇਸ ਮੌਕੇ ਸੰਬੋਧਨ ਕਰਦਿਆਂ ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਜੀ ਨੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੂੰ ਸਨਮਾਨਿਤ ਕਰਦਿਆਂ ਕਿਹਾ ਕਿ ਇਹਨਾਂ ਦੀ ਟੀਮ ਵਲੋਂ ਪਟਿਆਲਾ ਪੁਲਿਸ ਦੇ ਸਹਿਯੋਗ ਨਾਲ ਬਗੈਰ ਕਿਸੇ ਸੁਆਰਥ ਦੇ ਪਿੰਡਾਂ , ਸ਼ਹਿਰਾਂ, ਕਸਬਿਆਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆ ਵਿੱਚ ਜਾਂ ਕੇ ਪਬਲਿਕ ਅਤੇ ਖ਼ਾਸ ਕਰਕੇ ਨੋਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਕੀਤੇ ਜਾ ਰਹੇ ਸਮਾਜ ਸੇਵੀ ਕਾਰਜ ਬਹੁਤ ਹੀ ਪ੍ਰਸੰਸਾਯੋਗ ਹਨ । ਉਨ੍ਹਾਂ ਕਿਹਾ ਕਿ ਉਹੋ ਇਹਨਾਂ ਦੀ ਸਮਾਜ ਸੇਵੀ ਕਾਰਜਾਂ ਲਈ ਹਰ ਸੰਭਵ ਮਦਦ ਲਈ ਹਮੇਸ਼ਾ ਤਿਆਰ ਹਨ। ਉਹਨਾਂ ਕਿਹਾ ਕਿ ਨਸ਼ਿਆਂ ਵਿਰੁੱਧ ਛੇੜੀ ਜਾਗਰੂਕਤਾ ਮੁਹਿੰਮ ਵਿੱਚ ਹੋਰ ਨੌਜਵਾਨਾਂ ਨੂੰ ਵੱਧ ਚੜ੍ਹ ਕੇ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ।

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਪੰਜਾਬ ਪੁਲਿਸ ਨਸ਼ਿਆਂ ਦੇ ਖਾਤਮੇ ਲਈ ਵਚਨਬੱਧ ਹੈ ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਬਗੈਰ ਕਿਸੇ ਡਰ ਭੈ ਤੋਂ ਦਿੱਤੀ ਜਾਵੇ ਕਿਉਂਕਿ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਵਾਲੇ ਵਿਅਕਤੀਆਂ ਦੀ ਪਛਾਂਣ ਪੁਲਿਸ ਗੁਪਤ ਰੱਖੀ ਜਾਂਦੀ। ਉਹਨਾਂ ਪਬਲਿਕ ਨੂੰ ਅਪੀਲ ਕੀਤੀ ਕਿ ਉਹੋ ਨਸ਼ਿਆਂ ਦੇ ਖਾਤਮੇ ਲਈ ਪੁਲਿਸ ਨੂੰ ਸਹਿਯੋਗ ਦੇਣ ਅੱਗੇ ਆਏ ਤਾਂ ਹੀ ਅਸੀਂ ਪੰਜਾਬ ਵਿਚੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰ ਸਕਾਂਗੇ।ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੇ ਕਿਹਾ ਕਿ ਉਹਨਾਂ ਦੀ ਟੀਮ ਵਲੋਂ ਹੁਣ ਤੱਕ ਪੰਜਾਬ ਸਰਕਾਰ, ਪੰਜਾਬ ਪੁਲਿਸ, ਸਿਵਲ ਪ੍ਰਸ਼ਾਸਨ, ਗ੍ਰਾਮ ਪੰਚਾਇਤ, ਯੂਥ ਕਲੱਬਾ ਦੇ ਸਹਿਯੋਗ ਨਾਲ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਪਿੰਡਾਂ ਕਸਬਿਆਂ ਸਕੂਲਾਂ ਕਾਲਜਾਂ ਯੂਨੀਵਰਸਿਟੀਆ ਵਿੱਚ ਤਕਰੀਬਨ 3000 ਹਜ਼ਾਰ ਤੋਂ ਉੱਪਰ ਨੋਜਵਾਨਾ ਨੂੰ ਨੁੱਕੜ ਨਾਟਕ, ਨਾਟਕ, ਸੈਮੀਨਾਰ, ਰੈਲੀਆਂ ਰਾਹੀਂ ਨੋਜਵਾਨਾ ਨੂੰ ਜਾਗਰੂਕ ਕੀਤਾ ਗਿਆ ਹੈ ਅਤੇ ਇਹ ਮੁਹਿੰਮ ਹੁਣ ਵੀ ਲਗਾਤਾਰ ਜਾਰੀ ਹੈ।ਇਹ ਸਾਰੇ ਸਮਾਜ ਸੇਵੀ ਕਾਰਜ ਉਹਨਾਂ ਦੀ ਟੀਮ ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ , ਹਰਮਨਜੀਤ ਸਿੰਘ ਰੰਧਾਵਾ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਦੀ ਮਿਹਨਤ ਸਦਕਾਂ ਸੰਭਵ ਹੋ ਰਹੇ ਹਨ। ਉਨ੍ਹਾਂ ਦੀ ਟੀਮ ਅੱਗੇ ਤੋਂ ਵੀ ਸਮਾਜ ਸੇਵੀ ਕਾਰਜਾਂ ਨੂੰ ਕਰਦੀ ਰਹੇਗੀ।

# ਰਾਸ਼ਟਰੀ ਗੋਧਨ ਮਹਾ ਸੰਘ ਵੱਲੋਂ ਗਊਆਂ ਨੂੰ ਸਮਰਪਿਤ ਸ਼ਿਖਰ ਸੰਮੇਲਨ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮਨਾ ਕੇ ਕੀਤੀ ਗਈ



**ਨਵੀਂ ਦਿੱਲੀ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਗੋਧਨ ਮਹਾਸੰਘ ਵੱਲੋਂ 5 ਨਵੰਬਰ ਤੋਂ 10 ਨਵੰਬਰ ਤੱਕ 'ਆਤਮਨਿਰਭਰ ਭਾਰਤ' ਬਣਾਉਣ ਲਈ 'ਮੇਜਰ ਧਿਆਨਚੰਦ ਨੈਸ਼ਨਲ ਸਟੇਡੀਅਮ', ਨਵੀਂ ਦਿੱਲੀ ਵਿੱਚ 'ਇੱਕ ਵਿਚਾਰਾਤਮਕ ਅਹਿੰਸਕ ਅੰਦੋਲਨ' ਚਲਾਇਆ ਜਾ ਰਿਹਾ ਹੈ। ਇਸ ਦਾ ਸ਼ੁਭਾਰੰਭ ਵਰਤਮਾਨ ਨਾਮਧਾਰੀ ਸਤਿਗੁਰੂ ਦਲੀਪ ਸਿੰਘ ਜੀ ਮਹਾਰਾਜ ਦੇ ਆਸ਼ੀਰਵਾਦ ਅਤੇ ਮਾਰਗਦਰਸ਼ਨ ਹੇਠ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾ ਕੇ ਕੀਤਾ ਗਿਆ। ਇਸ ਸਮਾਗਮ ਦੀ ਮੁੱਖ ਅਧਿਅਕਸ਼ਤਾ ਸ਼੍ਰੀ ਸਤਿਗੁਰੂ ਦਲੀਪ ਸਿੰਘ ਜੀ ਦੀ ਪੁੱਤਰੀ ਸੁਸ਼੍ਰੀ ਜੀਵਨ ਕੌਰ ਜੀ ਨੇ ਕੀਤੀ। ਇਸ ਮੌਕੇ ਉੱਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ, ਵਿਸ਼ਵ ਹਿੰਦੂ ਪਰਿਸ਼ਦ ਦੇ ਅੰਤਰ-ਰਾਸ਼ਟਰੀ ਅਧਿਅਕਸ਼ ਸ਼੍ਰੀ ਆਲੋਕ ਕੁਮਾਰ, ਨਵੀਂ ਦਿੱਲੀ ਤੋਂ ਲੋਕ ਸਭਾ ਸੰਸਦ ਮੈਂਬਰ ਸੁਸ਼੍ਰੀ ਬਾਂਸੁਰੀ ਸਵਰਾਜ ਜੀ, ਸਿਰਸਾ ਤੋਂ ਸਾਬਕਾ ਸੰਸਦ ਮੈਂਬਰ ਸੁਸ਼੍ਰੀ ਸੁਨੀਤਾ ਦੁੱਗਲ ਜੀ, ਸਵਾਮੀ ਸੁਧਾਂਸ਼ੂ ਜੀ ਮਹਾਰਾਜ, ਸ਼੍ਰੀ ਸਤੀਸ਼ ਤਨੇਜਾ, ਅਤੇ ਇਸ ਸ਼ਿਖਰ ਸੰਮੇਲਨ ਦੀ ਸੰਯੋਜਕ ਸਮੇਤ ਹੋਰ ਸਾਰੇ ਸਨਮਾਨਯੋਗ ਹਸਤੀਆਂ ਹਾਜ਼ਰ ਸਨ।

ਬੀਬੀ ਜੀਵਨ ਕੌਰ ਜੀ ਨੇ ਗਊ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਭਾਰਤੀ ਸਭਿਅਤਾ ਵਿੱਚ ਸ਼ੁਰੂ ਤੋਂ ਹੀ ਗਊ ਦੀ ਮਹੱਤਤਾ ਰਹੀ ਹੈ। ਗਊ ਦੇ ਉਸੇ ਮਹੱਤਵ ਨੂੰ ਪੁਨਰ ਜਾਗਰਿਤ ਕਰਨ ਲਈ ਇਸ ਸਮਾਗਮ ਦਾ ਆਯੋਜਨ ÷ਰਾਸ਼ਟਰੀ ਗੌ-ਧਨ ਸੰਘ÷ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮਨਾ ਕੇ ਕੀਤਾ ਗਿਆ ਹੈ। ਗਊ ਨੂੰ ਮਾਤਾ ਦੇ ਸਮਾਨ ਮੰਨਿਆ ਗਿਆ ਹੈ, ਇਸ ਕਰਕੇ ਇਸ ਨੂੰ ਗਊ ਮਾਤਾ ਵੀ ਕਿਹਾ ਜਾਂਦਾ ਹੈ। ਗਊ ਸਿਰਫ਼ ਹਿੰਦੂਆਂ ਲਈ ਹੀ ਮਾਤਾ ਨਹੀਂ ਹੈ ਅਤੇ ਨਾ ਹੀ ਸਿਰਫ਼ ਹਿੰਦੂਆਂ ਲਈ ਹੀ ਗਊ ਦੀ ਸੇਵਾ ਜਾਂ ਰੱਖਿਆ ਕਰਨੀ ਜ਼ਰੂਰੀ ਹੈ। ਗਊ ਸੇਵਾ ਤੇ ਗਊ ਰੱਖਿਆ ਨੂੰ ਸਾਰੇ ਭਾਰਤੀ ਧਰਮਾਂ ਵਿੱਚ ਮਹਾਨ ਕੰਮ ਮੰਨਿਆ ਗਿਆ ਹੈ। ਭਾਰਤੀ ਸਭਿਅਤਾ ਤੋਂ ਉਪਜੇ ਚਾਰ ਧਰਮ ਸਨਾਤਨ ਹਿੰਦੂ, ਸਿੱਖ, ਜੈਨ ਅਤੇ ਬੋਧ — ਵਿੱਚ ਗਊ ਦੀ ਸੇਵਾ ਨੂੰ ਮਹਾਨ ਮੰਨਿਆ ਗਿਆ ਹੈ।

ਬੀਬੀ ਜੀਵਨ ਕੌਰ ਜੀ ਨੇ ਦੱਸਿਆ ਕਿ ਸਤਿਗੁਰੂ ਨਾਨਕ ਦੇਵ ਜੀ ਦੇ ਸਿੱਖ ਪੰਥ ਨੇ ਗੌ-ਧਨ ਦੀ ਰੱਖਿਆ ਲਈ ਬਹੁਤ ਵੱਡੇ ਕਾਰਜ ਕੀਤੇ ਹਨ। ਇਥੋਂ ਤੱਕ ਕਿ ਗੌ-ਧਨ ਦੀ ਰੱਖਿਆ ਅਤੇ ਵਾਧੇ ਲਈ ਨਾਮਧਾਰੀ ਸਿੱਖਾਂ ਨੇ ਸਭ ਤੋਂ ਵੱਧ ਬਲਿਦਾਨ ਦਿੱਤੇ ਹਨ। ਅੰਮ੍ਰਿਤਸਰ, ਰਾਇਕੋਟ ਵਿੱਚ ਨਾਮਧਾਰੀ ਸਿੱਖਾਂ ਨੂੰ ਫਾਂਸੀ ਦੇ ਦਿੱਤੀ ਗਈ ਸੀ। ਮਲੇਰਕੋਟਲਾ ਵਿੱਚ ਬਿਨਾ ਮੁਕੱਦਮਾ ਚਲਾਏ 66 ਨਾਮਧਾਰੀ ਸਿੱਖਾਂ ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ ਅਤੇ ਇੱਕ ਨੂੰ ਤਲਵਾਰ ਨਾਲ ਸ਼ਹੀਦ ਕਰ ਦਿੱਤਾ ਗਿਆ ਸੀ।

ਨਾਮਧਾਰੀ ਪੰਥ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਬੀਬੀ ਜੀਵਨ ਕੌਰ ਜੀ ਨੇ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ, ਆਤਮ-ਸਨਮਾਨ, ਸਮਾਜ ਸੁਧਾਰ ਅਤੇ ਦੇਸ਼ ਦੀ ਆਜ਼ਾਦੀ ਲਈ 1857 ਈ. ਵਿੱਚ ਵੈਸਾਖੀ ਦੇ ਦਿਨ ਨਾਮਧਾਰੀ 'ਸੰਤ ਖ਼ਾਲਸਾ' ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਨੇ ਔਰਤਾਂ ਨੂੰ ਅੰਮ੍ਰਿਤ ਪਾਨ ਕਰਵਾਇਆ, ਦਹੇਜ-ਮੁਕਤ, ਅੰਤਰਜਾਤੀ ਅਤੇ ਸਮੂਹਿਕ 'ਗੁਰਮਤਿ ਆਨੰਦ ਕਾਰਜ ਮਰਯਾਦਾ' ਦੀ ਸ਼ੁਰੂਆਤ ਕੀਤੀ, ਬਾਲ ਵਿਆਹ ਰੁਕਵਾਏ। ਉਨ੍ਹਾਂ ਨੇ ਗਾਂਧੀ ਜੀ ਤੋਂ 50 ਸਾਲ ਪਹਿਲਾਂ ਅਸਹਿਯੋਗ ਅੰਦੋਲਨ ਅਤੇ ਸਵਦੇਸ਼ੀਤਾ ਦੀ ਲਹਿਰ ਸ਼ੁਰੂ ਕੀਤੀ। ਅੰਗਰੇਜ਼ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਤੋਂ ਬਾਹਰ ਪ੍ਰਚਾਰ ਕਰਨ 'ਤੇ ਪਾਬੰਦੀ ਲਾ ਦਿੱਤੀ ਸੀ, ਪਰ ਉਨ੍ਹਾਂ ਨੇ ਉਹ ਪਾਬੰਦੀ ਤੋੜ ਕੇ 1867 ਈ. ਵਿੱਚ ਅੰਮ੍ਰਿਤਸਰ ਅਤੇ ਆਨੰਦਪੁਰ ਵਿੱਚ ਜਨ ਜਾਗਰਣ ਲਈ ਸਭਾਵਾਂ ਕੀਤੀਆਂ। ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਨੇ ਨੇਪਾਲ ਅਤੇ ਰੂਸ ਨਾਲ ਸੰਪਰਕ ਸਥਾਪਿਤ ਕੀਤਾ, ਕਸ਼ਮੀਰ ਰਾਜ ਵਿੱਚ 'ਕੂਕਾ ਪਲਟਨ' ਦੀ ਸਥਾਪਨਾ ਕੀਤੀ। ਅੰਗਰੇਜ਼ਾਂ ਵਿਰੁੱਧ ਬਗਾਵਤ ਕਰਨ ਦੇ ਦੋਸ਼ 'ਚ ਸਤਿਗੁਰੂ ਜੀ ਨੂੰ ਜਲਾਵਤਨ ਕਰਕੇ ਰੰਗੂਨ ਭੇਜ ਦਿੱਤਾ ਗਿਆ। ਨਾਮਧਾਰੀ ਸਿੱਖਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ, ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰਕੇ ਨੀਲਾਮ ਕਰ ਦਿੱਤੀਆਂ ਗਈਆਂ। ਬਹੁਤ ਸਾਰੇ ਨਾਮਧਾਰੀ ਸਿੱਖਾਂ ਨੂੰ ਪੱਥਰ ਬੰਨ੍ਹ ਕੇ ਸਮੁੰਦਰ ਵਿੱਚ ਡੁਬੋ ਕੇ ਮਾਰ ਦਿੱਤਾ ਗਿਆ। ਰਾਸ਼ਟਰੀ ਗੋਧਨ ਮਹਾਸੰਘ ਵੱਲੋਂ ਕੀਤੇ ਜਾ ਰਹੇ ਇਸ ਪ੍ਰੋਗਰਾਮ ਵਿੱਚ ਨਾਮਧਾਰੀ ਸਿੱਖਾਂ ਵੱਲੋਂ ਵਿਸ਼ਵ ਸ਼ਾਂਤੀ ਅਤੇ ਗੌ-ਰੱਖਿਆ ਲਈ ਹਵਨ ਯੱਗ ਵੀ ਕੀਤੇ ਗਏ।

# ਦੇਰੀ ਨਾਲ ਪੁੱਜੇ ਵਿਦਿਆਰਥੀ ਵੱਲੋਂ ਪ੍ਰੀਖਿਆ ਹਾਲ 'ਚ ਸਹਾਇਕ ਪ੍ਰੋਫੈਸਰ 'ਤੇ ਲੋਹੇ ਦੇ ਬੈਂਚ ਨਾਲ ਹਮਲਾ

**ਪਟਿਆਲਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਯੂਨੀਵਰਸਿਟੀ ਕੈਂਪਸ ਵਿੱਚ ਕੰਪਿਊਟਰ ਸਾਇੰਸ ਅਤੇ ਤਕਨਾਲੋਜੀ ਦੇ ਤੀਜੇ ਸਾਲ ਦੇ ਵਿਦਿਆਰਥੀ ਨੇ ਕਥਿਤ ਤੌਰ 'ਤੇ ਇੱਕ ਸਹਾਇਕ ਪ੍ਰੋਫੈਸਰ 'ਤੇ ਲੋਹੇ ਦੇ ਬੈਂਚ ਨਾਲ ਹਮਲਾ ਕਰ ਦਿੱਤਾ। ਸਹਾਇਕ ਪ੍ਰੋਫੈਸਰ ਨੇ ਮਿਡ-ਟਰਮ ਪ੍ਰੀਖਿਆ ਵਿੱਚ ਦੇਰੀ ਨਾਲ ਪਹੁੰਚਣ 'ਤੇ ਵਿਦਿਆਰਥੀ ਨੂੰ ਪ੍ਰੀਖਿਆ ਸੈਂਟਰ ਵਿਚ ਦਾਖਲਾ ਦੇਣ ਤੋਂ ਇਨਕਾਰ ਕੀਤਾ ਸੀ।

ਇਹ ਘਟਨਾ ਮੰਗਲਵਾਰ ਸਵੇਰੇ ਉਦੋਂ ਵਾਪਰੀ ਜਦੋਂ ਵਿਦਿਆਰਥੀ ਇੱਕ ਘੰਟੇ ਦੀ ਲੰਬੀ ਪ੍ਰੀਖਿਆ ਲਈ ਕਰੀਬ 30 ਮਿੰਟ ਦੇਰੀ ਨਾਲ ਪ੍ਰੀਖਿਆ ਹਾਲ ਵਿਚ ਪਹੁੰਚਿਆ। ਪ੍ਰੀਖਿਆ ਦੀ ਨਿਗਰਾਨੀ ਕਰ ਰਹੇ ਡਾ. ਲਾਲ ਚੰਦ ਨੇ ਦੇਰੀ ਦਾ ਹਵਾਲਾ ਦਿੰਦੇ ਹੋਏ ਵਿਦਿਆਰਥੀ ਨੂੰ ਬੈਠਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ।

ਚਸ਼ਮਦੀਦਾਂ ਅਨੁਸਾਰ ਵਿਦਿਆਰਥੀ ਪਹਿਲਾਂ ਤਾਂ ਕਮਰੇ ਤੋਂ ਬਾਹਰ ਚਲਾ ਗਿਆ ਪਰ ਕੁਝ ਦੇਰ ਬਾਅਦ ਲੋਹੇ ਦਾ ਬੈਂਚ ਲੈ ਕੇ ਵਾਪਸ ਆਇਆ। ਡਾ. ਚੰਦ ਕੁਝ ਕਹਿੰਦੇ ਜਾਂ ਕਰਦੇ ਵਿਦਿਆਰਥੀ ਨੇ ਕਥਿਤ ਤੌਰ 'ਤੇ ਉਸ ਬੈਂਚ ਨਾਲ ਸਹਾਇਰ ਪ੍ਰੋਫੈਸਰ ਦੇ ਸਿਰ 'ਤੇ ਵਾਰ ਕੀਤਾ ਅਤੇ ਮੌਕੇ ਤੋਂ ਭੱਜ ਗਿਆ। ਡਾ. ਚੰਦ ਨੂੰ ਯੂਨੀਵਰਸਿਟੀ ਹਸਪਤਾਲ ਲਿਜਾਇਆ ਗਿਆ ਅਤੇ ਬਾਅਦ ਵਿੱਚ ਰਾਜਿੰਦਰਾ ਹਸਪਤਾਲ, ਪਟਿਆਲਾ ਰੈਫਰ ਕਰ ਦਿੱਤਾ ਗਿਆ। ਰਾਜਿੰਦਰਾ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਵਿਸ਼ਾਲ ਚੋਪੜਾ ਨੇ ਕਿਹਾ, "ਮਰੀਜ਼ ਦਾ ਸੀਟੀ ਸਕੈਨ ਕੀਤਾ ਗਿਆ। ਹੁਣ ਤੱਕ ਕੋਈ ਟਾਂਕੇ ਨਹੀਂ ਲਗਾਏ ਗਏ।"

ਵਿਭਾਗ ਦੇ ਮੁਖੀ ਡਾ. ਜਸਵਿੰਦਰ ਸਿੰਘ ਨੇ ਇਸ ਘਟਨਾ 'ਤੇ ਡੂੰਘਾ ਦੁੱਖ ਜਤਾਉਂਦਿਆਂ ਕਿਹਾ ਕਿ ਯੂਨੀਵਰਸਿਟੀ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਯੂਨੀਵਰਸਿਟੀ ਦੇ ਇੱਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ ਕਿ ਫੈਕਲਟੀ ਮੈਂਬਰ ਦਾ ਇਲਾਜ ਕੀਤਾ ਜਾ ਰਿਹਾ ਹੈ ਅਤੇ ਵਿਦਿਆਰਥੀ ਵਿਰੁੱਧ 'ਢੁਕਵੀਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ'।

# ਧਾਰਮਿਕ ਆਜ਼ਾਦੀ ਅਤੇ ਮਨੁੱਖੀ ਹੱਕਾਂ ਦੀ ਖਾਤਰ ਗੁਰੂ ਸਾਹਿਬ ਜੀ ਦਾ ਬਲਿਦਾਨ ਸਦਾ ਪ੍ਰੇਰਿਤ ਕਰਦਾ ਰਹੇਗਾ



**ਚੰਡੀਗੜ੍ਹ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੇ ਹਿੱਸੇ ਵਜੋਂ ਮੰਗਲਵਾਰ ਨੂੰ ਜਲੰਧਰ, ਫਤਹਿਗੜ੍ਹ ਸਾਹਿਬ, ਪਠਾਨਕੋਟ ਅਤੇ ਪਟਿਆਲਾ ਵਿਖੇ ਲਾਈਟ ਐਂਡ ਸਾਊਂਡ ਸ਼ੋਅ ਕਰਵਾਏ ਗਏ। ਇਨ੍ਹਾਂ ਸਮਾਗਮਾਂ ਵਿੱਚ ਸੂਬੇ ਦੇ ਕੈਬਨਿਟ ਮੰਤਰੀਆਂ, ਵਿਧਾਇਕਾਂ ਅਤੇ ਆਗੂਆਂ ਨੇ ਵੱਡੀ ਗਿਣਤੀ ਸੰਗਤ ਸਮੇਤ ਹਾਜ਼ਰੀ ਭਰੀ।

ਇੱਕ ਬੁਲਾਰੇ ਨੇ ਦੱਸਿਆ ਕਿ ਫਤਹਿਗੜ੍ਹ ਸਾਹਿਬ ਦੇ ਖੇਡ ਸਟੇਡੀਅਮ ਮਾਧੋਪੁਰ ਵਿਖੇ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਹਾਜ਼ਰੀ ਭਰੀ। ਇਸ ਤੋਂ ਇਲਾਵਾ ਜਲੰਧਰ ਦੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ ਅਤੇ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਅਤੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਸੰਗਤ ਨਾਲ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਕੁਰਬਾਨੀ ਅਤੇ ਮਹਾਨ ਫਲਸਫੇ 'ਤੇ ਚਾਨਣਾ ਪਾਉਂਦੇ ਲਾਈਟ ਐਂਡ ਸਾਊਂਡ ਸ਼ੋਅ ਨੂੰ ਵੇਖਿਆ।

ਓਧਰ ਪਠਾਨਕੋਟ ਦੇ ਲਮੀਨੀ ਸਟੇਡੀਅਮ ਵਿਖੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲਚੰਦ ਕਟਾਰੂਚੱਕ ਅਤੇ ਪਟਿਆਲਾ ਦੇ ਪੋਲੋ ਗਰਾਊਂਡ ਵਿਖੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਲਾਈਟ ਐਂਡ ਸਾਊਂਡ ਸ਼ੋਅ ਵਿੱਚ ਸ਼ਮੂਲੀਆ ਕੀਤੀ। ਸਾਰੀਆਂ ਥਾਵਾਂ ਉੱਤੇ ਸੰਗਤ ਨੇ ਇਸ ਉਪਰਾਲੇ ਦੀ ਭਰਵੀਂ ਸ਼ਲਾਂਘਾ ਕੀਤੀ ਅਤੇ ਪੂਰੇ ਆਦਰ, ਸ਼ਰਧਾ ਤੇ ਸਤਿਕਾਰ ਨਾਲ ਸ਼ੋਅ ਵੇਖੇ।

ਲਾਈਟ ਐਂਡ ਸਾਊਂਡ ਸ਼ੋਅਜ਼ ਵਿੱਚ ਆਧੁਨਿਕ ਲੇਜ਼ਰ ਲਾਈਟਾਂ ਅਤੇ 3ਡੀ ਪ੍ਰੋਜੈਕਸ਼ਨ ਰਾਹੀਂ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਕਾਲ, ਫਲਸਫੇ, ਸਿੱਖਿਆਵਾਂ ਅਤੇ ਧਰਮ ਦੀ ਰੱਖਿਆ ਲਈ ਉਨ੍ਹਾਂ ਵੱਲੋਂ ਦਿੱਤੀ ਗਈ ਲਾਸਾਨੀ ਸ਼ਹਾਦਤ ਨੂੰ ਦਰਸਾਇਆ ਗਿਆ। ਪੰਜਾਬ ਸਰਕਾਰ ਵੱਲੋਂ ਇਹ ਲਾਈਟ ਐਂਡ ਸਾਊਂਡ ਸ਼ੋਅ ਸਾਰੇ 23 ਜ਼ਿਲ੍ਹਿਆਂ ਵਿੱਚ ਕਰਵਾਏ ਜਾ ਰਹੇ ਹਨ ਜੋ ਕਿ 20 ਨਵੰਬਰ ਤੱਕ ਜਾਰੀ ਰਹਿਣਗੇ।

# ਖਾਲਸਾ ਸੀ.ਸੈਕੰਡਰੀ ਸਕੂਲ ਖਰੜ ਦੇ ਖੇਡ ਮੈਦਾਨ ਲਈ ਸਾਬਕਾ ਮੁੱਖ ਮੰਤਰੀ ਚੰਨੀ ਵਲੋਂ 10 ਲੱਖ ਰੁਪਏ ਦੇਣ ਦਾ ਐਲਾਨ



**ਖਰੜ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਲੋਕ ਸਭਾ ਜਲੰਧਰ ਤੋਂ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਅੱਜ ਦਾ ਬਹੁਤ ਹੀ ਪਵਿੱਤਰ ਦਿਨ ਹੈ ਕਿਉਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਹੈ ਬਚਪਨ ਤੋਂ ਅਸੀ ਸਕੂਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਿਹਾੜਾ ਮਨਾਉਦੇ ਆ ਰਹੇ ਹਨ। ਉਹ ਅੱਜ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਖੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ ਪੁਰਬ ਮੌਕੇ ਸਮਾਗਮ ਵਿਚ ਸ਼ਿਰਕਤ ਕਰਨ ਸਮੇਂ ਸੰਬੋਧਨ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸ.ਬਲਦੇਵ ਸਿੰਘ ਦੁੱਮਣਾ ਅਤੇ ਸ.ਰਵੀਇੰਦਰ ਸਿੰਘ ਦੁੱਮਣਾ ਦੀ ਖਾਲਸਾ ਸਕੂਲਾਂ ਖਰੜ, ਕੁਰਾਲੀ, ਸੋਹਾਣਾ, ਰੋਪੜ, ਸ੍ਰੀ ਚਮਕੌਰ ਸਾਹਿਬ, ਮੋਰਿੰਡਾ ਆਦਿ ਸ਼ਹਿਰਾਂ ਵਿਚ ਸਿੱਖਿਆ ਲਈ ਬਹੁਤ ਵੱਡੀ ਦੇਣ ਹੈ। ਇਨ੍ਹਾਂ ਸਕੂਲਾਂ ਵਿਚ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਕੇ ਇੰਜੀਨੀਅਰ, ਡਾਕਟਰ, ਅਫਸਰ ਬਣ ਗਏ। ਜਦ ਉਹ ਸਕੂਲ ਵਿਚ ਪੜ੍ਹਦੇ ਸੀ ਤਾਂ ਹਰ ਸਾਲ ਇਹ ਸਮਾਗਮ ਹੁੰਦਾ ਸੀ ਉਦੋ ਉਹ ਇਨ੍ਹਾਂ ਸਮਾਗਮਾਂ ਵਿਚ ਪੰਡਾਲ ਦਾ ਇੰਚਾਰਜ਼ ਵਜੋਂ ਸੇਵਾ ਕੀਤੀ ਹੈ। ਉਸ ਸਮੇਂ ਮੈਨੂੰ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਬਾਰੇ ਕਿਤਾਬ ਦਿੱਤੀ ਗਈ ਜਿਸਨੂੰ ਉਨ੍ਹਾਂ ਨੇ ਪੜਿਆ। ਜੋ ਇੱਥੇ ਸੇਵਾ ਕਰਦੇ ਹਨ ਉਹ ਨਸ਼ਿਆਂ ਤੋਂ ਬਚਕੇ ਰਹਿੰਦੇ ਹਨ। ਉਹ ਹੁਣ ਜਦੋਂ ਵੀ ਸਕੂਲ ਦੇ ਅੱਗਿਓ ਲੰਘਦੇ ਹਨ ਤਾਂ ਆਪਣਾ ਸੀਸ ਝੁਕਾਉਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਮੁੱਖ ਮੰਤਰੀ ਦੇ ਕਾਰਜਕਾਲ ਦੌਰਾਨ ਸਕੂਲ ਨੂੰ 10 ਲੱਖ ਰੁਪਏ ਦਿੱਤੇ ਅਤੇ ਹੁਣ ਉਹ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਰੜ ਦੇ ਮੈਦਾਨ ਦੇ ਰੱਖ ਰਖਾਓ ਅਤੇ ਸੁੰਦਰਤਾ ਲਈ 10 ਲੱਖ ਰੁਪਏ ਦਾ ਐਲਾਨ ਕੀਤਾ। ਸਕੂਲ ਦੇ ਪ੍ਰਿੰਸੀਪਲ ਜਸਬੀਰ ਸਿੰਘ ਧਨੋਆ ਅਤੇ ਪ੍ਰਬੰਧਕ ਕਮੇਟੀ ਵਲੋ ਉਨ੍ਹਾਂ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਦੀ ਅੰਬਾਲਾ ਬੋਰਡ ਆਫ ਐਜੂਕੇਸ਼ਨ ਦੇ ਜਨਰਲ ਮੈਨੇਜ਼ਰ ਹਰਬੰਸ ਸਿੰਘ ਕੰਧੋਲਾ, ਸਾਬਕਾ ਐਸ.ਜੀ.ਪੀ.ਸੀ.ਮੈਂਬਰ ਭਜ਼ਨ ਸ਼ੇਰਗਿੱਲ, ਹਾਕਮ ਸਿੰਘ, ਦਲਜੀਤ ਸਿੰਘ, ਕਰਨਲ ਭਜ਼ਨ ਸਿੰਘ ਸਮੇਤ ਹੋਰ ਆਗੂ ਹਾਜ਼ਰ ਸਨ।

# ਮਾਛੀਵਾੜਾ ਗੋਲੀਕਾਂਡ ਦੇ ਦੋਸ਼ੀ ਚੜ੍ਹੇ ਪੁਲਿਸ ਅੜਿੱਕੇ, ਟਾਰਗੇਟ ਨਹੀਂ ਸੀ ਹੇਅਰ ਡਰੈਸਰ ਰੌਸ਼ਨ



**ਮਾਛੀਵਾੜਾ ਸਾਹਿਬ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ 30 ਅਕਤੂਬਰ ਨੂੰ ਮਾਛੀਵਾੜਾ ਸਾਹਿਬ ਪੁਰਾਣੀ ਗਊਸ਼ਾਲਾ ਨਜ਼ਦੀਕ ਹੇਅਰ ਡਰੈਸਰ ਰੋਸ਼ਨ ਨੂੰ ਅਣਪਛਾਤਿਆਂ ਵੱਲੋਂ ਗੋਲੀ ਮਾਰ ਦਿੱਤੀ ਗਈ ਸੀ। ਜਿਸ ਸਬੰਧੀ ਖੰਨਾ ਪੁਲਿਸ ਨੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਪ੍ਰੈਸ ਕਾਨਫਰੰਸ ਦੌਰਾਨ ਐਸ.ਐਸ.ਪੀ. ਮੈਡਮ ਜੋਤੀ ਯਾਦਵ ਨੇ ਦੱਸਿਆ ਕਿ ਡੀ.ਜੀ.ਪੀ. ਪੰਜਾਬ ਗੌਰਵ ਯਾਦਵ, ਡੀ.ਆਈ. ਜੀ. ਲੁਧਿਆਣਾ ਸਤਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਪੁਲਿਸ ਜ਼ਿਲ੍ਹਾ ਖੰਨਾ ਵਿੱਚ ਅਪਰਾਧ ਅਤੇ ਅਪਰਾਧੀਆਂ ਤੇ ਨਕੇਲ ਕੱਸੀ ਜਾ ਰਹੀ, ਅਤੇ ਕਿਸੇ ਵੀ ਕਿਸਮ ਦੇ ਅਪਰਾਧੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਹਨਾਂ ਦੱਸਿਆ ਕਿ ਬੀਤੇ ਦਿਨੀ ਮਾਛੀਵਾੜਾ ਸਾਹਿਬ ਪੁਰਾਣੀ ਗਊਸ਼ਾਲਾ ਨਜ਼ਦੀਕ ਵਰਨਾ ਗੱਡੀ ਵਿੱਚ ਆਏ ਦੋ ਅਣਪਛਾਤੇ ਵਿਅਕਤੀਆਂ ਵੱਲੋਂ ਹੇਅਰ ਡਰੈਸਰ ਦਾ ਕੰਮ ਕਰਨ ਵਾਲੇ ਰੋਸ਼ਨ ਨਾਮੀ ਵਿਅਕਤੀ ਤੇ ਗੋਲੀ ਚਲਾ ਦਿੱਤੀ ਗਈ ਸੀ , ਜਿਸ ਵਿੱਚ ਰੋਸ਼ਨ ਜ਼ਖ਼ਮੀ ਹੋ ਗਿਆ ਸੀ।

ਪੁਲਿਸ ਜ਼ਿਲ੍ਹਾ ਖੰਨਾ ਦੇ ਉੱਚ ਅਧਿਕਾਰੀ ਮੌਕੇ ਤੇ ਪਹੁੰਚੇ ਅਤੇ ਉਨ੍ਹਾਂ ਆਲੇ ਦੁਆਲੇ ਸੀ.ਸੀ.ਟੀ.ਵੀ. ਫੁਟੇਜ ਖੰਗਾਲਦਿਆਂ ਇਸ ਗੋਲੀ ਕਾਂਡ ਦੇ ਦੋਨਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਉਹਨਾਂ ਦੱਸਿਆ ਕਿ ਗੋਲੀਕਾਂਡ ਦੀ ਘਟਨਾ ਤੋਂ ਬਾਅਦ ਡੀ.ਐਸ.ਪੀ. ਡੀ,, ਡੀ.ਐਸ.ਪੀ. ਸਮਰਾਲਾ ,ਐਸ.ਐਚ.ਓ. ਸਮਰਾਲਾ ਤੇ ਐਸ.ਐਚ. ਓ.ਮਾਛੀਵਾੜਾ ਵੱਲੋਂ ਟੀਮਾਂ ਬਣਾ ਦੋਸ਼ੀਆਂ ਦੀ ਭਾਲ ਕਰਨ ਸ਼ੁਰੂ ਕੀਤੀ। ਸੀ.ਸੀ. ਟੀ.ਵੀ. ਅਤੇ ਮੋਬਾਇਲ ਨੈਟਵਰਕ ਰਾਹੀਂ ਉਹਨਾਂ ਕਰੀਬ 60 ਕਿਲੋਮੀਟਰ ਏਰੀਏ ਵਿੱਚ ਆਪਣੀ ਜਾਂਚ ਕਰਦਿਆਂ ਗੋਲੀਕਾਂਡ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ ਗ੍ਰਿਫਤਾਰ ਕੀਤਾ ਗਿਆ। ਦੋਸ਼ੀਆਂ ਦੀ ਪਹਿਚਾਣ ਅਰਸ਼ਦੀਪ ਸਿੰਘ ਅਤੇ ਗੁਰਦਿਆਲ ਸਿੰਘ ਜਿਲ੍ਹਾ ਗੁਰਦਾਸਪੁਰੋਂ ਹੋਈ ਹੈ ,ਜੋ ਪੁਲਿਸ ਸਟੇਸ਼ਨ ਕਲਾਨੌਰ ਦੇ ਨਜ਼ਦੀਕੀ ਪਿੰਡਾਂ ਦੇ ਵਾਸੀ ਹਨ, ਇਹਨਾਂ ਦੋਨਾਂ ਦੋਸ਼ੀਆਂ ਉੱਤੇ ਪਹਿਲਾਂ ਵੀ ਕ੍ਰਾਈਮ ਦੇ ਪਰਚੇ ਦਰਜ ਹਨ। ਦੋਸ਼ੀਆਂ ਨੇ ਮੰਨਿਆ ਕਿ ਉਹਨਾਂ ਇਹ ਘਟਨਾ ਗੁਰਦਾਸਪੁਰ ਦੇ ਗੈਂਗਸਟਰ ਗੁਰਲਾਲ ਦੇ ਕਹਿਣ ਤੇ ਕੀਤੀ ਹੈ ਜੋ ਹੁਣ ਯੂ.ਐਸ.ਏ. ਵਿੱਚ ਬੈਠਾ ਹੈ।

ਜ਼ਿਕਰਯੋਗ ਹੈ ਕਿ ਗੁਰਲਾਲ ਤੇ ਪਹਿਲਾਂ ਵੀ 15 ਪਰਚੇ ਦਰਜ ਹਨ। ਗੋਲੀ ਕਾਂਡ ਦੇ ਦੋਸ਼ੀਆਂ ਅਰਸ਼ਦੀਪ ਅਤੇ ਗੁਰਦਿਆਲ ਨੂੰ ਹਥਿਆਰ ਅੱਜੂ ਕਰਨ ਮਾਸੀ ਨਾਮੰ ਵਿਅਕਤੀ ਨੇ ਗੁਰਲਾਲ ਦੇ ਕਹਿਣ ਤੇ ਦਿੱਤੇ ਸਨ।ਉਹਨਾਂ ਅੱਗੇ ਦੱਸਿਆ ਕਿ ਰੋਸ਼ਨ ਉਹਨਾਂ ਦਾ ਟਾਰਗੇਟ ਨਹੀਂ ਸੀ , ਉਹਨਾਂ ਦਾ ਅਸਲ ਟਾਰਗੇਟ ਕੌਣ ਸੀ ਅਤੇ ਕਿਉਂ ਸੀ ?ਇਹ ਹਾਲੇ ਜਾਂਚ ਦਾ ਵਿਸ਼ਾ ਹੈ ਬਹੁਤ ਜਲਦੀ, ਇਸ ਰਹੱਸ ਤੋਂ ਵੀ ਪਰਦਾ ਉੱਠਣ ਦੀ ਸੰਭਾਵਨਾ ਹੈ।

# ਇੱਕ ਔਰਤ ਤੇ ਦੋ ਬੱਚਿਆਂ ਨੂੰ ਨਹਿਰ ਵਿੱਚ ਧੱਕਾ ਦੇ ਕੇ ਮਾਰਨ ਦੇ ਮਾਮਲੇ ਵਿੱਚ ਕੁਲਵੰਤ ਸਿੰਘ ਗ੍ਰਿਫ਼ਤਾਰ



**ਬਰਨਾਲਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਰਨਾਲਾ ਜ਼ਿਲ੍ਹੇ ਦੇ ਪਿੰਡ ਸੇਖਾ ਤੋਂ ਕੁਝ ਦਿਨ ਪਹਿਲਾਂ ਆਪਣੇ ਨੌਜਵਾਨ ਬੇਟੇ ਅਤੇ ਬੇਟੀ ਸਮੇਤ ਭੇਦਭਰੇ ਹਾਲਾਤਾਂ 'ਚ ਲਾਪਤਾ ਹੋਈ ਇੱਕ ਔਰਤ ਅਤੇ ਉਸ ਦੇ ਬੇਟੇ ਅਤੇ ਬੇਟੀ ਦੇ ਦਿਲ ਦਹਿਲਾ ਦੇਣ ਵਾਲੇ ਕਤਲ ਦੀ ਕਹਾਣੀ ਸਾਹਮਣੇ ਆਈ ਹੈ। ਆਪਣੇ ਬੇਟੇ ਤੇ ਬੇਟੀ ਸਮੇਤ ਲਾਪਤਾ ਹੋਣ ਦੀ ਸੂਚਨਾ ਤੋਂ ਬਾਅਦ ਦੌਰਾਨੇ ਪੜਤਾਲ ਪੁਲਿਸ ਨੇ ਇਸ ਮਾਮਲੇ 'ਚ ਪਿੰਡ ਦੇ ਹੀ ਕੁਲਵੰਤ ਸਿੰਘ ਨਾਮ ਦੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਜਿਸ ਨੇ ਪਿੰਡ ਸੇਖਾ ਦੀ ਕਿਰਨਜੀਤ ਕੌਰ (45 ਸਾਲ) ਉਸ ਦੀ ਬੇਟੀ ਸੁਖਚੈਨਪ੍ਰੀਤ ਕੌਰ (25 ਸਾਲ) ਅਤੇ ਬੇਟਾ ਹਰਮਨਜੀਤ ਸਿੰਘ (22 ਸਾਲ) ਦੇ ਕਤਲ ਦਾ ਦੋਸ਼ ਕਬੂਲ ਕੀਤਾ। ਇਸ ਸਬੰਧੀ ਪ੍ਰੈਸ ਕਾਨਫਰੰਸ ਦੌਰਾਨ ਬਰਨਾਲਾ ਦੇ ਐਸਐਸਪੀ ਮੁਹੰਮਦ ਸਰਫਰਾਜ ਆਲਮ ਨੇ ਦੱਸਿਆ ਕਿ ਦੋਸ਼ੀ ਕੁਲਵੰਤ ਸਿੰਘ ਦਾ ਪਿਛਲੇ ਕਈ ਵਰ੍ਹਿਆਂ ਤੋਂ ਮ੍ਰਿਤਕ ਔਰਤ ਕਿਰਨਜੀਤ ਕੌਰ ਦੇ ਘਰ ਆਉਣ ਜਾਣ ਸੀ ਅਤੇ ਦੋਵਾਂ ਦੇ ਸਬੰਧ ਬਣੇ ਹੋਏ ਸਨ। ਕਿਰਨਜੀਤ ਕੌਰ ਨੇ ਇੱਕ ਤਰੀਕੇ ਨਾਲ ਆਪਣੇ ਸਾਰੇ ਘਰ ਦੀ ਕਬੀਲਦਾਰੀ ਦੋਸ਼ੀ ਕੁਲਵੰਤ ਸਿੰਘ ਦੇ ਸਪੁਰਦ ਕੀਤੀ ਹੋਈ ਸੀ। ਇੱਥੇ ਇਹ ਵੀ ਦੱਸ ਦੇਈਏ ਕਿ ਕਿਰਨਜੀਤ ਕੌਰ ਦੇ ਪਤੀ ਸਤਪਾਲ ਸਿੰਘ ਦੀ ਕਰੀਬ 17-18 ਸਾਲ ਪਹਿਲਾਂ ਮੌਤ ਹੋ ਚੁੱਕੀ ਹੈ, ਜਿਸ ਤੋਂ ਬਾਅਦ ਕੁਲਵੰਤ ਸਿੰਘ, ਕਿਰਨਜੀਤ ਕੌਰ ਦੇ ਸੰਪਰਕ ਵਿੱਚ ਆਇਆ ਤੇ ਉਸ ਨਾਲ ਚੰਗੇ ਪਰਿਵਾਰਕ ਸੰਬੰਧ ਬਣਾ ਲਏ। ਕੁਝ ਸਮਾਂ ਪਹਿਲਾਂ ਕੁਲਵੰਤ ਸਿੰਘ ਨੇ ਕਿਰਨਜੀਤ ਕੌਰ ਦੀ ਘਰੇਲੂ ਜ਼ਮੀਨ ਦਾ ਸੌਦਾ ਕਰਵਾ ਦਿੱਤਾ ਅਤੇ ਸਾਰੇ ਪੈਸੇ ਖੁਦ ਹੜੱਪ ਕਰ ਲਏ। ਭਾਵੇਂ ਕਿ ਕਿਰਨਜੀਤ ਕੌਰ, ਕੁਲਵੰਤ ਸਿੰਘ ਨਾਲ ਪਿਛਲੇ ਕਾਫੀ ਸਮੇਂ ਤੋਂ ਰਿਲੇਸ਼ਨਸ਼ਿਪ 'ਚ ਰਹਿ ਰਹੀ ਸੀ ਅਤੇ ਕੁਲਵੰਤ ਸਿੰਘ 'ਤੇ ਅੰਨਾ ਯਕੀਨ ਵੀ ਕਰਦੀ ਸੀ ਪ੍ਰੰਤੂ ਕੁਝ ਦਿਨਾਂ ਤੋਂ ਉਹ ਕੁਲਵੰਤ ਸਿੰਘ ਤੋਂ ਆਪਣੀ ਜ਼ਮੀਨ ਦੇ ਪੈਸੇ ਮੰਗ ਰਹੀ ਸੀ ਜਿਸ ਤੋਂ ਕੁਲਵੰਤ ਸਿੰਘ ਔਖਾ ਸੀ। ਪ੍ਰੈਸ ਕਾਨਫਰੰਸ ਦੌਰਾਨ ਐਸਐਸਪੀ ਨੇ ਦੱਸਿਆ ਕਿ ਦੋਸ਼ੀ ਕੁਲਵੰਤ ਸਿੰਘ 26 ਅਕਤੂਬਰ 2025 ਦੀ ਰਾਤ ਨੂੰ ਕਿਰਨਜੀਤ ਕੌਰ ਉਸਦੀ ਬੇਟੀ ਸੁਖਚੈਨਪ੍ਰੀਤ ਕੌਰ ਅਤੇ ਬੇਟੇ ਹਰਮਨਜੀਤ ਸਿੰਘ ਨੂੰ ਮਾਤਾ ਸ੍ਰੀ ਨੈਣਾਂ ਦੇਵੀ ਦੀ ਯਾਤਰਾ ਦੇ ਬਹਾਨੇ ਆਪਣੇ ਨਾਲ ਲੈ ਗਿਆ ਅਤੇ ਵਾਪਸੀ ਆਉਂਦੇ ਸਮੇਂ ਪਟਿਆਲਾ ਨੇੜੇ ਭਾਖੜਾ ਨਹਿਰ ਵਿੱਚ ਨਾਰੀਅਲ ਅਤੇ ਨਿਆਜ਼ (ਮਿੱਠੇ ਚੌਲ) ਨਹਿਰ ਵਿੱਚ ਜਲ ਪ੍ਰਵਾਹ ਕਰਨ ਦਾ ਬਹਾਨਾ ਬਣਾ ਕੇ ਉਸਨੇ ਪਹਿਲਾਂ ਕਿਰਨਜੀਤ ਕੌਰ ਅਤੇ ਉਸਦੀ ਬੇਟੀ ਸੁਖਚੈਨਪ੍ਰੀਤ ਕੌਰ ਨੂੰ ਧੱਕਾ ਦੇ ਦਿੱਤਾ ਅਤੇ ਬਾਅਦ ਵਿੱਚ ਬੇਟੇ ਹਰਮਨਜੀਤ ਸਿੰਘ ਨੂੰ ਵੀ ਨਹਿਰ ਵਿੱਚ ਧੱਕਾ ਦੇ ਦਿੱਤਾ। ਇਸ ਘਟਨਾ ਦਾ ਇੱਕ ਦੁਖਦ ਪੱਖ ਇਹ ਵੀ ਹੈ ਕਿ ਕਿਰਨਜੀਤ ਕੌਰ ਅਤੇ ਉਸਦੀ ਬੇਟੀ ਸੁਖਚੈਨਪ੍ਰੀਤ ਕੌਰ ਦੀਆਂ ਲਾਸ਼ਾਂ ਹਰਿਆਣਾ 'ਚੋਂ ਬਰਾਮਦ ਹੋਈਆਂ ਜਿੱਥੋਂ ਦੀ ਪੁਲਿਸ ਨੇ ਕੋਈ ਬਾਲੀ ਵਾਰਿਸ ਸਾਹਮਣੇ ਨਾ ਆਉਣ ਕਰਕੇ ਉਹਨਾਂ ਦਾ ਸਸਕਾਰ ਵੀ ਕਰ ਦਿੱਤਾ ਸੀ ਅਤੇ ਉਸਦੇ ਬੇਟੇ ਹਰਮਨਜੀਤ ਸਿੰਘ ਦੀ ਲਾਸ਼ ਅਜੇ ਬਰਾਮਦ ਨਹੀਂ ਹੋਈ। ਐਸਐਸਪੀ ਨੇ ਕਿਹਾ ਕਿ ਦੋਸ਼ੀ ਕੁਲਵੰਤ ਸਿੰਘ ਨੂੰ ਰਿਮਾਂਡ 'ਤੇ ਲੈ ਕੇ ਪੜ੍ਹਤਾਲ ਕੀਤੀ ਜਾਵੇਗੀ ਕਿ ਇਸ ਤੀਹਰੇ ਕਤਲ ਕਾਂਡ ਦੀ ਘਟਨਾ ਨੂੰ ਦੋਸ਼ੀ ਕੁਲਵੰਤ ਸਿੰਘ ਨੇ ਇਕੱਲੇ ਨੇ ਅੰਜਾਮ ਦਿੱਤਾ ਜਾਂ ਕੋਈ ਹੋਰ ਉਸਦੇ ਨਾਲ ਇਸ ਵਾਰਦਾਤ ਵਿੱਚ ਸ਼ਾਮਿਲ ਹੈ। ਜ਼ਿਕਰਯੋਗ ਹੈ ਕਿ ਜਿਸ ਵੇਲੇ ਐਸਐਸਪੀ ਦੀ ਪ੍ਰੈਸ ਕਾਨਫਰੰਸ ਹੋ ਰਹੀ ਸੀ ਤਾਂ ਐਸਐਸਪੀ ਦਫ਼ਤਰ ਦੇ ਬਾਹਰ ਪਿੰਡ ਸੇਖਾ ਅਤੇ ਤਿੰਨ ਚਾਰ ਹੋਰ ਪਿੰਡਾਂ ਦੀਆਂ ਪੰਚਾਇਤਾਂ ਸਮੇਤ ਸੈਂਕੜੇ ਦੀ ਗਿਣਤੀ ਵਿੱਚ ਲੋਕ ਬਾਹਰ ਇਕੱਠੇ ਹੋਏ ਸਨ ਜਿਹੜੇ ਕਿ ਮੰਗ ਕਰ ਰਹੇ ਸਨ ਕਿ ਮਾਂ- ਧੀ ਅਤੇ ਪੁੱਤਰ ਦੇ ਤੀਹਰੇ ਕਤਲ ਕਾਂਡ ਦੀ ਇਸ ਨਿੰਦਣਯੋਗ ਘਟਨਾ ਵਿੱਚ ਦੋਸ਼ੀ ਕੁਲਵੰਤ ਸਿੰਘ ਦੀ ਪਤਨੀ ਉਸਦੇ ਪੁੱਤਰ ਅਤੇ ਉਸਦੇ ਪਿਤਾ ਨੂੰ ਵੀ ਸ਼ਾਮਿਲ ਕੀਤਾ ਜਾਵੇ ਕਿਉਂਕਿ ਉਹ ਵੀ ਇਸ ਸਾਜ਼ਿਸ਼ ਵਿੱਚ ਸ਼ਾਮਿਲ ਹਨ। ਮੌਕੇ 'ਤੇ ਹਾਜ਼ਰ ਪਿੰਡ ਦੇ ਲੋਕਾਂ ਨੇ ਮੰਨਿਆ ਕਿ ਦੋਸ਼ੀ ਕੁਲਵੰਤ ਸਿੰਘ ਦਾ ਮ੍ਰਿਤਕ ਔਰਤ ਨਾਲ ਕਾਫ਼ੀ ਸਮੇਂ ਤੋਂ ਆਉਣ ਜਾਣ ਸੀ ਪ੍ਰੰਤੂ ਉਸ ਨੇ ਇਸ ਵੱਡੀ ਘਟਨਾ ਨੂੰ ਜ਼ਮੀਨ ਵੇਚਣ ਤੋਂ ਬਾਅਦ ਮਿਲੇ ਪੈਸੇ ਹੜੱਪਣ ਦੀ ਨੀਅਤ ਨਾਲ ਹੀ ਅੰਜਾਮ ਦਿੱਤਾ।

# ਤਰਨ ਤਾਰਨ ਜ਼ਿਮਨੀ ਚੋਣ: 11 ਨਵੰਬਰ ਨੂੰ ਵੋਟਾਂ ਤੋਂ ਪਹਿਲਾਂ ਮੁੱਖ ਚੋਣ ਅਧਿਕਾਰੀ ਵੱਲੋਂ ਜ਼ਿਲ੍ਹਾ ਅਧਿਕਾਰੀਆਂ ਨਾਲ ਫਾਈਨਲ ਸਮੀਖਿਆ ਮੀਟਿੰਗ

## *ਡਿਪਟੀ ਕਮਿਸ਼ਨਰ ਅਤੇ ਐੱਸ.ਐੱਸ.ਪੀ ਨੂੰ ਵੋਟਿੰਗ ਤੋਂ ਪਹਿਲਾਂ ਦੇ 72, 48 ਅਤੇ 24 ਘੰਟਿਆਂ ਦੌਰਾਨ ਚੌਕਸੀ ਵਧਾਉਣ ਦੇ ਨਿਰਦੇਸ਼*

**ਚੰਡੀਗੜ੍ਹ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ 11 ਨਵੰਬਰ ਨੂੰ ਤਰਨ ਤਾਰਨ ਸੀਟ ਦੀ ਜ਼ਿਮਨੀ ਚੋਣ ਦੀਆਂ ਵੋਟਾਂ ਤੋਂ ਪਹਿਲਾਂ ਅੰਤਿਮ ਪੜਾਅ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸ਼ੁੱਕਰਵਾਰ ਨੂੰ ਜ਼ਿਲ੍ਹੇ ਦੇ ਅਧਿਕਾਰੀਆਂ ਨਾਲ ਵੀਡਿਓ ਕਾਨਫਰੰਸਿੰਗ ਜ਼ਰੀਏ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਵਿੱਚ ਡਿਪਟੀ ਕਮਿਸ਼ਨਰ- ਕਮ- ਜ਼ਿਲ੍ਹਾ ਚੋਣ ਅਧਿਕਾਰੀ ਰਾਹੁਲ, ਐੱਸ.ਐੱਸ.ਪੀ ਡਾ. ਰਵਜੋਤ ਗਰੇਵਾਲ ਅਤੇ ਰਿਟਰਨਿੰਗ ਅਧਿਕਾਰੀ ਗੁਰਮੀਤ ਸਿੰਘ ਹਾਜ਼ਰ ਸਨ।






ਮੀਟਿੰਗ ਦੌਰਾਨ ਸਿਬਿਨ ਸੀ ਨੇ ਵੋਟਿੰਗ ਤੋਂ 72, 48 ਅਤੇ 24 ਘੰਟਿਆਂ ਤੋਂ ਲੈ ਕੇ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਚੌਕਸੀ ਵਧਾਉਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਜੇਕਰ ਵੋਟਰਾਂ ਨੂੰ ਭਰਮਾਉਣ ਲਈ ਨਕਦੀ, ਸ਼ਰਾਬ ਅਤੇ ਕਿਸੇ ਵੀ ਤਰ੍ਹਾਂ ਦੇ ਮੁਫਤ ਸਮਾਨ ਵੰਡਣ ਦੀ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਉਸ ਵਿਰੁੱਧ ਸਖਤ ਕਾਰਵਾਈ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਨਿਰਦੇਸ਼ ਦਿੱਤੇ ਕਿ 9 ਨਵੰਬਰ ਨੂੰ ਸ਼ਾਮੀ ਚੋਣ ਪ੍ਰਚਾਰ ਸਮਾਪਤ ਹੋਣ ਤੋਂ ਬਾਅਦ ਸਿਆਸੀ ਪਾਰਟੀਆਂ ਨਾਲ ਸਬੰਧਤ ਕੋਈ ਵੀ ਬਾਹਰੀ ਵਿਅਕਤੀ ਤਰਨ ਤਾਰਨ ਹਲਕੇ ਵਿੱਚ ਨਾ ਹੋਵੇ।

ਮੁੱਖ ਚੋਣ ਅਧਿਕਾਰੀ ਨੇ ਰੀਅਲ-ਟਾਈਮ ਮਾਨੀਟਰਿੰਗ ਲਈ ਪੋਲਿੰਗ ਸਟੇਸ਼ਨਾਂ ਦੀ 100 ਫੀਸਦੀ ਲਾਈਵ ਵੈਬਕਾਸਟਿੰਗ ਯਕੀਨੀ ਬਣਾਉਣ ਦੇ ਆਦੇਸ਼ ਵੀ ਦਿੱਤੇ।

ਉਨ੍ਹਾਂ ਨੇ ਪੋਲਿੰਗ ਬੂਥਾਂ, ਸਟਰਾਂਗ ਰੂਮਾਂ ਅਤੇ ਕਾਊਂਟਿੰਗ ਹਾਲ ਵਿੱਚ ਢੁੱਕਵੇਂ ਪ੍ਰਬੰਧ ਕਰਨ ਲਈ ਕਿਹਾ ਤਾਂ ਜੋ ਵੋਟਰਾਂ ਅਤੇ ਚੋਣ ਅਮਲੇ ਨੂੰ ਕੋਈ ਦਿੱਕਤ ਪੇਸ਼ ਨਾ ਆਵੇ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਉੱਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸਮਾਂਬੱਧ ਤਰੀਕੇ ਨਾਲ ਕਾਰਵਾਈ ਕੀਤੀ ਜਾਵੇ। ਸਿਬਿਨ ਸੀ ਨੇ ਕਿਹਾ ਕਿ ਪੁਲਿਸ ਨਾਕਿਆਂ ਉੱਤੇ ਸੀਸੀਟੀਵੀ ਅਤੇ ਪੈਟਰੋਲਿੰਗ ਟੀਮਾਂ ਰਾਹੀਂ 24 ਘੰਟੇ ਨਿਗਰਾਨੀ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਸ਼ਰਾਬ, ਨਕਦੀ, ਡਰੱਗ ਅਤੇ ਹੋਰ ਸਮਾਨ ਦੀ ਗੈਰ-ਕਾਨੂੰਨੀ ਤਸਕਰੀ ਰੋਕੀ ਜਾ ਸਕੇ।

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ ਅਤੇ ਐੱਸ.ਐੱਸ.ਪੀ ਨੇ ਮੁੱਖ ਚੋਣ ਅਧਿਕਾਰੀ ਨੂੰ ਦੱਸਿਆ ਕਿ ਜ਼ਿਮਨੀ ਚੋਣ ਲਈ ਹਰੇਕ ਪ੍ਰਕਾਰ ਦੇ ਪ੍ਰਬੰਧਾਂ ਨੂੰ ਮੁਕੰਮਲ ਕਰ ਲਿਆ ਗਿਆ ਹੈ ਅਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਨਿਯਮਾਂ ਮੁਤਾਬਕ ਜ਼ਿਮਨੀ ਚੋਣ ਨੂੰ ਨੇਪਰੇ ਚਾੜ੍ਹਿਆ ਜਾਵੇਗਾ।

# ਦਿੱਲੀ ਵਿੱਚ ਵੋਟ ਪਾਉਣ ਵਾਲੇ ਭਾਜਪਾ ਆਗੂਆਂ ਨੇ ਬਿਹਾਰ ਚੋਣਾਂ ਦੇ ਪਹਿਲੇ ਪੜਾਅ ਵਿੱਚ ਵੀ ਵੋਟ ਪਾਈ: ਰਾਹੁਲ ਗਾਂਧੀ

**ਬਾਂਕਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸ਼ੁੱਕਰਵਾਰ ਨੂੰ ਦੋਸ਼ ਲਾਇਆ ਕਿ ਭਾਜਪਾ ਦੇ ਜਿਨ੍ਹਾਂ ਆਗੂਆਂ ਨੇ ਦਿੱਲੀ ਵਿੱਚ ਵੋਟ ਪਾਈ ਸੀ, ਉਨ੍ਹਾਂ ਨੇ ਬਿਹਾਰ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਵਿੱਚ ਵੀ ਵੋਟ ਦਾ ਇਸਤੇਮਾਲ ਕੀਤਾ। ਬਾਂਕਾ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਗਾਂਧੀ ਨੇ ਜ਼ੋਰ ਦੇ ਕੇ ਕਿਹਾ ਕਿ ਕਾਂਗਰਸ ਨੇ ਹਰਿਆਣਾ ਚੋਣਾਂ ਵਿੱਚ 'ਵੋਟ ਚੋਰੀ' ਦੇ ਸਬੂਤ ਪੇਸ਼ ਕੀਤੇ ਹਨ, ਅਤੇ ਚੋਣ ਕਮਿਸ਼ਨ ਇਨ੍ਹਾਂ ਦੋਸ਼ਾਂ ਨੂੰ ਰੱਦ ਨਹੀਂ ਕਰ ਸਕਦਾ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਬੁੱਧਵਾਰ ਨੂੰ ਦੋਸ਼ ਲਾਇਆ ਸੀ ਕਿ ਪਿਛਲੇ ਸਾਲ ਦੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਚੋਰੀ ਕੀਤੀ ਗਈ ਸੀ, ਜਿਸ ਲਈ ਉਨ੍ਹਾਂ ਨੇ ਚੋਣ ਸੂਚੀ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਦਾਅਵਾ ਕੀਤਾ ਸੀ ਕਿ 25 ਲੱਖ ਐਂਟਰੀਆਂ ਜਾਅਲੀ ਸਨ ਅਤੇ ਭਾਜਪਾ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਚੋਣ ਕਮਿਸ਼ਨ ਨੇ ਭਾਜਪਾ ਨਾਲ ਮਿਲੀਭੁਗਤ ਕੀਤੀ।



ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ, ਮੈਨੂੰ ਕੱਲ੍ਹ ਪਤਾ ਲੱਗਾ ਕਿ ਜਿਨ੍ਹਾਂ ਭਾਜਪਾ ਆਗੂਆਂ ਨੇ ਦਿੱਲੀ ਵਿੱਚ ਵੋਟ ਪਾਈ ਸੀ, ਉਨ੍ਹਾਂ ਨੇ ਵੀ ਬਿਹਾਰ ਚੋਣਾਂ ਦੇ ਪਹਿਲੇ ਪੜਾਅ (ਵੀਰਵਾਰ ਨੂੰ) ਵਿੱਚ ਵੋਟ ਪਾਈ।

ਗਾਂਧੀ ਨੇ ਦਾਅਵਾ ਕੀਤਾ, "ਹਰਿਆਣਾ ਵਿੱਚ 2 ਕਰੋੜ ਵੋਟਰਾਂ ਵਿੱਚੋਂ 29 ਲੱਖ ਵੋਟਰ ਜਾਅਲੀ ਹਨ... ਭਾਜਪਾ ਨੇ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਹਰਿਆਣਾ ਵਿੱਚ 'ਵੋਟ ਚੋਰੀ' ਕੀਤੀ, ਅਤੇ ਹੁਣ ਉਹ ਇਸ ਨੂੰ ਬਿਹਾਰ ਵਿੱਚ ਦੁਹਰਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪਰ, ਮੈਨੂੰ ਯਕੀਨ ਹੈ ਕਿ ਬਿਹਾਰ ਦੇ ਲੋਕ ਆਪਣੇ ਸੂਬੇ ਵਿੱਚ ਅਜਿਹਾ ਨਹੀਂ ਹੋਣ ਦੇਣਗੇ।"

# ਏਅਰ ਇੰਡੀਆ ਜਹਾਜ਼ ਹਾਦਸਾ: ਸੁਪਰੀਮ ਕੋਰਟ ਵੱਲੋਂ ਪਾਇਲਟ ਦੇ ਪਿਤਾ ਨੂੰ ਦਿਲਾਸਾ, 'ਪਾਇਲਟ ਨੂੰ ਦੋਸ਼ੀ ਨਾ ਠਹਿਰਾਓ, ਆਪਣੇ 'ਤੇ ਬੋਝ ਨਾ ਪਾਓ'

**ਨਵੀਂ ਦਿੱਲੀ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਅਹਿਮਦਾਬਾਦ ਵਿੱਚ ਵਾਪਰੇ ਏਅਰ ਇੰਡੀਆ ਜਹਾਜ਼ ਹਾਦਸੇ 'ਚ ਮਾਰੇ ਗਏ ਪਾਇਲਟ ਦੇ 91 ਸਾਲਾ ਪਿਤਾ ਨੂੰ ਕਿਹਾ ਕਿ ਉਨ੍ਹਾਂ ਦੇ ਪੁੱਤਰ ਨੂੰ ਹਾਦਸੇ ਲਈ ਦੋਸ਼ੀ ਨਹੀਂ ਠਹਿਰਾਇਆ ਜਾਣਾ ਚਾਹੀਦਾ ਅਤੇ ਉਹ ਆਪਣੇ ਉੱਤੇ ਕੋਈ ਬੋਝ ਨਾ ਪਾਉਣ।

ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ ਦੇ ਬੈਂਚ ਨੇ ਉਨ੍ਹਾਂ ਦੀ ਅਰਜ਼ੀ 'ਤੇ ਕੇਂਦਰ ਅਤੇ ਡਾਇਰੈਕਟਰ ਜਨਰਲ ਆਫ਼ ਸਿਵਲ ਐਵੀਏਸ਼ਨ (4731) ਨੂੰ ਨੋਟਿਸ ਜਾਰੀ ਕੀਤਾ।

ਬੈਂਚ ਨੇ ਕਿਹਾ, ਤੁਹਾਨੂੰ ਆਪਣੇ ਉੱਤੇ ਬੋਝ ਨਹੀਂ ਪਾਉਣਾ ਚਾਹੀਦਾ। ਜਹਾਜ਼ ਹਾਦਸੇ ਲਈ ਪਾਇਲਟ ਨੂੰ ਦੋਸ਼ੀ ਨਹੀਂ ਠਹਿਰਾਇਆ ਜਾਣਾ ਚਾਹੀਦਾ। ਇਹ ਇੱਕ ਹਾਦਸਾ ਸੀ। ਸ਼ੁਰੂਆਤੀ ਰਿਪੋਰਟ ਵਿੱਚ ਵੀ ਉਸਦੇ ਵਿਰੁੱਧ ਕੋਈ ਇਸ਼ਾਰਾ ਨਹੀਂ ਹੈ।"

ਪਾਇਲਟ ਦੇ ਪਿਤਾ, ਪੁਸ਼ਕਰਾਜ ਸਭਰਵਾਲ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਗੋਪਾਲ ਸੰਕਰਨਾਰਾਇਣਨ ਨੇ ਕਿਹਾ ਕਿ ਅਮਰੀਕੀ ਪ੍ਰਕਾਸ਼ਨ 'ਵਾਲ ਸਟ੍ਰੀਟ ਜਰਨਲ' ਵਿੱਚ ਪਾਇਲਟ, ਕੈਪਟਨ ਸੁਮੀਤ ਸਭਰਵਾਲ ਬਾਰੇ ਇੱਕ ਖ਼ਬਰ ਲੇਖ ਛਪਿਆ ਸੀ।

ਬੈਂਚ ਨੇ ਜਵਾਬ ਦਿੱਤਾ, 'ਉਹ ਭਾਰਤ ਨੂੰ ਦੋਸ਼ੀ ਠਹਿਰਾਉਣ ਲਈ ਸਿਰਫ ਭੈੜੀ ਰਿਪੋਰਟਿੰਗ ਸੀ।' ਬੈਂਚ ਨੇ 12 ਜੁਲਾਈ ਨੂੰ ਜਾਰੀ ਕੀਤੀ ਗਈ ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬੋਰਡ (1192) ਦੀ ਸ਼ੁਰੂਆਤੀ ਰਿਪੋਰਟ ਦਾ ਇੱਕ ਪੈਰਾ ਪੜ੍ਹ ਕੇ ਸੁਣਾਇਆ ਅਤੇ ਕਿਹਾ ਕਿ ਕਿਤੇ ਵੀ ਇਹ ਨਹੀਂ ਕਿਹਾ ਗਿਆ ਹੈ ਕਿ ਹਾਦਸੇ ਲਈ ਪਾਇਲਟ ਨੂੰ ਦੋਸ਼ੀ ਠਹਿਰਾਇਆ ਜਾਣਾ ਚਾਹੀਦਾ ਹੈ ਅਤੇ ਇਹ ਸਿਰਫ ਜਹਾਜ਼ ਦੇ ਦੋ ਪਾਇਲਟਾਂ ਵਿਚਕਾਰ ਗੱਲਬਾਤ ਦਾ ਹਵਾਲਾ ਦਿੰਦਾ ਹੈ।

ਬੈਂਚ ਨੇ ਕਿਹਾ, "1192 ਜਾਂਚ ਦਾ ਦਾਇਰਾ ਦੋਸ਼ ਲਗਾਉਣਾ ਨਹੀਂ ਹੈ, ਬਲਕਿ ਭਵਿੱਖ ਦੀਆਂ ਤ੍ਰਾਸਦੀਆਂ ਤੋਂ ਬਚਣ ਲਈ ਰੋਕਥਾਮ ਦੇ ਉਪਾਅ ਸੁਝਾਉਣਾ ਹੈ। ਜੇ ਲੋੜ ਪਈ, ਤਾਂ ਅਸੀਂ ਸਪੱਸ਼ਟ ਕਰਾਂਗੇ ਕਿ ਪਾਇਲਟ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ।" ਅਦਾਲਤ ਨੇ ਇਸ ਮਾਮਲੇ ਨੂੰ 10 ਨਵੰਬਰ ਨੂੰ ਇਸ ਘਟਨਾ ਬਾਰੇ ਹੋਰ ਲੰਬਿਤ ਪਟੀਸ਼ਨਾਂ ਦੇ ਨਾਲ ਅਗਲੀ ਸੁਣਵਾਈ ਲਈ ਸੂਚੀਬੱਧ ਕੀਤਾ।

ਜ਼ਿਕਰਯੋਗ ਹੈ ਕਿ 12 ਜੂਨ ਦੇ ਜਹਾਜ਼ ਹਾਦਸੇ ਵਿੱਚ 229 ਯਾਤਰੀਆਂ ਸਮੇਤ ਕੁੱਲ 260 ਵਿਅਕਤੀਆਂ ਦੀ ਮੌਤ ਹੋ ਗਈ ਸੀ।

ਪਿਛਲੇ ਮਹੀਨੇ ਪੁਸ਼ਕਰਾਜ ਸਭਰਵਾਲ ਅਤੇ ਫੈਡਰੇਸ਼ਨ ਆਫ ਇੰਡੀਅਨ ਪਾਇਲਟਸ ਨੇ ਹਵਾਈ ਹਾਦਸੇ ਦੀ ਸੁਪਰੀਮ ਕੋਰਟ ਦੇ ਸਾਬਕਾ ਜੱਜ ਦੀ ਅਗਵਾਈ ਹੇਠ ਅਦਾਲਤ ਦੀ ਨਿਗਰਾਨੀ ਹੇਠ ਜਾਂਚ ਕਰਵਾਉਣ ਲਈ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ। 91 ਸਾਲਾ ਪਿਤਾ ਨੇ ਇਸ ਦੁਖਾਂਤਕ ਘਟਨਾ ਦੀ ÷ਨਿਰਪੱਖ, ਪਾਰਦਰਸ਼ੀ ਅਤੇ ਤਕਨੀਕੀ ਤੌਰ 'ਤੇ ਮਜ਼ਬੂਤ÷ ਜਾਂਚ ਦੀ ਮੰਗ ਕੀਤੀ ਹੈ।

# ਮੁੱਖ ਮੰਤਰੀ ਦੇ ਤਕਨੀਕੀ ਸਲਾਹਕਾਰ ਰਵੀ ਚਾਵਲਾ ਦਾ ਅਸਤੀਫ਼ਾ ਮਨਜ਼ੂਰ

**ਚੰਡੀਗੜ੍ਹ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਮੁੱਖ ਮੰਤਰੀ ਦੇ ਤਕਨੀਕੀ ਸਲਾਹਕਾਰ ਰਵੀ ਚਾਵਲਾ ਦਾ ਅਸਤੀਫਾ ਸਵੀਕਾਰ ਕਰ ਲਿਆ ਹੈ। ਰਾਜ ਸਰਕਾਰ ਨੇ ਰਵੀ ਚਾਵਲਾ ਨੂੰ 2.50 ਕਰੋੜ ਰੁਪਏ ਤੋਂ ਵੱਧ ਦੀਆਂ ਇਮਾਰਤਾਂ ਅਤੇ ਸੜਕਾਂ ਦੇ ਟੈਂਡਰਾਂ ਦੀ ਜਾਂਚ ਲਈ ਨਿਯੁਕਤ ਕੀਤਾ ਸੀ ਅਤੇ ਹੁਣ ਇਹ ਕੰਮ ਵਿਭਾਗਾਂ ਦੇ ਮੁਖੀ ਕਰਨਗੇ।

ਰਵੀ ਚਾਵਲਾ ਜੂਨ 2024 ਵਿੱਚ ਮੁੱਖ ਇੰਜਨੀਅਰ ਵਜੋਂ ਸੇਵਾਮੁਕਤ ਹੋਏ ਸਨ। ਚਾਵਲਾ ਨੇ 5 ਨਵੰਬਰ ਨੂੰ ਆਪਣਾ ਅਸਤੀਫ਼ਾ ਦੇ ਦਿੱਤਾ ਸੀ। ਸੂਤਰਾਂ ਮੁਤਾਬਕ ਵਿਕਾਸ ਕਾਰਜਾਂ ਨਾਲ ਸਬੰਧਤ ਫਾਈਲਾਂ ਨੂੰ ਕਲੀਅਰ ਕਰਨ ਵਿੱਚ ਕਥਿਤ ਦੇਰੀ ਕਾਰਨ ਉਨ੍ਹਾਂ ਨੂੰ ਅਸਤੀਫਾ ਦੇਣ ਲਈ ਕਿਹਾ ਗਿਆ ਹੈ।

ਚਾਵਲਾ ਨੂੰ ਮੁੱਖ ਇੰਜਨੀਅਰ ਵਜੋਂ ਸੇਵਾਮੁਕਤੀ ਤੋਂ ਬਾਅਦ ਜੂਨ 2024 ਵਿੱਚ ਤਕਨੀਕੀ ਸਲਾਹਕਾਰ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਕੋਲ ਵੱਖ-ਵੱਖ ਵਿਭਾਗਾਂ ਵਿੱਚ ਵਿਕਾਸ ਕਾਰਜਾਂ ਨਾਲ ਸਬੰਧਤ ਕੰਮਾਂ ਦੇ ਤਕਨੀਕੀ ਅਨੁਮਾਨਾਂ ਨੂੰ ਹਰੀ ਝੰਡੀ ਦੇਣਾ ਸੀ। ਚਾਵਲਾ ਖਿਲਾਫ਼ ਫਾਈਲਾਂ ਨੂੰ ਕਲੀਅਰੈਂਸ ਨਾ ਦੇਣ ਸਬੰਧੀ ਲੰਬੇ ਸਮੇਂ ਤੋਂ ਸ਼ਿਕਾਇਤਾਂ ਮਿਲ ਰਹੀਆਂ ਸਨ ਤੇ ਨਤੀਜੇ ਵਜੋਂ ਵਿਕਾਸ ਕਾਰਜਾਂ ਨੂੰ ਪੂਰਾ ਕਰਨ ਵਿੱਚ ਦੇਰੀ ਹੋ ਰਹੀ ਸੀ। ਸਰਕਾਰ ਨੇ ਚਾਵਲਾ ਨੂੰ ਆਪਣਾ ਅਸਤੀਫ਼ਾ ਦੇਣ ਲਈ ਕਿਹਾ ਸੀ। ਹੁਣ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪਣੇ ਤੌਰ 'ਤੇ ਅਨੁਮਾਨਾਂ ਦੀ ਜਾਂਚ ਕਰਨ ਲਈ ਕਿਹਾ ਗਿਆ ਹੈ, ਕਿਉਂਕਿ ਵੱਖ-ਵੱਖ ਕੰਮਾਂ ਦੀ ਸਮਾਂ-ਸੀਮਾ ਪੂਰੀ ਨਹੀਂ ਹੋ ਰਹੀ ਸੀ। ਤਕਨੀਕੀ ਸਲਾਹਕਾਰ ਦੇ ਕੰਮ ਵਿਚ ਟੈਂਡਰਾਂ ਦੀ ਜਾਂਚ ਕਰਨਾ, ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੀ ਨਿਗਰਾਨੀ ਕਰਨਾ, ਅਤੇ ਸਰਕਾਰੀ ਪ੍ਰੋਜੈਕਟਾਂ ਵਿੱਚ ਤਕਨੀਕੀ ਮਿਆਰਾਂ ਅਤੇ ਗੁਣਵੱਤਾ ਨਿਯੰਤਰਣ ਨੂੰ ਯਕੀਨੀ ਬਣਾਉਣਾ ਸ਼ਾਮਲ ਸੀ।

# ਸੀਬੀਆਈ ਵੱਲੋਂ ਪੰਜਾਬ ਦੇ ਸਾਬਕਾ ਡੀਜੀਪੀ ਮੁਹੰਮਦ ਮੁਸਤ.ਫਾ ਤੇ ਪਤਨੀ ਰਜ਼ੀਆ ਸੁਲਤਾਨਾ ਖਿਲਾ.ਫ ਕੇਸ ਦਰਜ

**ਨਵੀਂ ਦਿੱਲੀ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਬੀਆਈ ਨੇ ਪੰਜਾਬ ਦੇ ਸਾਬਕਾ ਡੀਜੀਪੀ ਮੁਹੰਮਦ ਮੁਸਤਫਾ, ਉਨ੍ਹਾਂ ਦੀ ਪਤਨੀ ਰਜ਼ੀਆ ਸੁਲਤਾਨਾ ਤੇ ਹੋਰਨਾਂ ਖਿਲਾਫ਼ ਉਨ੍ਹਾਂ ਦੇ ਪੁੱਤਰ ਅਕੀਲ ਅਖ਼ਤਰ (35) ਦੇ ਕਤਲ ਕੇਸ ਵਿਚ ਐੱਫਆਈਆਰ ਦਰਜ ਕੀਤੀ ਹੈ। ਅਖ਼ਤਰ ਦੀ 16 ਅਕਤੂਬਰ ਨੂੰ ਹਰਿਆਣਾ ਦੇ ਪੰਚਕੂਲਾ ਵਿਚ ਸ਼ੱਕੀ ਹਾਲਾਤ 'ਚ ਮੌਤ ਹੋ ਗਈ ਸੀ। ਸ਼ੁੱਕਰਵਾਰ ਨੂੰ ਦਰਜ ਐੱਫਆਈਆਰ ਮੁਤਾਬਕ ਪੀੜਤ ਤੇ ਉਸ ਦੇ ਪਰਿਵਾਰ ਵਿਚਾਲੇ ਨਾਰਾਜ਼ਗੀ ਚੱਲ ਰਹੀ ਸੀ। ਸੀਬੀਆਈ ਦੇ ਬੁਲਾਰੇ ਨੇ ਵੀਰਵਾਰ ਦੇਰ ਰਾਤ ਜਾਰੀ ਇਕ ਬਿਆਨ ਵਿਚ ਕਿਹਾ, "÷ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ 6 ਨਵੰਬਰ ਨੂੰ ਅਕੀਲ ਅਖਤਰ ਕਤਲ ਮਾਮਲੇ ਵਿੱਚ ਐਫਆਈਆਰ ਦਰਜ ਕੀਤੀ ਹੈ। ਇਹ ਐਫਆਈਆਰ ਇਸ ਬਿਨਾਹ 'ਤੇ ਦਰਜ ਕੀਤੀ ਗਈ ਹੈ ਕਿ ਪੰਜਾਬ ਦੇ ਸਾਬਕਾ ਡੀਜੀਪੀ ਮੁਹੰਮਦ ਮੁਸਤਫਾ ਅਤੇ ਪੰਜਾਬ ਦੀ ਸਾਬਕਾ ਲੋਕ ਨਿਰਮਾਣ ਮੰਤਰੀ ਰਜ਼ੀਆ ਸੁਲਤਾਨਾ ਦੇ ਪੁੱਤਰ ਅਕੀਲ ਅਖਤਰ, ਜੋ ਪੰਚਕੂਲਾ ਦੇ ਮਨਸਾ ਦੇਵੀ ਮੰਦਰ ਨੇੜੇ ਸੈਕਟਰ 4 ਵਿੱਚ ਰਹਿੰਦਾ ਸੀ, ਦੀ 16 ਅਕਤੂਬਰ ਨੂੰ ਸ਼ੱਕੀ ਹਾਲਾਤ ਵਿੱਚ ਮੌਤ ਹੋ ਗਈ ਸੀ।"



ਬਿਆਨ ਵਿੱਚ ਕਿਹਾ ਗਿਆ ਹੈ ਕਿ ਸੀਬੀਆਈ ਨੇ ਮੁਸਤਫਾ ਤੇ ਸੁਲਤਾਨਾ ਤੋਂ ਇਲਾਵਾ ਅਖ਼ਤਰ ਦੀ ਪਤਨੀ ਅਤੇ ਭੈਣ ਵਿਰੁੱਧ ਕਤਲ ਅਤੇ ਅਪਰਾਧਿਕ ਸਾਜ਼ਿਸ਼ ਨਾਲ ਸਬੰਧਤ ਬੀਐੱਨਐੱਸ ਧਾਰਾਵਾਂ ਤਹਿਤ ਐੱਫਆਈਆਰ ਦਰਜ ਕੀਤੀ ਹੈ। ਏਜੰਸੀ ਨੇ ਕਿਹਾ ਕਿ ਅਖ਼ਤਰ ਨੇ 27 ਅਗਸਤ ਨੂੰ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਪੋਸਟ ਕੀਤਾ ਸੀ, ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਉਸ ਨੂੰ ਆਪਣੀ ਪਤਨੀ ਅਤੇ ਪਿਤਾ ਵਿਚਕਾਰ 'ਨਾਜਾਇਜ਼ ਸਬੰਧਾਂ' ਦਾ ਪਤਾ ਲੱਗਾ ਹੈ। ਅਖ਼ਤਰ ਨੇ ਪੋਸਟ ਵਿਚ ਅੱਗੇ ਕਿਹਾ ਕਿ ਉਸ ਦਾ ਪੂਰਾ ਪਰਿਵਾਰ, ਜਿਸ ਵਿੱਚ ਉਸ ਦੀ ਮਾਂ ਅਤੇ ਭੈਣ ਸ਼ਾਮਲ ਹਨ, ਉਸ ਨੂੰ ਮਾਰਨ ਜਾਂ ਝੂਠੇ ਮਾਮਲੇ ਵਿੱਚ ਫਸਾਉਣ ਦੀ ਸਾਜ਼ਿਸ਼ ਰਚ ਰਿਹਾ ਹੈ। ਕਾਬਿਲੇਗੌਰ ਹੈ ਪੰਚਕੂਲਾ ਪੁਲੀਸ ਨੇ ਸ਼ੁਰੂਆਤੀ ਤਫ਼ਤੀਸ਼ ਮਗਰੋਂ ਕੇਸ ਦਰਜ ਕੀਤਾ ਸੀ, ਪਰ ਫਿਰ ਹਰਿਆਣਾ ਦੀ ਨਾਇਬ ਸਿੰਘ ਸੈਣੀ ਸਰਕਾਰ ਨੇ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਸੀ।

# ਦਿਵਿਆਂਗਜਨਾਂ ਦੀ ਸਹਾਇਤਾ ਲਈ ਹੁਣ ਤੱਕ 287.95 ਕਰੋੜ ਰੁਪਏ ਜਾਰੀ: ਡਾ.ਬਲਜੀਤ ਕੌਰ

**ਚੰਡੀਗੜ੍ਹ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਦਿਵਿਆਂਗ ਵਿਅਕਤੀਆਂ ਦੀ ਸਹਾਇਤਾ ਅਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ।



ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਦਿਵਿਆਂਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਵਜੋਂ 287.95 ਕਰੋੜ ਰੁਪਏ ਜਾਰੀ ਕੀਤੇ ਗਏ ਹਨ, ਜਿਸ ਦਾ ਲਾਭ 2 ਲੱਖ 76 ਹਜ਼ਾਰ 175 ਯੋਗ ਲਾਭਪਾਤਰੀਆਂ ਨੂੰ ਮਿਲ ਚੁੱਕਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਸ ਯੋਜਨਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਚਾਲੂ ਵਿੱਤੀ ਸਾਲ 2025-26 ਦੌਰਾਨ 495 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਦਿਵਿਆਂਗ ਵਿਅਕਤੀਆਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਨਾ ਪੰਜਾਬ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਇਸ ਲਈ ਵਿੱਤੀ ਸਹਾਇਤਾ ਦੇ ਨਾਲ-ਨਾਲ ਰੋਜ਼ਗਾਰ ਮੌਕਿਆਂ, ਹੁਨਰ ਵਿਕਾਸ ਅਤੇ ਸੁਵਿਧਾਜਨਕ ਬੁਨਿਆਦੀ ਢਾਂਚੇ ਰਾਹੀਂ ਇਹਨਾਂ ਨੂੰ ਸਸ਼ਕਤ ਬਣਾਉਣ ਲਈ ਕਦਮ ਤੇਜ਼ੀ ਨਾਲ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਟੀਚਾ ਸਿਰਫ਼ ਮਦਦ ਕਰਨਾ ਨਹੀਂ, ਸਗੋਂ ਹਰ ਦਿਵਿਆਂਗ ਵਿਅਕਤੀ ਨੂੰ ਆਤਮ-ਨਿਰਭਰ ਬਣਾਉਣਾ ਹੈ।

ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਦਿਵਿਆਂਗ ਵਿਅਕਤੀਆਂ ਲਈ ਚਲਾਈ ਜਾ ਰਹੀ ਵਿੱਤੀ ਸਹਾਇਤਾ ਯੋਜਨਾ ਦਾ ਲਾਭ ਹਰ ਯੋਗ ਲਾਭਪਾਤਰੀ ਤੱਕ ਪਹੁੰਚਣਾ ਯਕੀਨੀ ਬਣਾਇਆ ਜਾਵੇ, ਤਾਂ ਜੋ ਕੋਈ ਵੀ ਹੱਕਦਾਰ ਵਿਅਕਤੀ ਇਸ ਸਹਾਇਤਾ ਤੋਂ ਵਾਂਝਾ ਨਾ ਰਹਿ ਜਾਵੇ।

# ਪੰਜਾਬ ਸਰਕਾਰ ਵੱਲੋਂ ਵਿਸ਼ਵ ਚੈਂਪੀਅਨ ਕ੍ਰਿਕਟ ਖਿਡਾਰਨਾਂ ਦਾ ਮੋਹਾਲੀ ਪੁੱਜਣ ਉੱਤੇ ਸ਼ਾਹਾਨਾ ਸਵਾਗਤ

**ਮੁਹਾਲੀ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਿਲਾ ਕ੍ਰਿਕਟ ਵਿੱਚ ਭਾਰਤ ਲਈ ਪਹਿਲਾ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਟੀਮ ਵਿੱਚ ਸ਼ਾਮਲ ਕਪਤਾਨ ਹਰਮਨਪ੍ਰੀਤ ਕੌਰ ਸਮੇਤ ਤਿੰਨ ਪੰਜਾਬਣਾਂ ਵਿੱਚੋਂ ਦੋ ਖਿਡਾਰਨਾਂ ਹਰਲੀਨ ਦਿਓਲ ਤੇ ਅਮਨਜੋਤ ਕੌਰ ਦਾ ਅੱਜ ਪੰਜਾਬ ਪਰਤਣ ਉੱਤੇ ਮੋਹਾਲੀ ਦੇ ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡੇ ਵਿਖੇ ਪੰਜਾਬ ਸਰਕਾਰ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ।




ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ, ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਜ਼ਿਲਾ ਯੋਜਨਾ ਬੋਰਡ ਦੇ ਚੇਅਰਪਰਸਨ ਪ੍ਰਭਜੋਤ ਕੌਰ, ਜਸਵੰਤ ਕੌਰ ਤੇ ਕੌਂਸਲਰ ਸਰਬਜੀਤ ਸਿੰਘ ਸਮਾਣਾ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਸ਼ਾਹਾਨਾ ਸਵਾਗਤ ਕੀਤਾ।

ਹਵਾਈ ਅੱਡੇ ਜਸ਼ਨ ਦਾ ਮਾਹੌਲ ਰਿਹਾ। ਪੰਜਾਬ ਸਰਕਾਰ, ਜ਼ਿਲਾ ਪ੍ਰਸ਼ਾਸਨ ਅਤੇ ਖੇਡ ਵਿਭਾਗ ਵੱਲੋਂ ਢੋਲ, ਹਾਰਾਂ ਨਾਲ ਸਵਾਗਤ ਕੀਤਾ ਗਿਆ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਵੀਡਿਓ ਕਾਲ ਰਾਹੀਂ ਪੰਜਾਬ ਦੀਆਂ ਤਿੰਨੇ ਖਿਡਾਰਨਾਂ ਕਪਤਾਨ ਹਰਮਨਪ੍ਰੀਤ ਕੌਰ, ਹਰਲੀਨ ਦਿਓਲ ਤੇ ਅਮਨਜੋਤ ਕੌਰ ਨੂੰ ਵਧਾਈ ਦਿੱਤੀ ਗਈ ਸੀ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਮੀਤ ਹੇਅਰ ਨੇ ਕਿਹਾ ਕਿ ਸਾਡੀਆਂ ਧੀਆਂ ਨੇ ਨਾਂ ਸਿਰਫ ਪੰਜਾਬ ਬਲਕਿ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕਪਤਾਨ ਹਰਮਨਪ੍ਰੀਤ ਕੌਰ ਦੇ ਪੰਜਾਬ ਪਰਤਣ ਤੋਂ ਬਾਅਦ ਮੁੱਖ ਮੰਤਰੀ ਵੱਲੋਂ ਤਿੰਨੇ ਖਿਡਾਰਨਾਂ ਦਾ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਸੂਬਾ ਸਰਕਾਰ ਵੱਲੋਂ ਬਣਾਈ ਨਵੀਂ ਖੇਡ ਨੀਤੀ ਤਹਿਤ ਖਿਡਾਰੀਆਂ ਨੂੰ ਨਗਦ ਰਾਸ਼ੀ ਤੇ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ ਜਿਸ ਨਾਲ ਪੰਜਾਬ ਖੇਡਾਂ ਵਿੱਚ ਮੁੜ ਦੇਸ਼ ਦਾ ਨੰਬਰ ਇੱਕ ਸੂਬਾ ਬਣ ਰਿਹਾ ਹੈ।

ਸੰਸਦ ਮੈਂਬਰ ਮੀਤ ਹੇਅਰ ਨੇ ਕਿਹਾ ਕਿ ਵਿਸ਼ਵ ਚੈਂਪੀਅਨ ਬਣਨ ਤੋਂ ਮਹਿਲਾ ਕ੍ਰਿਕਟ ਵਿੱਚ ਨਵੀਂ ਕ੍ਰਾਂਤੀ ਆਵੇਗੀ। ਵਿਸ਼ਵ ਕੱਪ ਦੀ ਜਿੱਤ ਟੀਮ ਦੀਆਂ ਸਾਂਝੀਆਂ ਕੋਸ਼ਿਸ਼ਾਂ ਸਦਕਾ ਸੰਭਵ ਹੋਈ ਹੈ ਜਿਸ ਕਾਰਨ ਇਹ ਜਿੱਤ ਮਿਲੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਮੇਤ ਦੇਸ਼ ਦੇ ਛੋਟੇ ਸ਼ਹਿਰਾਂ ਤੇ ਕਸਬਿਆਂ ਵਿੱਚੋਂ ਵੱਡੇ ਕ੍ਰਿਕਟਰ ਅੱਗੇ ਨਿਕਲ ਆ ਰਹੇ ਹਨ। ਸ਼ੁਭਮਨ ਗਿੱਲ, ਹਰਮਨਪ੍ਰੀਤ ਕੌਰ, ਅਰਸ਼ਦੀਪ ਸਿੰਘ, ਹਰਲੀਨ ਦਿਓਲ ਤੇ ਅਮਨਜੋਤ ਕੌਰ ਦੀ ਉਦਾਹਰਨ ਸਾਡੇ ਸਾਹਮਣੇ ਹੈ।

# 30,000 ਰੁਪਏ ਰਿਸ਼ਵਤ ਲੈਂਦੇ ਪਟਵਾਰੀ ਗ੍ਰਿ.ਫਤਾਰ

**ਚੰਡੀਗੜ੍ਹ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਫਰੀਦਾਬਾਦ ਨੇ ਇੱਕ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ, ਅੱਜ, 7 ਨਵੰਬਰ, 2025 ਨੂੰ ਦੋਸ਼ੀ, ਨਵੀਨ ਹਲਕਾ ਪਟਵਾਰੀ, ਸਿਟੀ ਪਲਵਲ ਨੂੰ ਸ਼ਿਕਾਇਤਕਰਤਾ ਤੋਂ ਉਸਦੇ ਦਫ਼ਤਰ, ਪਟਵਾਰੀ ਪਲਵਲ ਵਿਖੇ 30,000 ਰੁਪਏ ਦੀ ਨਕਦ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਹੈ। ਦੋਸ਼ੀ ਵਿਰੁੱਧ ਪੀਸੀ ਐਕਟ ਦੀ ਧਾਰਾ 7 ਦੇ ਤਹਿਤ 7 ਨਵੰਬਰ, 2025 ਨੂੰ ਕੇਸ ਨੰਬਰ 27, ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਫਰੀਦਾਬਾਦ ਵਿਖੇ ਦਰਜ ਕੀਤਾ ਗਿਆ ਹੈ।

ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਫਰੀਦਾਬਾਦ ਨੂੰ ਆਪਣੀ ਸ਼ਿਕਾਇਤ ਵਿੱਚ, ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ 2006 ਵਿੱਚ ਉਸਦੀ ਮਾਂ ਨੇ ਨਯਾ ਬਸਤੀ ਸਲੱਗਢ ਵਿੱਚ 100 ਗਜ਼ ਦਾ ਪਲਾਟ ਖਰੀਦਿਆ ਸੀ ਜਿਸਦੀ ਰਜਿਸਟਰੀ ਕਰਵਾਈ ਸੀ। ਖਰੀਦੇ ਗਏ ਪਲਾਟ ਲਈ ਇੰਤਕਾਲ ਸਰਟੀਫਿਕੇਟ ਲੈਣ ਲਈ ਨਵੀਨ ਪਟਵਾਰੀ ਨੂੰ ਉਹ ਮਿਲਿਆ ਅਤੇ ਉਸਨੂੰ ਪਲਾਟ ਦੇ ਰਜਿਸਟ੍ਰੇਸ਼ਨ ਸਰਟੀਫਿਕੇਟ ਦੀ ਇੱਕ ਕਾਪੀ ਦਿੱਤੀ। ਉਪਰੋਕਤ ਦੋਸ਼ੀ ਨਵੀਨ ਪਟਵਾਰੀ ਨੇ ਇੰਤਕਾਲ ਜਮ੍ਹਾਂ ਕਰਵਾਉਣ ਲਈ ਆਪਣੇ ਕੰਪਿਊਟਰ ਆਪਰੇਟਰ ਰੂਪੇਸ਼ ਨੂੰ ਰਜਿਸਟਰੀ ਦੀ ਇੱਕ ਕਾਪੀ ਦਿੱਤੀ। ਫਿਰ ਕੰਪਿਊਟਰ ਆਪਰੇਟਰ ਰੂਪੇਸ਼ ਨੇ ਨਵੀਨ ਪਟਵਾਰੀ ਨਾਲ ਗੱਲ ਕੀਤੀ ਅਤੇ ਇੰਤਕਾਲ ਜਮ੍ਹਾਂ ਕਰਵਾਉਣ ਦੇ ਬਦਲੇ ਉਸ (ਸ਼ਿਕਾਇਤਕਰਤਾ) ਤੋਂ ?1,00,000 ਦੀ ਨਕਦ ਰਿਸ਼ਵਤ ਦੀ ਮੰਗ ਕੀਤੀ।

... ਪਲਵਲ ਦੇ ਪਟਵਾਰ ਦਫ਼ਤਰ ਦੇ ਕੰਪਿਊਟਰ ਆਪਰੇਟਰ ਰੂਪੇਸ਼ ਦੀ ਗ੍ਰਿਫਤਾਰੀ ਅਜੇ ਵੀ ਇਸ ਮਾਮਲੇ ਵਿੱਚ ਵਿਚਾਰ ਅਧੀਨ ਹੈ। ਜਾਂਚ ਜਾਰੀ ਹੈ।

# ਬਿਕਰਮ ਮਜੀਠੀਆ ਦੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਸੋਮਵਾਰ ਤੱਕ ਮੁਲਤਵੀ



**ਚੰਡੀਗੜ੍ਹ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿੱਚ ਸੀਨੀਅਰ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਦੀ ਨਿਯਮਤ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਸੋਮਵਾਰ ਤੱਕ ਮੁਲਤਵੀ ਕਰ ਦਿੱਤੀ ਗਈ। ਅਦਾਲਤ ਨੇ ਸਰਕਾਰ ਨੂੰ ਸਵਾਲ ਕੀਤਾ ਕਿ ਜਦੋਂ ਚਾਰਜਸ਼ੀਟ ਪਹਿਲਾਂ ਹੀ ਦਾਇਰ ਕੀਤੀ ਜਾ ਚੁੱਕੀ ਸੀ ਤਾਂ ਉਹ ਹੁਣ ਜ਼ਮਾਨਤ ਦਾ ਵਿਰੋਧ ਕਿਉਂ ਕਰ ਰਹੀ ਹੈ। ਅਦਾਲਤ ਨੇ ਇਹ ਵੀ ਟਿੱਪਣੀ ਕੀਤੀ ਕਿ ਲਗਾਏ ਜਾ ਰਹੇ ਦੋਸ਼ ਮੁਕੱਦਮੇ ਦਾ ਮਾਮਲਾ ਹਨ। ਸਰਕਾਰ ਨੇ ਕੁਝ ਅਦਾਲਤੀ ਫੈਸਲਿਆਂ ਦਾ ਹਵਾਲਾ ਦਿੰਦੇ ਹੋਏ ਜ਼ਮਾਨਤ ਦਾ ਵਿਰੋਧ ਕੀਤਾ। ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ, ਅਦਾਲਤ ਨੇ ਸੁਣਵਾਈ ਸੋਮਵਾਰ ਤੱਕ ਮੁਲਤਵੀ ਕਰ ਦਿੱਤੀ।

# ਮਸ਼ਹੂਰ ਬਾਲੀਵੁੱਡ ਅਦਾਕਾਰ ਸੰਜੇ ਖਾਨ ਦੀ ਪਤਨੀ ਦਾ ਦੇਹਾਂਤ

**ਮੁੰਬਈ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਲੀਵੁੱਡ ਦੇ ਮਸ਼ਹੂਰ ਅਦਾਕਾਰ ਸੰਜੈ ਖਾਨ ਦੀ ਪਤਨੀ ਅਤੇ ਪ੍ਰਸਿੱਧ ਸੋਸ਼ਲਾਈਟ ਜ਼ਰੀਨ ਖਾਨ ਦਾ ਸ਼ੁੱਕਰਵਾਰ ਸਵੇਰੇ ਦੇਹਾਂਤ ਹੋ ਗਿਆ। 81 ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਮੁੰਬਈ ਸਥਿਤ ਆਪਣੇ ਘਰ ਵਿੱਚ ਆਖ਼ਰੀ ਸਾਹ ਲਿਆ। ਦੱਸਿਆ ਜਾ ਰਿਹਾ ਹੈ ਕਿ ਉਹ ਪਿਛਲੇ ਕੁਝ ਸਮੇਂ ਤੋਂ ਬੁਢ ?ਪੇ ਨਾਲ ਜੁੜੀਆਂ ਬਿਮਾਰੀਆਂ ਨਾਲ ਪੀੜਤ ਸਨ।

# ਜ਼ਮੀਨ ਅਧਿਗ੍ਰਹਿਣ ਬੇਨਿਯਮੀਆਂ: ਮੋਗਾ ਦੀ ਵਧੀਕ ਡਿਪਟੀ ਕਮਿਸ਼ਨਰ ਚਾਰੂਮਿਤਾ ਮੁਅੱਤਲ

## *ਮੁਅੱਤਲੀ ਦੌਰਾਨ ਚਾਰੂਮਿਤਾ ਦਾ ਮੁੱਖ ਦਫਤਰ ਚੰਡੀਗੜ੍ਹ ਰਹੇਗਾ, ਸੇਵਾ ਨਿਯਮਾਂ ਅਨੁਸਾਰ ਗੁਜ਼ਾਰਾ ਭੱਤਾ ਹੀ ਮਿਲੇਗਾ*

**ਮੋਗਾ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਰਾਸ਼ਟਰੀ ਰਾਜਮਾਰਗ-703 ਪ੍ਰੋਜੈਕਟ ਨਾਲ ਜੁੜੇ 3.7 ਕਰੋੜ ਰੁਪਏ ਦੇ ਜ਼ਮੀਨ ਪ੍ਰਾਪਤੀ ਮਾਮਲੇ ਵਿੱਚ ਬੇਨਿਯਮੀਆਂ ਦੇ ਗੰਭੀਰ ਦੋਸ਼ਾਂ ਤੋਂ ਬਾਅਦ ਮੋਗਾ ਦੀ ਵਧੀਕ ਡਿਪਟੀ ਕਮਿਸ਼ਨਰ (ਏਡੀਸੀ) ਚਾਰੂਮਿਤਾ (ਪੀਸੀਐਸ) ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ।ਪੰਜਾਬ ਦੇ ਰਾਜਪਾਲ ਦੇ ਨਿਰਦੇਸ਼ਾਂ ਹੇਠ ਅਮਲਾ ਵਿਭਾਗ (ਪੀਸੀਐਸ ਸ਼ਾਖਾ) ਵੱਲੋਂ ਜਾਰੀ ਅਧਿਕਾਰਤ ਹੁਕਮ ਵਿੱਚ ਕਿਹਾ ਗਿਆ ਹੈ ਕਿ 2014 ਬੈਚ ਦੀ ਪੀਸੀਐਸ ਅਧਿਕਾਰੀ ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮ, 1970 ਦੇ ਨਿਯਮ 4(1)(ਏ) ਤਹਿਤ ਮੁਅੱਤਲ ਕੀਤਾ ਗਿਆ ਹੈ। ਉਸ ਦੀ ਮੁਅੱਤਲੀ ਦੌਰਾਨ, ਚਾਰੂਮਿਤਾ ਦਾ ਮੁੱਖ ਦਫਤਰ ਚੰਡੀਗੜ੍ਹ ਰਹੇਗਾ, ਅਤੇ ਉਸ ਨੂੰ ਸੇਵਾ ਨਿਯਮਾਂ ਅਨੁਸਾਰ ਗੁਜ਼ਾਰਾ ਭੱਤਾ ਮਿਲੇਗਾ।

ਲੋਕ ਨਿਰਮਾਣ ਵਿਭਾਗ (ਪੀਡਬਲਯੂਡੀ) ਨੇ ਇਸ ਸਾਲ ਸਤੰਬਰ ਵਿੱਚ ਚਾਰੂਮਿਤਾ ਨੂੰ ਰਸਮੀ ਤੌਰ 'ਤੇ ਚਾਰਜਸ਼ੀਟ ਕਰਨ ਅਤੇ ਰਾਸ਼ਟਰੀ ਰਾਜਮਾਰਗ-703 ਦੇ ਧਰਮਕੋਟ-ਸ਼ਾਹਕੋਟ ਹਿੱਸੇ ਦੇ ਨਾਲ ਐਕੁਆਇਰ ਕੀਤੀ ਜ਼ਮੀਨ ਲਈ 3.7 ਕਰੋੜ ਦੇ ਮੁਆਵਜ਼ੇ ਨਾਲ ਜੁੜੀ ਕਥਿਤ ਹੇਰਾਫੇਰੀ ਅਤੇ ਖਾਮੀਆਂ ਦੀ ਵਿਜੀਲੈਂਸ ਬਿਊਰੋ (ਵੀਬੀ) ਤੋਂ ਜਾਂਚ ਦੀ ਮੰਗ ਕੀਤੀ ਸੀ।

ਇਹ ਜ਼ਮੀਨ ਅਸਲ ਵਿੱਚ 1963 ਵਿੱਚ ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜਕ), ਫਿਰੋਜ਼ਪੁਰ ਵੱਲੋਂ ਸੜਕ ਨਿਰਮਾਣ ਲਈ ਪ੍ਰਾਪਤ ਕੀਤੀ ਗਈ ਸੀ ਅਤੇ ਪੰਜ ਦਹਾਕਿਆਂ ਤੋਂ ਵੱਧ ਸਮੇਂ ਤੋਂ ਨਿਰੰਤਰ ਜਨਤਕ ਵਰਤੋਂ ਵਿੱਚ ਰਹੀ। ਹਾਲਾਂਕਿ, 2022 ਵਿੱਚ, ਜ਼ਮੀਨ ਦੀ ਵਰਤੋਂ ਵਿੱਚ ਤਬਦੀਲੀ (ਸੀਐਲਯੂ) ਦਿੱਤੀ ਗਈ, ਜਿਸ ਨਾਲ ਜ਼ਮੀਨ ਨੂੰ ਵਪਾਰਕ ਉਦੇਸ਼ਾਂ ਲਈ ਦੁਬਾਰਾ ਮਨੋਨੀਤ ਕਰਨ ਦੀ ਆਗਿਆ ਦਿੱਤੀ ਗਈ, ਭਾਵੇਂ ਕਿ ਇਸ ਦੀ ਲੰਬੇ ਸਮੇਂ ਤੋਂ ਕਾਰਜਸ਼ੀਲ ਸੜਕ ਦੇ ਹਿੱਸੇ ਵਜੋਂ ਵਰਤੋਂ ਕੀਤੀ ਜਾ ਰਹੀ ਹੈ। ਸਾਲ 2014 ਦੇ ਰਾਸ਼ਟਰੀ ਰਾਜਮਾਰਗ ਐਕਟ, 1956 ਤਹਿਤ ਸੜਕ ਨੂੰ ਚੌੜਾ ਕਰਨ ਦੇ ਪ੍ਰੋਜੈਕਟ ਦੌਰਾਨ, ਹਾਈਵੇਅ ਦੇ ਵਿਸਥਾਰ ਲਈ ਜ਼ਮੀਨ 'ਮੁੜ ਪ੍ਰਾਪਤ' ਕੀਤੀ ਗਈ ਸੀ, ਅਤੇ 2019 ਵਿੱਚ ਜ਼ਮੀਨ ਨੂੰ ਨਵੀਂ ਪ੍ਰਾਪਤੀ ਵਜੋਂ ਮੰਨਦੇ ਹੋਏ 3.7 ਕਰੋੜ ਦਾ ਮੁਆਵਜ਼ਾ ਜਾਰੀ ਕੀਤਾ ਗਿਆ ਸੀ। ਹਾਲਾਂਕਿ, ਇਹ ਮੁਆਵਜ਼ਾ ਕਥਿਤ ਤੌਰ 'ਤੇ 1963 ਦੇ ਅਸਲ ਪ੍ਰਾਪਤੀ ਰਿਕਾਰਡਾਂ ਦੀ ਪੁਸ਼ਟੀ ਕੀਤੇ ਬਿਨਾਂ ਮਨਜ਼ੂਰ ਕੀਤਾ ਗਿਆ ਸੀ।



ਇਹ ਬੇਨਿਯਮੀਆਂ ਉਦੋਂ ਸਾਹਮਣੇ ਆਈਆਂ ਜਦੋਂ ਸਬੰਧਤਾਂ ਨੇ ਵਧੇ ਹੋਏ ਮੁਆਵਜ਼ੇ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੱਕ ਪਹੁੰਚ ਕੀਤੀ। ਅਦਾਲਤ ਦੇ ਨੋਟਿਸ ਦਾ ਜਵਾਬ ਦਿੰਦੇ ਹੋਏ ਅਧਿਕਾਰੀਆਂ ਨੇ ਪਾਇਆ ਕਿ ਅਹਿਮ ਅਧਿਗ੍ਰਹਿਣ ਦਸਤਾਵੇਜ਼ ਗੁੰਮ ਸਨ, ਜਿਸ ਕਾਰਨ ਡਿਪਟੀ ਕਮਿਸ਼ਨਰ, ਫਿਰੋਜ਼ਪੁਰ ਦੀ ਅਗਵਾਈ ਵਿੱਚ ਅਦਾਲਤ ਦੇ ਹੁਕਮਾਂ 'ਤੇ ਜਾਂਚ ਸ਼ੁਰੂ ਹੋਈ। ਜਾਂਚ ਵਿਚ ਮੋਗਾ ਦੇ ਮਾਲ ਅਧਿਕਾਰੀਆਂ ਵੱਲੋਂ ਹੱਦਬੰਦੀ, ਮੁਲਾਂਕਣ ਅਤੇ ਰਿਕਾਰਡ ਸੰਭਾਲਣ ਵਿੱਚ 'ਗੰਭੀਰ ਪ੍ਰਕਿਰਿਆਤਮਕ ਖਾਮੀਆਂ' ਦਾ ਪਤਾ ਲੱਗਾ।

ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਅਤੇ ਲੋਕ ਨਿਰਮਾਣ ਵਿਭਾਗ ਦੇ ਸਕੱਤਰ ਰਵੀ ਭਗਤ ਨੇ 2021 ਅਤੇ 2025 ਵਿਚਕਾਰ ਜਾਰੀ ਕੀਤੀਆਂ ਗਈਆਂ ਕਈ ਵਿਰੋਧੀ ਹੱਦਬੰਦੀ ਰਿਪੋਰਟਾਂ ਅਤੇ ਜੁਲਾਈ 2021 ਵਿੱਚ ਵੰਡ ਦੇ ਇੰਤਕਾਲ ਦੀ ਰਿਕਾਰਡਿੰਗ ਦਾ ਜ਼ਿਕਰ ਕੀਤਾ। ਹਾਲਾਂਕਿ ਕਿ ਜ਼ਮੀਨ 1963 ਤੋਂ ਸਰਕਾਰੀ ਵਰਤੋਂ ਅਧੀਨ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਸਿਰਫ਼ ਤਿੰਨ ਕਨਾਲ ਜ਼ਮੀਨ ਲਈ 3.62 ਕਰੋੜ ਦੀ ਵਧੀ ਹੋਈ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਗਈ ਸੀ, ਜੋ ਕਿ ਮੌਜੂਦਾ ਬਾਜ਼ਾਰ ਮੁੱਲ ਤੋਂ ਕਿਤੇ ਵੱਧ ਸੀ।

ਇਸ ਜਾਂਚ ਤੋਂ ਬਾਅਦ, ਵਿੱਤੀ ਕਮਿਸ਼ਨਰ (ਮਾਲ), ਅਨੁਰਾਗ ਵਰਮਾ ਨੇ ਧਰਮਕੋਟ ਦੇ ਤਹਿਸੀਲਦਾਰ ਮਨਿੰਦਰ ਸਿੰਘ ਅਤੇ ਨਾਇਬ ਤਹਿਸੀਲਦਾਰ ਗੁਰਦੀਪ ਸਿੰਘ ਨੂੰ ਜ਼ਮੀਨ ਦੀ ਹੱਦਬੰਦੀ ਅਤੇ ਰਿਕਾਰਡ ਤਸਦੀਕ ਵਿੱਚ ਖਾਮੀਆਂ ਲਈ ਚਾਰਜਸ਼ੀਟ ਕੀਤਾ ਹੈ। ਐਫਸੀਆਰ ਨੇ ਵਿਜੀਲੈਂਸ ਬਿਊਰੋ, ਪੀਡਬਲਯੂਡੀ ਅਤੇ ਐਨਐਚਏਆਈ ਦੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਅਤੇ ਜ਼ਿਲ੍ਹਾ ਮਾਲ ਅਧਿਕਾਰੀ, ਲੁਧਿਆਣਾ ਦੀ ਨਿਗਰਾਨੀ ਹੇਠ ਵਿਵਾਦਿਤ ਜ਼ਮੀਨ ਦੀ ਨਵੀਂ ਹੱਦਬੰਦੀ ਦੇ ਹੁਕਮ ਵੀ ਦਿੱਤੇ ਹਨ।

ਵਿਜੀਲੈਂਸ ਬਿਊਰੋ ਮੁਆਵਜ਼ੇ ਅਤੇ ਸੀਐਲਯੂ ਪ੍ਰਵਾਨਗੀਆਂ ਵਿੱਚ ਸ਼ਾਮਲ ਸਾਰੇ ਅਧਿਕਾਰੀਆਂ ਦੀ ਜਾਂਚ ਕਰ ਰਿਹਾ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਜਾਣਬੁੱਝ ਕੇ ਦੁਰਵਿਵਹਾਰ ਜਾਂ ਮਿਲੀਭੁਗਤ ਕੀਤੀ ਗਈ ਸੀ। ਏਡੀਸੀ ਚਾਰੂਮਿਤਾ ਦੀ ਮੁਅੱਤਲੀ ਅਤੇ ਦੋ ਤਹਿਸੀਲਦਾਰਾਂ ਨੂੰ ਜਾਰੀ ਕੀਤੀਆਂ ਗਈਆਂ ਚਾਰਜਸ਼ੀਟਾਂ ਦੇ ਨਾਲ ਜਾਂਚ ਦਾ ਘੇਰਾ ਵਿਸ਼ਾਲ ਹੁੰਦਾ ਜਾਪਦਾ ਹੈ। ਸੀਨੀਅਰ ਅਧਿਕਾਰੀਆਂ ਨੇ ਸੰਕੇਤ ਦਿੱਤਾ ਕਿ ਮੋਗਾ ਜ਼ਿਲ੍ਹਾ ਪ੍ਰਸ਼ਾਸਨ ਅਤੇ ਲੋਕ ਨਿਰਮਾਣ ਵਿਭਾਗ ਦੇ ਹੋਰ ਅਧਿਕਾਰੀਆਂ ਨੂੰ ਅਨੁਸ਼ਾਸਨੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਵਿਜੀਲੈਂਸ ਬਿਊਰੋ ਕਥਿਤ ਜ਼ਮੀਨ ਪ੍ਰਾਪਤੀ ਘੁਟਾਲੇ ਦੀ ਡੂੰਘਾਈ ਨਾਲ ਜਾਂਚ ਕਰ ਰਿਹਾ ਹੈ।

# ਆਵਾਰਾ ਕੁੱਤਿਆਂ ਤੇ ਪਸ਼ੂਆਂ ਨੂੰ ਜਨਤਕ ਥਾਂਵਾਂ ਤੋਂ ਹਟਾਇਆ ਜਾਵੇ : ਸੁਪਰੀਮ ਕੋਰਟ

**ਨਵੀਂ ਦਿੱਲੀ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਦੇਸ਼ ਭਰ ਵਿੱਚ ਵੱਧ ਰਹੀ ਆਵਾਰਾ ਕੁੱਤਿਆਂ ਦੀ ਸਮੱਸਿਆ 'ਤੇ ਸਖ਼ਤ ਰੁਖ਼ ਅਪਣਾਉਂਦੇ ਹੋਏ, ਵਿਦਿਅਕ ਸੰਸਥਾਵਾਂ, ਹਸਪਤਾਲਾਂ, ਬੱਸ ਸਟੈਂਡਾਂ, ਰੇਲਵੇ ਸਟੇਸ਼ਨਾਂ ਅਤੇ ਹੋਰ ਜਨਤਕ ਥਾਵਾਂ ਤੋਂ ਆਵਾਰਾ ਕੁੱਤਿਆਂ ਤੇ ਹੋਰ ਪਸ਼ੂਆਂ ਨੂੰ ਤੁਰੰਤ ਹਟਾਉਣ ਦੇ ਹੁਕਮ ਦਿੱਤੇ ਹਨ। ਅਦਾਲਤ ਨੇ ਸਪੱਸ਼ਟ ਕੀਤਾ ਕਿ ਇਨ੍ਹਾਂ ਕੁੱਤਿਆਂ/ਪਸ਼ੂਆਂ ਨੂੰ ਉਨ੍ਹਾਂ ਲਈ ਬਣੇ ਸੁਰੱਖਿਅਤ ਆਸਰਾ ਟਿਕਾਣਿਆਂ 'ਤੇ ਤਬਦੀਲ ਕੀਤਾ ਜਾਵੇ। ਕੋਰਟ ਨੇ ਕਿਹਾ ਕਿ ਇਨ੍ਹਾਂ ਕੁੱਤਿਆਂ ਨੂੰ ਉਸੇ ਜਗ੍ਹਾ ਵਾਪਸ ਨਹੀਂ ਛੱਡਿਆ ਜਾਣਾ ਚਾਹੀਦਾ ਜਿੱਥੋਂ ਉਨ੍ਹਾਂ ਨੂੰ ਫੜਿਆ ਗਿਆ ਸੀ। ਜਸਟਿਸ ਵਿਕਰਮ ਨਾਥ ਦੀ ਅਗਵਾਈ ਵਾਲੇ ਬੈਂਚ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਇਸ ਸਬੰਧ ਵਿੱਚ ਐਮੀਕਸ ਕਿਊਰੀ (ਅਦਾਲਤੀ ਮਿੱਤਰ) ਵੱਲੋਂ ਪੇਸ਼ ਕੀਤੇ ਗਏ ਸੁਝਾਵਾਂ ਨੂੰ ਲਾਗੂ ਕਰਨ ਦੇ ਨਿਰਦੇਸ਼ ਦਿੱਤੇ। ਅਦਾਲਤ ਨੇ ਕਿਹਾ ਕਿ ਜਨਤਕ ਥਾਵਾਂ 'ਤੇ ਆਵਾਰਾ ਕੁੱਤਿਆਂ ਦੀ ਵੱਧ ਰਹੀ ਗਿਣਤੀ ਨਾ ਸਿਰਫ਼ ਜਨਤਕ ਸੁਰੱਖਿਆ ਲਈ ਖ਼ਤਰਾ ਪੈਦਾ ਕਰਦੀ ਹੈ, ਸਗੋਂ ਬੱਚਿਆਂ, ਮਰੀਜ਼ਾਂ ਅਤੇ ਬਜ਼ੁਰਗਾਂ ਲਈ ਵੀ ਗੰਭੀਰ ਚਿੰਤਾ ਦਾ ਵਿਸ਼ਾ ਹੈ।



ਬੈਂਚ ਨੇ ਰਾਜ ਸਰਕਾਰਾਂ ਅਤੇ ਸਥਾਨਕ ਸੰਸਥਾਵਾਂ ਨੂੰ ਕੁੱਤਿਆਂ ਦੀ ਦੇਖਭਾਲ, ਟੀਕਾਕਰਨ ਅਤੇ ਪੁਨਰਵਾਸ ਨੂੰ ਯਕੀਨੀ ਬਣਾਉਣ ਲਈ ਯੋਜਨਾਬੱਧ ਅਤੇ ਮਨੁੱਖੀ ਹੱਲ ਅਪਣਾਉਣ ਦੀ ਵੀ ਅਪੀਲ ਕੀਤੀ। ਅਦਾਲਤ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਕਦਮ ਕਿਸੇ ਵੀ ਪ੍ਰਜਾਤੀ ਦੇ ਵਿਰੁੱਧ ਨਹੀਂ ਸੀ, ਸਗੋਂ ਜਨਤਕ ਸੁਰੱਖਿਆ ਅਤੇ ਸਿਹਤ ਦੀ ਰੱਖਿਆ ਲਈ ਜ਼ਰੂਰੀ ਸੀ।

ਸੁਪਰੀਮ ਕੋਰਟ ਦੇ ਇਸ ਹੁਕਮ ਨਾਲ, ਹੁਣ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਦੇਸ਼ ਭਰ ਵਿੱਚ ਵਿਦਿਅਕ ਕੈਂਪਸਾਂ, ਹਸਪਤਾਲਾਂ ਅਤੇ ਜਨਤਕ ਥਾਵਾਂ 'ਤੇ ਲੋਕਾਂ ਦੀ ਸੁਰੱਖਿਆ ਸਬੰਧੀ ਵੱਧ ਰਹੇ ਫ਼ਿਕਰਾਂ ਨੂੰ ਦੂਰ ਕਰਨ ਲਈ ਠੋਸ ਕਾਰਵਾਈ ਕੀਤੀ ਜਾਵੇਗੀ। ਰਾਜਾਂ ਨੂੰ ਅਦਾਲਤ ਦੇ ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਨਿਰਧਾਰਤ ਸਮਾਂ-ਸੀਮਾ ਅੰਦਰ ਆਪਣੀਆਂ ਰਿਪੋਰਟਾਂ ਜਮ੍ਹਾਂ ਕਰਾਉਣੀਆਂ ਚਾਹੀਦੀਆਂ ਹਨ।

# ਕੈਟਰੀਨਾ ਕੈ.ਫ ਬਣੀ ਮਾਂ, ਪੁੱਤਰ ਨੂੰ ਦਿੱਤਾ ਜਨਮ



**ਮੁੰਬਈ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਲੀਵੁੱਡ ਅਦਾਕਾਰਾ ਕੈਟਰੀਨਾ ਕੈਫ ਮਾਂ ਬਣ ਗਈ ਹੈ। ਉਨ੍ਹਾਂ ਨੇ ਪੁੱਤਰ ਨੂੰ ਜਨਮ ਦਿੱਤਾ ਹੈ। ਕੈਟਰੀਨਾ ਦੇ ਪਤੀ ਵਿੱਕੀ ਕੌਸ਼ਲ ਨੇ ਇੰਸਟਾਗ੍ਰਾਮ 'ਤੇ ਇਕ ਪੋਸਟ ਸਾਂਝੀ ਕੀਤੀ, ਜਿਸ ਵਿਚ ਉਨ੍ਹਾਂ ਵਲੋਂ ਬੱਚੇ ਦੇ ਜਨਮ ਦਾ ਐਲਾਨ ਕੀਤਾ ਗਿਆ। ਵਿਆਹ ਦੇ ਚਾਰ ਸਾਲ ਬਾਅਦ ਕੈਟਰੀਨਾ ਅਤੇ ਵਿੱਕੀ ਮਾਤਾ-ਪਿਤਾ ਬਣੇ ਹਨ। ਕੈਟਰੀਨਾ ਅਤੇ ਵਿੱਕੀ ਨੇ ਆਪਣੀ ਪੋਸਟ ਵਿਚ ਲਿਖਿਆ ਕਿ ਸਾਡੀ ਖੁਸ਼ੀ ਦਾ ਛੋਟਾ ਜਿਹਾ ਤੋਹਫ਼ਾ ਆ ਗਿਆ ਹੈ। ਬਹੁਤ ਪਿਆਰ ਅਤੇ ਸ਼ੁਕਰਗੁਜ਼ਾਰੀ ਨਾਲ ਅਸੀਂ ਆਪਣੇ ਪੁੱਤਰ ਦਾ ਸਵਾਗਤ ਕਰਦੇ ਹਾਂ।

# ਡਾ. ਸਤਿੰਦਰ ਸਰਤਾਜ ਦੀ ਰੂਹਾਨੀ ਰਚਨਾ ਹਿੰਦ ਦੀ ਚਾਦਰ ਲਈ ਡੀ.ਐੱਸ.ਜੀ.ਐੱਮ.ਸੀ. ਵੱਲੋਂ ਸਨਮਾਨ : ਹਰਮੀਤ ਸਿੰਘ ਕਾਲਕਾ

**ਨਵੀਂ ਦਿੱਲੀ, 8 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ . ਵੱਲੋਂ ਸੰਸਾਰ ਪ੍ਰਸਿੱਧ ਗਾਇਕ, ਸੰਗੀਤਕਾਰ ਅਤੇ ਕਵੀ ਡਾ. ਸਤਿੰਦਰ ਸਰਤਾਜ ਦਾ ਸਨਮਾਨ ਕੀਤਾ ਗਿਆ ਹੈ। ਇਹ ਸਨਮਾਨ ਉਨ੍ਹਾਂ ਦੀ ਉਸ ਰੂਹਾਨੀ ਤੇ ਭਾਵਪੂਰਨ ਰਚਨਾ ਹਿੰਦ ਦੀ ਚਾਦਰ ਲਈ ਕੀਤਾ ਗਿਆ ਜੋ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਹੈ।



ਸਰਦਾਰ ਕਾਲਕਾ ਨੇ ਕਿਹਾ ਕਿ ਡਾ. ਸਰਤਾਜ ਦੀ ਇਹ ਰਚਨਾ ਨਾ ਸਿਰਫ਼ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕੁਰਬਾਨੀ ਦੀ ਯਾਦ ਤਾਜ਼ਾ ਕਰਦੀ ਹੈ, ਸਗੋਂ ਮਨੁੱਖਤਾ, ਧਰਮ ਅਤੇ ਸੱਚ ਦੀ ਰੱਖਿਆ ਲਈ ਦਿੱਤੇ ਉਨ੍ਹਾਂ ਦੇ ਸੰਦੇਸ਼ ਨੂੰ ਵੀ ਸੰਸਾਰ ਭਰ ਵਿੱਚ ਪ੍ਰਸਾਰਿਤ ਕਰਦੀ ਹੈ। ਉਨ੍ਹਾਂ ਦੀ ਇਹ ਗੀਤਕ ਰਚਨਾ ਗੁਰੂ ਸਾਹਿਬ ਦੀ ਬੇਮਿਸਾਲ ਕੁਰਬਾਨੀ ਦੀ ਰੂਹਾਨੀ ਝਲਕ ਹੈ ਜੋ ਕਰੋੜਾਂ ਦਿਲਾਂ ਵਿੱਚ ਸ਼ਰਧਾ ਅਤੇ ਪ੍ਰੇਰਨਾ ਦਾ ਸਰੋਤ ਬਣੀ ਹੋਈ ਹੈ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਡਾ. ਸਤਿੰਦਰ ਸਰਤਾਜ ਵਰਗੇ ਕਲਾਕਾਰ ਸਿੱਖ ਇਤਿਹਾਸ ਅਤੇ ਸਭਿਆਚਾਰ ਨੂੰ ਆਪਣੀ ਕਲਾ ਰਾਹੀਂ ਜੀਵੰਤ ਰੱਖ ਰਹੇ ਹਨ। ਉਨ੍ਹਾਂ ਦੇ ਰੂਹਾਨੀ ਸੁਰਾਂ ਨੇ ਗੁਰੂ ਸਾਹਿਬ ਦੇ ਬਚਨ — ਸਿਰ ਦਿੱਆ ਪਰ ਸਿਰਧਰਮ ਨਾ ਦਿੱਤਾ — ਦੀ ਅਸਲੀ ਭਾਵਨਾ ਨੂੰ ਲੋਕਾਂ ਦੇ ਹਿਰਦਿਆਂ ਤੱਕ ਪਹੁੰਚਾਇਆ ਹੈ।

ਡੀ.ਐੱਸ.ਜੀ.ਐੱਮ.ਸੀ. ਵੱਲੋਂ ਡਾ. ਸਰਤਾਜ ਦੇ ਯੋਗਦਾਨ ਨੂੰ ਸਿਰਮੌਰ ਕਲਾ ਦੀ ਮਿਸਾਲ ਮੰਨਦੇ ਹੋਏ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਗੱਲ ਦਾ ਵੀ ਐਲਾਨ ਕੀਤਾ ਕਿ ਆਉਣ ਵਾਲੀਆਂ ਸ਼ਹੀਦੀ ਸਮਾਰੋਹਾਂ ਵਿੱਚ ਉਨ੍ਹਾਂ ਦੀ ਇਹ ਰਚਨਾ ਹਿੰਦ ਦੀ ਚਾਦਰ ਵਿਸ਼ੇਸ਼ ਰੂਪ ਵਿੱਚ ਪ੍ਰਸਤੁਤ ਕੀਤੀ ਜਾਵੇਗੀ ਤਾਂ ਜੋ ਸੰਗਤਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਲਿਦਾਨ ਆਤਮਾ ਨਾਲ ਜੁੜ ਸਕਣ।

# ਗੋਨਿਆਣਾ ਮੰਡੀ 'ਚ ਰਾਜਸਥਾਨੀ ਝੋਨੇ ਨੂੰ ਲੈ ਕੇ ਕਰੋੜਾਂ ਦਾ ਘਪਲਾ, ਕਿਸਾਨਾਂ ਨੇ ਕੀਤੀ ਜਾਂਚ ਦੀ ਮੰਗ

**ਕੌਮੀ ਪਤ੍ਰਿਕਾ**

ਗੋਨਿਆਣਾ ਮੰਡੀ 8 ਨਵੰਬਰ। ਮਾਰਕੀਟ ਕਮੇਟੀ ਗੋਨਿਆਣਾ ਦੇ ਅਧੀਨ ਆਉਂਦੇ ਸੈਂਟਰਾਂ 'ਚ ਇਸ ਵਾਰ ਖ਼ਰੀਦ ਮੌਸਮ ਦੌਰਾਨ ਜੋ ਕੁੱਝ ਹੋਇਆ ਹੈ, ਉਸ ਨੇ ਸੂਬਾ ਭਰ ਦੇ ਕਿਸਾਨਾਂ ਅਤੇ ਆੜ੍ਹਤੀਆਂ 'ਚ ਚਰਚਾ ਦਾ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਪੂਰੇ ਪੰਜਾਬ 'ਚ ਜਿੱਥੇ ਇਸ ਵਾਰ ਝਾੜ ਸਿਰਫ਼ 60 ਮਣ ਪ੍ਰਤੀ ਏਕੜ ਦੇ ਆਸ-ਪਾਸ ਹੀ ਨਿਕਲਿਆ, ਉੱਥੇ ਗੋਨਿਆਣਾ ਮੰਡੀ ਦੇ ਅਧੀਨ ਆਉਂਦੇ ਸੈਂਟਰਾਂ 'ਚ ਤਕਰੀਬਨ 100 ਫ਼ੀਸਦੀ ਖ਼ਰੀਦ ਦਰਜ ਹੋਣਾ ਆਪਣੇ ਆਪ ਵਿੱਚ ਹੀ ਵੱਡਾ ਪ੍ਰਸ਼ਨ ਚਿੰਨ੍ਹ ਹੈ। ਜਦੋਂ ਪੈਦਾਵਾਰ ਘੱਟ ਨਿਕਲੀ, ਫਿਰ ਖ਼ਰੀਦ ਪੂਰੀ ਕਿਵੇਂ ਹੋ ਸਕਦੀ ਹੈ? ਇਸ ਦੇ ਪਿੱਛੇ ਚੱਲ ਰਿਹਾ ਧੰਦਾ ਹੌਲੀ-ਹੌਲੀ ਬੇਨਕਾਬ ਹੋ ਰਿਹਾ ਹੈ, ਜਿਸ ਦਾ ਮਾਸਟਰ ਮਾਈਂਡ ਇਲਾਕੇ ਦਾ ਹੀ ਇੱਕ ਵਿਅਕਤੀ ਦੱਸਿਆ ਜਾ ਰਿਹਾ ਹੈ, ਜਿਸ ਨੇ ਕੁੱਝ ਆੜ੍ਹਤੀਆਂ ਅਤੇ ਅਧਿਕਾਰੀਆਂ ਨਾਲ ਮਿਲ ਕੇ ਕਰੋੜਾਂ ਰੁਪਏ ਦੀ ਕਾਲੀ ਕਮਾਈ ਦਾ ਜਾਲ ਤਾਣਿਆ। ਇਹ ਸਾਰਾ ਖੇਡ ਰਾਜਸਥਾਨ ਤੋਂ ਆਏ ਘਟੀਆ ਗੁਣਵੱਤਾ ਵੱਧ ਮੈਚਿਓਰ ਵਾਲੇ ਝੋਨੇ ਨਾਲ ਖੇਡਿਆ ਗਿਆ, ਜੋ ਗੋਨਿਆਣਾ ਮੰਡੀ ਅਤੇ ਉਸ ਦੇ ਅਧੀਨ ਸੈਂਟਰਾਂ ਵਿੱਚ ਚੁੱਪਚਾਪ ਲਿਆਂਦਾ ਗਿਆ। ਮਾਰਕੀਟ ਕਮੇਟੀ ਨੇ ਕੁੱਝ ਸਥਾਨਾਂ ਤੋਂ ਗੈਰ-ਕਾਨੂੰਨੀ ਮਾਲ ਫੜਿ ਆ ਵੀ ਪਰ ਬਾਅਦ ਵਿੱਚ ਵੱਡੀ ਮਾਤਰਾ ਵਿਚ ਮਾਲ ਛੱਡ ਦਿੱਤਾ ਗਿਆ, ਜੋ ਸਿੱਧਾ ਸੰਕੇਤ ਕਰਦਾ ਹੈ ਕਿ ਮਾਮਲੇ ਵਿੱਚ ਉੱਚ ਪੱਧਰ ਤੱਕ ਮਿਲੀ-ਭੁਗਤ ਹੋ ਸਕਦੀ ਹੈ। ਮੰਡੀ ਦੇ ਜਾਣਕਾਰਾਂ ਮੁਤਾਬਕ ਇਹ ਕੰਮ ਕੋਈ ਇਕ ਦਿਨ ਦੀ ਕਹਾਣੀ ਨਹੀਂ, ਸਗੋਂ ਪੂਰੀ ਯੋਜਨਾ ਤਹਿਤ ਚੱਲਿਆ। ਕਈ ਆੜ੍ਹਤੀਆਂ ਨੇ ਰਾਜਸਥਾਨ ਤੋਂ ਘਟੀਆ ਕਿਸਮ ਦਾ ਝੋਨਾ ਮੰਗਵਾ ਕੇ ਪੰਜਾਬੀ ਕਿਸਾਨਾਂ ਦੀ ਮਿਹਨਤ ਨਾਲ ਧੋਖਾ ਕੀਤਾ। ਇਸ



ਸਾਰੀ ਗਤੀਵਿਧੀ ਦਾ ਮੂਲ ਬਿੰਦੂ ਉਹ ਵਿਅਕਤੀ ਹੈ, ਜੋ ਆਪਣੇ ਆਪ ਨੂੰ 'ਸਿਸਟਮ ਦਾ ਖਿਡਾਰੀ' ਕਹਿੰਦਾ ਹੈ ਅਤੇ ਅਧਿਕਾਰੀਆਂ ਨਾਲ ਮਿਲ ਜਿਸ ਦਾ ਮਾਸਟਰ ਮਾਈਂਡ ਇਲਾਕੇ ਦਾ ਹੀ ਇੱਕ ਵਿਅਕਤੀ ਦੱਸਿਆ ਜਾ ਰਿਹਾ ਹੈ, ਜਿਸ ਨੇ ਕੁੱਝ ਆੜ੍ਹਤੀਆਂ ਅਤੇ ਅਧਿਕਾਰੀਆਂ ਨਾਲ ਮਿਲ ਕੇ ਕਰੋੜਾਂ ਰੁਪਏ ਦੀ ਕਾਲੀ ਕਮਾਈ ਦਾ ਜਾਲ ਤਾਣਿਆ। ਇਹ ਸਾਰਾ ਖੇਡ ਰਾਜਸਥਾਨ ਤੋਂ ਆਏ ਘਟੀਆ ਗੁਣਵੱਤਾ ਵੱਧ ਮੈਚਿਓਰ ਵਾਲੇ ਝੋਨੇ ਨਾਲ ਖੇਡਿਆ ਗਿਆ, ਜੋ ਗੋਨਿਆਣਾ ਮੰਡੀ ਅਤੇ ਉਸ ਦੇ ਅਧੀਨ ਸੈਂਟਰਾਂ ਵਿੱਚ ਚੁੱਪਚਾਪ ਲਿਆਂਦਾ ਗਿਆ। ਮਾਰਕੀਟ ਕਮੇਟੀ ਨੇ ਕੁੱਝ ਸਥਾਨਾਂ ਤੋਂ ਗੈਰਕੇ ਹਰ ਕੰਮ ਸੈੱਟ ਕਰਦਾ ਹੈ। ਸੂਤਰਾਂ ਦੇ ਅਨੁਸਾਰ ਇਹ ਵਿਅਕਤੀ ਕਈ ਸੈਲਰਾਂ ਤੇ ਸਰਕਾਰੀ ਅਫ਼ਸਰਾਂ ਨਾਲ ਗੂੜ੍ਹੀ ਮਿਲੀ-ਭੁਗਤ ਰੱਖਦਾ ਹੈ। ਉਸ ਨੇ ਰਾਜਸਥਾਨ ਤੋਂ ਟਰਾਲੀਆਂ ਭਰ ਝੋਨਾ ਮੰਗਵਾ ਕੇ ਗੋਨਿਆਣਾ ਮੰਡੀ ਤੇ ਨੇੜਲੇ ਸੈਂਟਰਾਂ ਵਿੱਚ ਸਰਕਾਰੀ ਖ਼ਰੀਦ ਵਜੋਂ ਖਪਾ ਦਿੱਤਾ। ਝੋਨਾ ਇੰਨਾ ਘਟੀਆ ਸੀ ਕਿ ਕਿਸੇ ਨੇ ਦੇਖਿਆ ਹੋਵੇ ਤਾਂ ਤੁਰੰਤ ਪਛਾਣ ਲਵੇ ਕਿ ਇਹ ਪੰਜਾਬੀ ਝੋਨਾ ਨਹੀਂ ਪਰ ਅਫ਼ਸਰਾਂ ਦੀ ਮਿਲੀ-ਭੁਗਤ ਦੇ ਕਾਰਨ ਇਹ ਝੋਨਾ ਬੇਰੋਕ-ਟੋਕ ਸੈਲਰਾਂ ਵਿੱਚ ਉਤਾਰਿਆ ਗਿਆ ਅਤੇ ਕਾਗਜ਼ਾਂ 'ਤੇ ਦਰਜ ਹੋ ਗਿਆ। ਜਿਵੇਂ ਇਹ ਸਥਾਨਕ ਕਿਸਾਨਾਂ ਦਾ ਹੀ ਮਾਲ ਹੋਵੇ। ਇਸ ਗੈਰ-ਕਾਨੂੰਨੀ ਵਪਾਰ ਵਿੱਚ ਕਈ ਆੜ੍ਹਤੀਏ, ਸੈਲਰ ਮਾਲਕ ਅਤੇ ਕੁੱਝ ਵੱਡੇ ਅਧਿਕਾਰੀ ਵੀ ਸ਼ਾਮਲ ਦੱਸੇ ਜਾ ਰਹੇ ਹਨ। ਪ੍ਰੈੱਸ ਮੀਡੀਆ ਰਾਹੀਂ ਕਿਸਾਨਾਂ ਅਤੇ ਆੜ੍ਹਤੀਆਂ ਨੇ ਖੁੱਲ੍ਹੀ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਵਿਜੀਲੈਂਸ ਤੋਂ ਨਹੀਂ, ਸਿੱਧੀ ਸੀ. ਬੀ. ਆਈ. ਤੋਂ ਕਰਾਈ ਜਾਵੇ ਤਾਂ ਜੋ ਸੱਚਾਈ ਪੂਰੀ ਤਰ੍ਹਾਂ ਸਾਹਮਣੇ ਆ ਸਕੇ। ਉਨ੍ਹਾਂ ਨੇ ਕਿਹਾ ਕਿ ਜੇਕਰ ਸੀ. ਬੀ. ਆਈ. ਦੀ ਜਾਂਚ ਹੋਈ ਤਾਂ ਕਰੋੜਾਂ ਰੁਪਏ ਦੇ ਘਪਲੇ ਅਤੇ ਅਫ਼ਸਰਾਂ ਦੀਆਂ ਕਾਲੀਆਂ ਕਮਾਈਆਂ ਸਭ ਦੇ ਸਾਹਮਣੇ ਆ ਜਾਣਗੀਆਂ। ਕਿਸਾਨਾਂ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਦਾ ਵਧੀਆ ਝੋਨਾ ਮੰਡੀ ਵਿੱਚ ਰੁਲਦਾ ਰਿਹਾ, ਉਦੋਂ ਦੂਸਰੇ ਪਾਸੇ ਰਾਜਸਥਾਨ ਦਾ ਘਟੀਆ ਮਾਲ ਸੈਲਰਾਂ ਵਿੱਚ ਉਤਾਰਿਆ ਗਿਆ ਅਤੇ ਉਹ ਵੀ ਉੱਚ ਦਰਾਂ 'ਤੇ। ਇਸ ਨਾਲ ਨਾ ਸਿਰਫ਼ ਸਰਕਾਰ ਨੂੰ ਨੁਕਸਾਨ ਪਹੁੰਚਿਆ, ਸਗੋਂ ਪੰਜਾਬੀ ਕਿਸਾਨ ਦੀ ਮਿਹਨਤ ਦਾ ਮਜ਼ਾਕ ਬਣਾਇਆ ਗਿਆ।

## ਡਰੈੱਸ ਕੋਡ ਜਾਂ ਲੋਕਾਂ ਨੂੰ ਬੇਇੱਜ਼ਤ ਕਰਨ ਦਾ ਢੰਗ ! ਲੂੰਗੀ ਪਹਿਨੇ ਬਜ਼ੁਰਗ ਨੂੰ ਹੋਟਲ ਸਟਾਫ਼ ਨੇ ਕੱਢਿਆ ਬਾਹਰ

ਨੈਸ਼ਨਲ ਡੈਸਕ 8 ਨਵੰਬਰ। ਛੱਤੀਸਗੜ੍ਹ ਦੇ ਰਾਏਗੜ੍ਹ ਜ਼ਿਲ੍ਹੇ 'ਚ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇਕ ਬਜ਼ੁਰਗ ਵਿਅਕਤੀ ਨੂੰ ਲੂੰਗੀ ਪਹਿਨਣ ਕਾਰਨ ਹੋਟਲ 'ਚ ਦਾਖ਼ਲ ਨਹੀਂ ਹੋਣ ਦਿੱਤਾ ਗਿਆ, ਜਿਸ ਤੋਂ ਬਾਅਦ ਹੋਟਲ 'ਚ ਹੰਗਾਮਾ ਖੜ੍ਹਾ ਹੋ ਗਿਆ। ਇਹ ਘਟਨਾ ਜੂਟ ਮਿਲ ਥਾਣਾ ਖੇਤਰ ਦੇ ਹੋਟਲ ਅਮਾਇਆ ਦੀ ਹੈ, ਜਿੱਥੇ ਇਕ ਬਜ਼ੁਰਗ ਆਪਣੇ ਪਰਿਵਾਰ ਸਮੇਤ ਪੋਤੇ ਦਾ ਜਨਮਦਿਨ ਮਨਾਉਣ ਪਹੁੰਚੇ ਸਨ। ਪਰ ਹੋਟਲ ਦੇ ਸਟਾਫ ਨੇ ਉਨ੍ਹਾਂ ਨੂੰ ਲੂੰਗੀ ਪਹਿਨਣ ਕਾਰਨ ਅੰਦਰ ਜਾਣ ਤੋਂ ਰੋਕ ਦਿੱਤਾ। ਜਦੋਂ ਹੋਰ ਲੋਕਾਂ ਅਤੇ ਪਰਿਵਾਰ ਦੇ ਮੈਂਬਰਾਂ ਨੂੰ ਇਹ ਪਤਾ ਲੱਗਾ, ਤਾਂ ਉਨ੍ਹਾਂ ਨੇ ਹੋਟਲ ਦੇ ਬਾਹਰ ਇਕੱਠੇ ਹੋ ਕੇ ਵਿਰੋਧ ਪ੍ਰਦਰਸ਼ਨ ਕੀਤਾ। ਲੋਕਾਂ ਦਾ ਕਹਿਣਾ ਸੀ ਕਿ ਇਹ ਬਜ਼ੁਰਗ ਦੇ ਨਾਲ ਬੇਅਦਬੀ ਹੈ ਅਤੇ ਪਾਰੰਪਰਿਕ ਪਹਿਰਾਵੇ ਅਤੇ ਸੱਭਿਆਚਾਰਕ ਮਾਨਤਾਵਾਂ ਦਾ ਅਪਮਾਨ ਹੈ। ਕੁਝ ਸਮੇਂ ਲਈ ਹੋਟਲ 'ਚ ਤਣਾਅ ਦਾ ਮਾਹੌਲ ਬਣ ਗਿਆ। ਹਾਲਾਂਕਿ ਬਜ਼ੁਰਗ ਵਿਅਕਤੀ ਸ਼ਾਂਤ ਸੁਭਾਅ ਦੇ ਸਨ, ਪਰ ਲੋਕਾਂ ਨੇ ਹੋਟਲ ਸਟਾਫ ਦੇ ਰਵੱਈਏ 'ਤੇ ਨਾਰਾਜ਼ਗੀ ਜ਼ਾਹਰ ਕੀਤੀ ਅਤੇ ਬਜ਼ੁਰਗ ਦੇ ਸਨਮਾਨ ਦੀ ਮੰਗ ਕੀਤੀ। ਵਧਦੇ ਵਿਰੋਧ ਨੂੰ ਦੇਖਦੇ ਹੋਏ ਹੋਟਲ ਪ੍ਰਬੰਧਨ ਨੇ ਜਨਤਕ ਤੌਰ 'ਤੇ ਮੁਆਫ਼ੀ ਮੰਗੀ ਅਤੇ ਕਿਹਾ ਕਿ ਇਹ ਇਕ ਗਲਤਫ਼ਹਿਮੀ ਸੀ। ਪ੍ਰਬੰਧਨ ਨੇ ਇਹ ਵੀ ਭਰੋਸਾ ਦਿੱਤਾ ਕਿ ਭਵਿੱਖ 'ਚ ਸਾਰੇ ਗਾਹਕਾਂ ਦੀ ਸੱਭਿਆਚਾਰ ਅਤੇ ਪਰੰਪਰਾ ਦਾ ਆਦਰ ਕੀਤਾ ਜਾਵੇਗਾ। ਇਸ ਤੋਂ ਬਾਅਦ ਮਾਮਲਾ ਸ਼ਾਂਤ ਹੋ ਗਿਆ।

## ਮੁੰਡੇ ਨੂੰ ਅਸ਼ਲੀਲ ਵੀਡੀਓ ਵਾਇਰਲ ਕਰਨ ਦਾ ਡਰਾਵਾ ਦੇ ਕੇ ਕੀਤਾ ਬਲੈਕਮੇਲ ਤੇ ਫ਼ਿਰ...

ਲੁਧਿਆਣਾ 8 ਨਵੰਬਰ। ਡੇਹਲੋਂ ਇਲਾਕੇ ਵਿਚ ਦੋ ਨੌਜਵਾਨਾਂ ਨੇ ਦੋਲੋਂ ਕਲਾਂ ਪਿੰਡ ਦੇ ਇਕ ਨੌਜਵਾਨ ਨੂੰ ਬੰਧਕ ਬਣਾ ਲਿਆ, ਉਸ ਨਾਲ ਕੁੱਟਮਾਰ ਕੀਤੀ, ਆਪਣੇ ਮੋਬਾਈਲ ਫੋਨ 'ਤੇ ਅਸ਼ਲੀਲ ਵੀਡੀਓ ਬਣਾਈ ਅਤੇ ਕਿਹਾ ਕਿ ਜੇਕਰ ਉਹ ਪੁਲਸ ਸ਼ਿਕਾਇਤ ਦਰਜ ਕਰਵਾਉਂਦਾ ਹੈ ਤਾਂ ਉਸ ਨੂੰ ਜਾਨੋਂ ਮਾਰਨ ਦੇਣਗੇ। ਪੀੜਤ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ ਡੇਹਲੋਂ ਪੁਲਸ ਨੇ ਦੋਸ਼ੀ ਪ੍ਰਿੰਸ ਅਤੇ ਪਿੰਦਾ ਵਿਰੁੱਧ ਮਾਮਲਾ ਦਰਜ ਕੀਤਾ। ਪੀੜਤ ਨੇ ਦੱਸਿਆ ਕਿ 18 ਅਗਸਤ, 2025 ਨੂੰ ਉਹ ਆਪਣੇ ਘਰ ਤੋਂ ਦੋਲੋਂ ਕਲਾਂ ਪਿੰਡ ਵੱਲ ਆਪਣੇ ਮੋਟਰਸਾਈਕਲ 'ਤੇ ਜਾ ਰਿਹਾ ਸੀ। ਉਹ ਇਕ ਇੱਟਾਂ ਵੇਖਣ ਲਈ ਇੱਟਾਂ ਦੇ ਭੱਠੇ 'ਤੇ ਰੁਕਿਆ। ਇਸ ਦੌਰਾਨ ਦੋ ਆਦਮੀਆਂ, ਪ੍ਰਿੰਸ ਅਤੇ ਪਿੰਦਾ ਨੇ ਉਸ ਨੂੰ ਰੋਕ ਲਿਆ ਤੇ ਉਸ 'ਤੇ ਜਾਸੂਸੀ ਦਾ ਦੋਸ਼ ਲਗਾ ਕੇ ਬੁਰੀ ਤਰ੍ਹਾਂ ਕੁੱਟਿਆ। ਪੀੜਤ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਉਸ ਦੀ ਇਕ ਅਸ਼ਲੀਲ ਵੀਡੀਓ ਬਣਾਈ ਅਤੇ ਇਸ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਦੀ ਧਮਕੀ ਦਿੱਤੀ ਕਿ ਜੇਕਰ ਉਸ ਨੇ ਇਸ ਬਾਰੇ ਕਿਸੇ ਨੂੰ ਦੱਸਿਆ ਤਾਂ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ। ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## 73 ਸਾਲਾ ਬੇਬੇ ਨੂੰ ਲੈ ਬੈਠਾ ਵਿਆਹ ਦਾ ਚਾਅ ! ਹੋ ਗਈ 57 ਲੱਖ ਰੁਪਏ ਦੀ ਠੱਗੀ

ਨੈਸ਼ਨਲ ਡੈਸਕ 8 ਨਵੰਬਰ। ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਵਿੱਚ ਇੱਕ ਵਿਅਕਤੀ ਨੇ ਵਿਆਹ ਦੇ ਬਹਾਨੇ 73 ਸਾਲਾ ਔਰਤ ਨਾਲ 57 ਲੱਖ ਰੁਪਏ ਤੋਂ ਵੱਧ ਦੀ ਠੱਗੀ ਮਾਰੀ। ਪੁਲਸ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਵਿਸ਼ਨੂੰ ਨਗਰ ਪੁਲਸ ਸਟੇਸ਼ਨ ਦੇ ਇੰਸਪੈਕਟਰ ਵਿਵੇਕ ਕੁਮੁਤਕਰ ਨੇ ਦੱਸਿਆ ਕਿ ਪੀੜਤਾ ਡੋਂਬੀਵਾਲੀ ਇਲਾਕੇ ਦੇ ਨਾਨਾ ਸ਼ੰਕਰਸ਼ੇਤ ਰੋਡ 'ਤੇ ਇੱਕ ਰਿਹਾਇਸ਼ੀ ਕੰਪਲੈਕਸ 'ਚ ਰਹਿੰਦੀ ਹੈ। ਉਹ ਇੱਕ ਅਖਬਾਰ ਵਿੱਚ ਪ੍ਰਕਾਸ਼ਿਤ ਵਿਆਹ ਸੰਬੰਧੀ ਇਸ਼ਤਿਹਾਰ ਰਾਹੀਂ 62 ਸਾਲਾ ਦੋਸ਼ੀ ਨੂੰ ਮਿਲੀ। ਕੁਮੁਤਕਰ ਨੇ ਕਿਹਾ ਕਿ ਔਰਤ ਦਾ ਵਿਸ਼ਵਾਸ ਜਿੱਤਣ ਤੋਂ ਬਾਅਦ, ਦੋਸ਼ੀ ਨੇ ਉਸ ਨਾਲ ਵਿਆਹ ਕਰਨ ਦਾ ਵਾਅਦਾ ਕੀਤਾ ਅਤੇ ਉਸਨੂੰ ਪੁਣੇ ਵਿੱਚ ਸ਼ਾਂਤੀਪੂਰਨ ਜੀਵਨ ਜਿਊਣ ਦਾ ਸੁਪਨਾ ਦਿਖਾਇਆ। ਉਨ੍ਹਾਂ ਕਿਹਾ ਕਿ ਦੋਸ਼ੀ ਨੇ ਔਰਤ ਨੂੰ ਪੁਣੇ 'ਚ ਘਰ ਖਰੀਦਣ ਦੀ ਆਪਣੀ ਯੋਜਨਾ ਬਾਰੇ ਦੱਸਿਆ ਅਤੇ ਉਸਨੂੰ 35 ਲੱਖ ਰੁਪਏ ਆਪਣੇ ਖਾਤੇ 'ਚ ਭੇਜਣ ਲਈ ਰਾਜ਼ੀ ਕਰ ਲਿਆ। ਉਸ ਨੇ ਜਾਅਲੀ ਰਸੀਦਾਂ ਅਤੇ ਜਾਅਲੀ ਜਾਇਦਾਦ ਦੇ ਦਸਤਾਵੇਜ਼ ਦਿਖਾ ਕੇ ਔਰਤ ਨੂੰ ਭਰੋਸਾ ਦਿੱਤਾ। ਪੁਲਸ ਦੇ ਅਨੁਸਾਰ, ਦੋਸ਼ੀ ਕੁਝ ਸਮੇਂ ਲਈ ਔਰਤ ਦੇ ਘਰ ਵੀ ਰਿਹਾ ਤੇ ਇਸ ਦੌਰਾਨ ਉਸਨੇ ਲਗਭਗ 20 ਲੱਖ ਰੁਪਏ ਦੇ ਗਹਿਣੇ ਚੋਰੀ



ਕਰ ਲਏ। ਦੋਸ਼ੀ ਨੇ ਔਰਤ ਦਾ ਡੈਬਿਟ ਕਾਰਡ ਵੀ ਚੋਰੀ ਕਰ ਲਿਆ ਅਤੇ ਉਸ ਵਿੱਚੋਂ 2.4 ਲੱਖ ਰੁਪਏ ਨਕਦ ਕਢਵਾ ਲਏ। ਅਧਿਕਾਰੀ ਨੇ ਕਿਹਾ ਕਿ ਦੋਸ਼ੀ ਨੇ ਪਿਛਲੇ ਮਹੀਨੇ ਔਰਤ ਨਾਲ ਪੈਸੇ ਠੱਗਣ ਤੋਂ ਬਾਅਦ ਉਸ ਨਾਲ ਸੰਪਰਕ ਤੋੜ ਲਿਆ ਸੀ ਅਤੇ ਇਸ ਵੇਲੇ ਫਰਾਰ ਹੈ। ਪੀੜਤਾ ਦੀ ਸ਼ਿਕਾਇਤ 'ਤੇ ਪੁਲਸ ਨੇ ਸੋਮਵਾਰ ਨੂੰ ਦੋਸ਼ੀ ਵਿਰੁੱਧ ਭਾਰਤੀ ਦੰਡ ਸੰਹਿਤਾ ਦੀਆਂ ਧਾਰਾਵਾਂ 316 (2) (ਅਪਰਾਧਿਕ ਵਿਸ਼ਵਾਸਘਾਤ), 318 (2) (ਧੋਖਾਧੜੀ), 305 (ਰਿਹਾਇਸ਼ੀ ਘਰ 'ਚ ਚੋਰੀ), 336 (2) ਅਤੇ 336 (3) (ਜਾਅਲਸਾਜ਼ੀ), 338 (ਕੀਮਤੀ ਦਸਤਾਵੇਜ਼ ਜਾਂ ਵਸੀਅਤ ਦੀ ਜਾਅਲਸਾਜ਼ੀ) ਅਤੇ 340 (2) (ਜਾਅਲੀ ਦਸਤਾਵੇਜ਼ ਜਾਂ ਇਲੈਕਟ?ਰਾਨਿਕ ਰਿਕਾਰਡ ਨੂੰ ਅਸਲੀ ਵਜੋਂ ਵਰਤਣਾ) ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਅਧਿਕਾਰੀ ਨੇ ਕਿਹਾ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

## ਨਵੀਂ ਮੁੰਬਈ ਦੇ ਇੰਜੀਨੀਅਰਿੰਗ ਕਾਲਜ 'ਚ ਅੱਗ ਲੱਗੀ, ਜਾਨੀ ਨੁਕਸਾਨ ਤੋਂ ਰਿਹਾ ਬਚਾਅ

ਠਾਣੇ 8 ਨਵੰਬਰ। ਮਹਾਰਾਸ਼ਟਰ ਦੇ ਨਵੀਂ ਮੁੰਬਈ ਟਾਊਨਸ਼ਿਪ 'ਚ ਇੱਕ ਇੰਜੀਨੀਅਰਿੰਗ ਕਾਲਜ 'ਚ ਅੱਗ ਲੱਗ ਗਈ, ਜਿਸ ਕਾਰਨ ਪ੍ਰਸ਼ਾਸਨਿਕ ਵਿਭਾਗ ਅਤੇ ਪ੍ਰਿੰਸੀਪਲ ਦੇ ਦਫ਼ਤਰ ਨੂੰ ਭਾਰੀ ਨੁਕਸਾਨ ਪਹੁੰਚਿਆ। ਅਧਿਕਾਰੀਆਂ ਨੇ ਬੁੱਧਵਾਰ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਖਾਰਘਰ ਖੇਤਰ 'ਚ ਸਿਓਨ-ਪਨਵੇਲ ਹਾਈਵੇਅ 'ਤੇ ਸਥਿਤ ਇੱਕ ਨਿੱਜੀ ਕਾਲਜ 'ਚ ਮੰਗਲਵਾਰ ਦੇਰ ਰਾਤ ਵਾਪਰੀ ਇਸ ਘਟਨਾ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਫਾਇਰ ਬ੍ਰਿਗੇਡ ਨੂੰ ਰਾਤ 11:12 ਵਜੇ ਸੂਚਨਾ ਮਿਲੀ ਤੇ ਇਸਦੇ ਕਰਮਚਾਰੀ ਮੌਕੇ 'ਤੇ ਪਹੁੰਚ ਗਏ। ਸਿਡਕੋ ਫਾਇਰ ਸਟੇਸ਼ਨ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਅੱਗ 'ਚ ਪ੍ਰਸ਼ਾਸਨਿਕ ਦਫ਼ਤਰ ਅਤੇ ਪ੍ਰਿੰਸੀਪਲ ਦੇ ਦਫ਼ਤਰ ਨੂੰ ਭਾਰੀ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਅੱਗ ਵਿੱਚ ਨੁਕਸਾਨੇ ਗਏ ਉਪਕਰਣਾਂ ਵਿੱਚ ਦੋ ਟੈਲੀਵਿਜ਼ਨ ਸੈੱਟ, ਦੋ ਏਅਰ ਕੰਡੀਸ਼ਨਰ, ਤਿੰਨ ਕੰਪਿਊਟਰ ਅਤੇ ਫਰਨੀਚਰ ਸ਼ਾਮਲ ਹਨ। ਅਧਿਕਾਰੀ ਨੇ ਕਿਹਾ ਕਿ ਇੱਕ ਘੰਟੇ ਦੀ ਕਾਰਵਾਈ ਤੋਂ ਬਾਅਦ ਅੱਗ 'ਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਗਿਆ।

# ਸ਼ਾਪਿੰਗ ਮਾਲ ਏਲਾਂਤੇ 'ਤੇ ਪ੍ਰਸ਼ਾਸ਼ਨ ਨੇ ਚਲਾਇਆ ਬੁਲਡੋਜ਼ਰ

**ਕੌਮੀ ਪਤ੍ਰਿਕਾ**

ਚੰਡੀਗੜ੍ਹ 8 ਨਵੰਬਰ। ਚੰਡੀਗੜ੍ਹ ਦੇ ਸਭ ਤੋਂ ਵੱਡੇ ਸ਼ਾਪਿੰਗ ਮਾਲ ਏਲਾਂਤੇ 'ਤੇ ਐਤਵਾਰ ਸਵੇਰੇ ਚੰਡੀਗੜ੍ਹ ਪ੍ਰਸ਼ਾਸਨ ਨੇ ਵੱਡੀ ਕਾਰਵਾਈ ਕਰਦਿਆਂ ਮਾਲ ਵਿਖੇ ਕੀਤੇ ਗ਼ੈਰ-ਕਾਨੂੰਨੀ ਨਿਰਮਾਣ 'ਤੇ ਬੁਲਡੋਜ਼ਰ ਚਲਾਇਆ। ਇੰਡਸਟਰੀਅਲ ਏਰੀਆ ਫੇਜ਼-1 ਵਿਖੇ ਸਥਿਤ ਮਾਲ 'ਚ ਕੁੱਲ 35,040 ਵਰਗ ਫੁੱਟ ਖੇਤਰ 'ਚ ਬਿਲਡਿੰਗ ਨਿਯਮਾਂ ਦੀ ਉਲੰਘਣਾ ਤੇ ਪ੍ਰਵਾਨਿਤ ਇਮਾਰਤ ਯੋਜਨਾ ਦੀ ਪਾਲਣਾ ਨੂੰ ਬਹਾਲ ਕਰਨ ਲਈ ਇਹ ਕਾਰਵਾਈ ਕੀਤੀ ਗਈ। ਜਾਣਕਾਰੀ ਅਨੁਸਾਰ ਪ੍ਰਸ਼ਾਸਨ ਵੱਲੋਂ 8 ਅਗਸਤ ਨੂੰ ਮਾਲ ਦਾ ਨਿਰੀਖਣ ਕੀਤਾ ਗਿਆ ਸੀ, ਜਿਸ ਦੌਰਾਨ ਬਿਨਾਂ ਮਨਜ਼ੂਰੀ ਦੇ ਕਈ ਗੰਭੀਰ ਉਲੰਘਣਾਵਾਂ ਸਾਹਮਣੇ ਆਈਆਂ। ਇਸ ਤੋਂ ਬਾਅਦ ਸ਼ਾਪਿੰਗ ਮਾਲ ਪ੍ਰਬੰਧਨ (ਮੈਸਰਜ਼ ਸੀਐਸਜੇ ਇਨਫ਼?ਰਾਸਟ?ਰਕਚਰ ਪ੍ਰਾਈਵੇਟ ਲਿਮਟਿਡ) ਨੂੰ ਅਸਟੇਟ ਦਫ਼ਤਰ ਨੇ ਸ਼ੋਕਾਜ਼ ਨੋਟਿਸ ਜਾਰੀ ਕੀਤਾ ਗਿਆ। ਇਸ ਤੋਂ ਬਾਅਦ ਸ਼ਾਪਿੰਗ ਮਾਲ ਸੁਣਵਾਈ ਦਾ ਪੂਰਾ ਮੌਕਾ ਦਿੱਤਾ ਗਿਆ। ਪਰ ਦੋ ਮਹੀਨੇ ਬਾਅਦ ਵੀ ਸਥਿਤੀ 'ਚ ਕੋਈ ਸੁਧਾਰ ਨਾ ਹੋਣ 'ਤੇ ਐੱਸ.ਡੀ.ਐੱਮ. (ਪੂਰਬ) ਖ਼ੁਸ਼ਪ੍ਰੀਤ ਕੌਰ ਨੇ ਸ਼ਨੀਵਾਰ ਨੂੰ ਇੱਥੇ ਕੀਤੀਆਂ ਗ਼ੈਰ ਕਾਨੂੰਨੀ ਉਸਾਰੀਆਂ ਨੂੰ ਢਾਹੁਣ ਦੇ ਹੁਕਮ ਜਾਰੀ ਕੀਤੇ। ਹਾਲਾਂਕਿ, ਰੀਅਲ ਐਸਟੇਟ ਕਾਰੋਬਾਰੀ ਤੇ ਭਾਜਪਾ ਨੇਤਾ ਸੁਭਾਸ਼ ਸ਼ਰਮਾ ਨੇ ਇਸ ਕਾਰਵਾਈ ਨੂੰ ਗਲਤ ਅਤੇ ਇੱਕਤਰਫ਼ਾ ਦੱਸਦਿਆਂ ਗੰਭੀਰ ਇਤਰਾਜ਼ ਜਤਾਇਆ ਹੈ। ਉਨ੍ਹਾਂ ਦਾ ਕਹਿਣਾ





ਹੈ ਕਿ ਪ੍ਰਸ਼ਾਸਨ ਨੇ ਬਿਨਾਂ ਸਹੀ ਜਾਂਚ ਤੇ ਪੱਖ ਸੁਣੇ ਕਾਰਵਾਈ ਕਰ ਦਿੱਤੀ, ਜਿਸ ਨਾਲ ਕਈ ਜਾਇਜ਼ ਢਾਂਚਿਆਂ ਨੂੰ ਨੁਕਸਾਨ ਪਹੁੰਚਿਆ ਹੈ। ਸ਼ਰਮਾ ਨੇ ਦਾਅਵਾ ਕੀਤਾ ਕਿ ਜਿਨ੍ਹਾਂ ਹਿੱਸਿਆਂ 'ਤੇ ਬੁਲਡੋਜ਼ਰ ਚਲਾਇਆ ਗਿਆ, ਉੱਥੇ ਕੋਈ ਗ਼ੈਰ-ਕਾਨੂੰਨੀ ਨਿਰਮਾਣ ਨਹੀਂ ਸੀ, ਸਗੋਂ ਲੈਂਡਸਕੇਪਿੰਗ ਰਾਹੀਂ ਖ਼ੂਬਸੂਰਤ ਬਣਾਇਆ ਗਿਆ ਸੀ। ਉਨ੍ਹਾਂ ਮੰਗ ਕੀਤੀ ਹੈ ਕਿ ਪ੍ਰਸ਼ਾਸਨ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਕਰਵਾਏ ਤੇ ਜਿਨ੍ਹਾਂ ਢਾਂਚਿਆਂ ਨੂੰ ਨੁਕਸਾਨ ਪਹੁੰਚਿਆ ਹੈ, ਉਨ੍ਹਾਂ ਦਾ ਸਰਵੇ ਕਰਵਾ ਕੇ ਅਸਲ ਸਥਿਤੀ ਸਪੱਸ਼ਟ ਕੀਤੀ ਜਾਵੇ। ਸ਼ਰਮਾ ਨੇ ਕਿਹਾ ਕਿ ਉਹ ਇਸ ਮਾਮਲੇ 'ਚ ਕਾਨੂੰਨੀ ਸਲਾਹ ਵੀ ਲੈ ਰਹੇ ਹਨ ਤੇ ਲੋੜ ਪੈਣ 'ਤੇ ਉੱਚ ਪੱਧਰ 'ਤੇ ਮਾਮਲਾ ਉਠਾਇਆ ਜਾਵੇਗਾ। ਚੰਡੀਗੜ੍ਹ ਪ੍ਰਸ਼ਾਸਨ ਨੇ ਦੁਹਰਾਇਆ ਕਿ ਉਹ ਸ਼ਹਿਰ ਦੇ ਯੋਜਨਾਬੱਧ ਵਿਕਾਸ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹੈ ਅਤੇ ਯੂਨੀਅਨ ਟੈਰੀਟਰੀ 'ਚ ਕਿਸੇ ਵੀ ਗੈਰ-ਕਾਨੂੰਨੀ ਨਿਰਮਾਣ ਜਾਂ ਸਾਈਟਾਂ ਦੀ ਦੁਰਵਰਤੋਂ ਦੇ ਖਿਲਾਫ਼ ਢਾਹੁਣ ਸਮੇਤ ਸਖ਼ਤ ਕਾਰਵਾਈ ਜਾਰੀ ਰਹੇਗੀ। ਕਾਰਵਾਈ ਦੌਰਾਨ ਵੱਡੀ ਗਿਣਤੀ 'ਚ ਪੁਲਸ ਬਲ ਵੀ ਮੌਕੇ 'ਤੇ ਤਾਇਨਾਤ ਸੀ।

## ਪਿੰਡ ਚੰਨਣਵਾਲ 'ਚ ਪ੍ਰਵਾਸੀ ਮਜ਼ਦੂਰ ਦੀ ਦਰਦਨਾਕ ਮੌਤ

ਮਹਿਲ ਕਲਾਂ 8 ਨਵੰਬਰ। ਵਿਧਾਨ ਸਭਾ ਹਲਕਾ ਮਹਿਲ ਕਲਾਂ ਅਧੀਨ ਪੈਂਦੇ ਪਿੰਡ ਚੰਨਣਵਾਲ ਵਿਚ ਅੱਜ ਇਕ ਬਹੁਤ ਹੀ ਦੁਖਦਾਈ ਖੇਤੀਬਾੜੀ ਹਾਦਸਾ ਵਾਪਰਿਆ, ਜਿਸ ਵਿਚ ਇਕ ਪ੍ਰਵਾਸੀ ਮਜ਼ਦੂਰ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਚੰਦ ਮਹਿਤਾ 32 ਸਾਲ ਵਾਸੀ ਬਿਹਾਰ ਵਜੋਂ ਹੋਈ ਹੈ, ਜੋ ਸਥਾਨਕ ਕਿਸਾਨ ਦੇ ਖੇਤ ਵਿਚ ਕਣਕ ਦੀ ਬਜਾਈ ਲਈ ਕੰਮ ਕਰ ਰਿਹਾ ਸੀ। ਮਿਲੀ ਜਾਣਕਾਰੀ ਮੁਤਾਬਕ ਕੰਮ ਦੌਰਾਨ ਚੰਦ ਮਹਿਤਾ ਅਚਾਨਕ ਸੂਪਰ ਸੀਡਰ ਦੀ ਲਪੇਟ ਵਿਚ ਆ ਗਿਆ, ਜਿਸ ਨਾਲ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਇਆ ਅਤੇ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਪਿੰਡ ਵਾਸੀਆਂ ਅਤੇ ਖੇਤ ਮਾਲਕ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਜਾਨ ਨਾ ਬਚ ਸਕੀ। ਪੀੜਤ ਕਿਸਾਨ ਗੁਰਜੰਟ ਸਿੰਘ ਧਾਲੀਵਾਲ ਨੇ ਮਜ਼ਦੂਰ ਦੀ ਮੌਤ 'ਤੇ ਡੂੰਘਾ ਦੁੱਖ ਜਤਾਉਂਦੇ ਹੋਏ ਕਿਹਾ ਕਿ ਇਹ ਹਾਦਸਾ ਪਰਿਵਾਰ 'ਤੇ ਕਹਿਰ ਵਾਂਗ ਟੁੱਟਿਆ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਆਪਣੇ ਪਿੱਛੇ ਤਿੰਨ ਨੰਨ੍ਹੇ ਬੱਚੇ, ਪਤਨੀ ਅਤੇ ਬਜ਼ੁਰਗ ਪਿਊ ਨੂੰ ਰੋਂਦਿਆ ਕਲਾਉਂਦੇ ਛੱਡ ਗਿਆ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਰਿਵਾਰ ਨੂੰ ਯੋਗ ਮੁਆਵਜ਼ਾ ਜਲਦੀ ਜਾਰੀ ਕੀਤਾ ਜਾਵੇ, ਤਾਂ ਜੋ ਉਹਨਾਂ ਦੀ ਆਰਥਿਕ ਸਹਾਇਤਾ ਹੋ ਸਕੇ। ਇਸ ਮੌਕੇ 'ਤੇ ਜਾਂਚ ਕਰ ਰਹੇ ਏ.ਐੱਸ.ਆਈ. ਜਗਰੂਪ ਸਿੰਘ ਅਤੇ ਥਾਣਾ ਮੁਨਸ਼ੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਘਟਨਾ ਸਬੰਧੀ ਅਗਲੀ ਕਾਰਵਾਈ ਮ੍ਰਿਤਕ ਦੇ ਪਰਿਵਾਰ ਵੱਲੋਂ ਦਿੱਤੇ ਜਾਣ ਵਾਲੇ ਬਿਆਨਾਂ ਦੇ ਅਧਾਰ 'ਤੇ ਕੀਤੀ ਜਾਵੇਗੀ।

## ਘਰ ਛੱਡ ਆਸ਼ਕ ਨਾਲ ਰਹਿ ਰਹੀ ਸੀ ਪਤਨੀ ; ਗੁੱਸੇ 'ਚ ਪਤੀ ਨੇ ਦੋਵਾਂ ਨੂੰ ਦਿੱਤੀ ਰੂਹ ਕੰਬਾਊ ਮੌਤ

ਨੈਸ਼ਨਲ ਡੈਸਕ 8 ਨਵੰਬਰ। ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਤੋਂ ਇਕ ਬੇਹੱਦ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੋਂ ਫਤਿਹਾਬਾਦ ਜ਼ਿਲ੍ਹੇ 'ਚ ਪੈਂਦੇ ਟੋਹਾਨਾ ਸ਼ਹਿਰ 'ਚ ਲਿਵ-ਇਨ 'ਚ ਰਹਿ ਰਹੇ ਇਕ ਜੋੜੇ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ 30 ਸਾਲਾ ਔਰਤ ਵਿਆਹੀ ਹੋਈ ਸੀ ਤੇ ਉਹ ਬੀਤੇ 6 ਮਹੀਨਿਆਂ ਤੋਂ ਆਪਣੇ ਬੁਆਇਫ?ਰੈਂਡ ਨਾਲ ਲਿਵ-ਇਨ ਰਿਲੇਸ਼ਨਸ਼ਿਪ 'ਚ ਰਹਿ ਰਹੀ ਸੀ। ਔਰਤ ਦਾ ਪਤੀ ਇਸ ਗੱਲ ਤੋਂ ਖ਼ਫ਼ਾ ਸੀ। ਇਸੇ ਕਾਰਨ ਉਸ ਨੇ ਆਪਣੀ ਪਤਨੀ ਪੂਜਾ ਤੇ ਉਸ ਦੇ ਬੁਆਇਫ?ਰੈਂਡ ਰਿਤਿਕ (24) ਨੂੰ ਚਾਕੂ ਨਾਲ ਵਿੰਨ੍ਹ ਕੇ ਕਤਲ ਕਰ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਉਸ ਨੇ ਆਪਣੀ ਪਤਨੀ 'ਤੇ ਚਾਕੂ ਨਾਲ 11 ਵਾਰ ਕੀਤੇ, ਜਦਕਿ ਉਸ ਦੇ ਬੁਆਇਫ?ਰੈਂਡ ਨੂੰ 3-4 ਵਾਰ ਚਾਕੂ ਮਾਰਿਆ। ਫਿਲਹਾਲ ਵਾਰਦਾਤ ਦੀ ਜਾਣਕਾਰੀ ਮਿਲਣ ਮਗਰੋਂ ਪੁਲਸ ਟੀਮ ਮੌਕੇ 'ਤੇ ਪਹੁੰਚ ਗਈ ਤੇ ਜਾ ਕੇ ਦੋਵਾਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਹੈ। ਵਾਰਦਾਤ ਨੂੰ ਅੰਜਾਮ ਦੇਣ ਮਗਰੋਂ ਮੁਲਜ਼ਮ ਦੀਪਕ ਮੌਕੇ ਤੋਂ ਫਰਾਰ ਹੋ ਗਿਆ ਸੀ, ਪਰ ਉਸ ਨੂੰ ਪੁਲਸ ਟੀਮ ਨੇ ਕਾਰਵਾਈ ਕਰਦੇ ਹੋਏ ਲੱਭ ਕੇ ਹਿਰਾਸਤ 'ਚ ਲੈ ਲਿਆ ਹੈ। ਫਿਲਹਾਲ ਉਸ ਕੋਲੋਂ ਪੁੱਛਗਿੱਛ ਸ਼ੁਰੂ ਕਰ ਕੇ ਪੁਲਸ ਨੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

# ਪੈਨਸ਼ਨ ਧਾਰਕਾਂ ਲਈ ਵੱਡੀ ਖ਼ਬਰ, ਕੇਂਦਰ ਸਰਕਾਰ ਨੇ ਨਿਯਮਾਂ 'ਚ ਕੀਤੇ ਅਹਿਮ ਬਦਲਾਅ

**ਏਜੰਸੀਆਂ**

ਬਿਜ਼ਨਸ ਡੈਸਕ 8 ਨਵੰਬਰ। ਕੇਂਦਰ ਸਰਕਾਰ ਨੇ ਪੈਨਸ਼ਨ ਨਿਯਮਾਂ ਵਿੱਚ ਵੱਡਾ ਬਦਲਾਅ ਕੀਤਾ ਹੈ। ਕੇਂਦਰ ਸਰਕਾਰ ਨੇ ਕੇਂਦਰੀ ਸਿਵਲ ਸੇਵਾਵਾਂ (ਪੈਨਸ਼ਨ) ਨਿਯਮਾਂ, 2021 ਵਿੱਚ ਮਹੱਤਵਪੂਰਨ ਸੋਧਾਂ ਕਰਕੇ ਸਰਕਾਰੀ ਕਰਮਚਾਰੀਆਂ ਦੀ ਪੈਨਸ਼ਨ ਪ੍ਰਣਾਲੀ ਵਿੱਚ ਵੱਡਾ ਬਦਲਾਅ ਕੀਤਾ ਹੈ। 22 ਮਈ 2025 ਨੂੰ ਨੋਟੀਫਾਈ ਕੀਤੇ ਗਏ ਨਵੇਂ ਨਿਯਮ ਦੇ ਤਹਿਤ, ਹੁਣ ਜੇਕਰ ਕਿਸੇ ਕਰਮਚਾਰੀ ਨੂੰ ਕਿਸੇ ਜਨਤਕ ਖੇਤਰ ਦੇ ਅਦਾਰੇ (PSU) ਤੋਂ ਬਰਖਾਸਤ ਜਾਂ ਸੇਵਾ ਤੋਂ ਹਟਾ ਦਿੱਤਾ ਜਾਂਦਾ ਹੈ, ਤਾਂ ਉਸਨੂੰ ਸੇਵਾਮੁਕਤੀ ਲਾਭ ਨਹੀਂ ਦਿੱਤੇ ਜਾਣਗੇ। ਇਸ ਫੈਸਲੇ ਨੂੰ ਸਰਕਾਰੀ ਅਨੁਸ਼ਾਸਨ ਅਤੇ ਜਵਾਬਦੇਹੀ ਨੂੰ ਮਜ਼ਬੂਤ ??ਕਰਨ ਵੱਲ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ। ਕੇਂਦਰੀ ਸਿਵਲ ਸੇਵਾਵਾਂ (ਪੈਨਸ਼ਨ) ਸੋਧ ਨਿਯਮਾਂ, 2025 ਤਹਿਤ, ਹੁਣ ਜੇਕਰ ਕੋਈ ਸਰਕਾਰੀ ਕਰਮਚਾਰੀ ਕਿਸੇ ਜਨਤਕ ਖੇਤਰ ਦੇ ਅਦਾਰੇ (PSU) ਵਿੱਚ ਕੰਮ ਕਰ ਰਿਹਾ ਹੈ ਅਤੇ ਦੁਰਵਿਵਹਾਰ ਜਾਂ ਅਨੁਸ਼ਾਸਨਹੀਣਤਾ ਕਾਰਨ ਉਸਨੂੰ ਸੇਵਾ ਤੋਂ ਬਰਖਾਸਤ ਜਾਂ ਹਟਾ ਦਿੱਤਾ ਜਾਂਦਾ ਹੈ, ਤਾਂ ਉਸਨੂੰ ਪੈਨਸ਼ਨ ਸਮੇਤ ਕਿਸੇ ਵੀ ਤਰ੍ਹਾਂ ਦੇ ਸੇਵਾਮੁਕਤੀ ਲਾਭ ਨਹੀਂ ਮਿਲਣਗੇ, ਭਾਵੇਂ ਉਸਦੀ ਸੇਵਾ ਦੀ ਮਿਆਦ ਕਿੰਨੀ ਵੀ ਹੋਵੇ। ਅਜਿਹੇ ਮਾਮਲਿਆਂ ਵਿੱਚ, ਸਬੰਧਤ ਪ੍ਰਸ਼ਾਸਕੀ ਮੰਤਰਾਲਾ ਉਸ ਬਰਖਾਸਤਗੀ ਦੇ ਫੈਸਲੇ ਦੀ ਸਮੀਖਿਆ ਕਰੇਗਾ। ਮੰਤਰਾਲਾ ਇਹ ਮੁਲਾਂਕਣ ਕਰੇਗਾ ਕਿ ਕੀ ਬਰਖਾਸਤਗੀ ਨਿਰਪੱਖ ਸੀ ਅਤੇ ਕੀ ਇਸ ਆਧਾਰ 'ਤੇ ਸੇਵਾਮੁਕਤੀ ਲਾਭਾਂ ਦੀ ਜ਼ਬਤ ਕੀਤੀ ਜਾਣੀ ਚਾਹੀਦੀ ਹੈ। ਇਹ ਪ੍ਰਕਿਰਿਆ ਪਾਰਦਰਸ਼ਤਾ ਅਤੇ ਨਿਆਂ ਨੂੰ ਯਕੀਨੀ ਬਣਾਉਣ ਲਈ ਲਾਗੂ ਕੀਤੀ ਗਈ ਹੈ। ਪਹਿਲਾਂ ਦੀ ਪ੍ਰਣਾਲੀ ਦੇ ਤਹਿਤ, ਭਾਵੇਂ ਜਨਤਕ ਖੇਤਰ ਦੇ ਅਦਾਰਿਆਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਬਰਖਾਸਤ ਜਾਂ ਸੇਵਾ ਤੋਂ ਹਟਾ ਦਿੱਤਾ ਜਾਂਦਾ ਸੀ। ਪੈਨਸ਼ਨ, ਗ੍ਰੈਚੁਟੀ ਵਰਗੇ ਸੇਵਾਮੁਕਤੀ ਲਾਭਾਂ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ ਸੀ, ਭਾਵ ਇਹ ਲਾਭ ਉਨ੍ਹਾਂ ਦੀ ਸੇਵਾ ਮਿਆਦ ਦੇ ਆਧਾਰ 'ਤੇ ਵੰਡੇ ਜਾਂਦੇ ਸਨ, ਭਾਵੇਂ ਬਰਖਾਸਤਗੀ ਦਾ ਕਾਰਨ ਕੋਈ ਵੀ ਹੋਵੇ, ਪਰ ਹੁਣ ਨਵੇਂ ਸੋਧ ਤੋਂ ਬਾਅਦ, ਅਜਿਹੀ ਸਥਿਤੀ ਵਿੱਚ ਸੇਵਾਮੁਕਤੀ ਲਾਭ ਜ਼ਬਤ ਕੀਤੇ ਜਾ ਸਕਦੇ ਹਨ।

## ਦੂਸ਼ਿਤ ਹੋ ਰਹੇ ਪਾਣੀ ਵੱਲ ਧਿਆਨ ਦੇਵੇ ਪੰਜਾਬ ਸਰਕਾਰ : ਐਡਵੋਕੇਟ ਮਾਹਲ

ਮਾਨਸਾ 8 ਨਵੰਬਰ। ਪੰਜਾਬ ਵਿਚ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਚੁੱਕਾ ਹੈ। ਬਠਿੰਡਾ-ਮਾਨਸਾ ਪੱਟੀ ਵਿਚ ਧਰਤੀ ਨੂੰ ਵੀ ਕੈਂਸਰ ਹੋਣ ਲੱਗਿਆ ਹੈ ਤਾਂ ਹੀ ਧਰਤੀ ਹੇਠਲੇ ਪਾਣੀ ਜ਼ਹਿਰੀਲੇ ਪੀਣ-ਯੋਗ ਨਾ ਰਹਿਣ ਕਰਕੇ ਕੈਂਸਰ ਅਤੇ ਹੋਰ ਬਿਮਾਰੀਆਂ ਨੇ ਲੋਕਾਂ ਨੂੰ ਜਕੜ ਲਿਆ ਹੈ। ਸਮਾਜ ਸੇਵੀ ਐਡਵੋਕੇਟ ਗੁਰਲਾਭ ਸਿੰਘ ਮਾਹਲ ਨੇ ਕਿਹਾ ਹੈ ਕਿ ਧਰਤੀ ਹੇਠਲਾ ਪਾਣੀ ਪੀਣ-ਯੋਗ ਨਾ ਹੋਣ ਕਰਕੇ ਬਿਮਾਰੀਆਂ ਨੇ ਪੈਰ ਪਸਾਰ ਲਏ ਹਨ। ਪਹਿਲਾਂ ਧਰਤੀ ਹੇਠਲਾ ਪਾਣੀ ਜ਼ਿਆਦਾ ਵਰਤਿਆ ਜਾਂਦਾ ਸੀ। ਹੁਣ ਅਸੀਂ ਦਰਿਆਵਾਂ, ਸੂਇਆਂ, ਕੱਸੀਆਂ ਦੇ ਪਾਣੀ 'ਤੇ ਨਿਰਭਰ ਹੋ ਗਏ ਹਾਂ। ਇੱਥੋਂ ਤੱਕ ਕਿਹਾ ਜਾਂਦਾ ਹੈ ਕਿ ਬਠਿੰਡਾ-ਮਾਨਸਾ ਇਲਾਕੇ ਵਿਚ ਪਾਣੀ ਬੇਹੱਦ ਖਰਾਬ ਅਤੇ ਜ਼ਹਿਰੀਲਾ ਹੋਣ ਕਰਕੇ ਪਹਿਲਾਂ ਦੇ ਮੁਕਾਬਲੇ ਕੈਂਸਰ ਦੀ ਬਿਮਾਰੀ ਵੱਧ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਹੁਤ ਪਹਿਲਾਂ ਜਗ?ਹਾ-ਜਗ?ਹਾ, ਪਿੰਡ-ਪਿੰਡ ਪੀਣ ਦੇ ਪਾਣੀ ਦੇ ਆਰ.ਓ ਪਲਾਂਟ ਅਤੇ ਹੋਰ ਸਿਸਟਮ ਲਗਾਏ ਗਏ ਸਨ। ਸਰਕਾਰ ਨੇ ਇਨ੍ਹਾਂ 'ਤੇ ਕਰੋੜਾਂ ਰੁਪਏ ਖਰਚ ਕੀਤਾ ਸੀ। ਇਹ ਆਰ.ਓ ਅੱਜ-ਕੱਲ੍ਹ ਬੰਦ ਹੋਣ ਕਰਕੇ ਕਬਾੜ ਬਣੇ ਪਏ ਹਨ। ਬਹੁਤੇ ਲੋਕਾਂ ਨੂੰ ਇਨ੍ਹਾਂ ਆਰ.ਓਜ਼ ਤੋਂ ਸ਼ੁੱਧ ਪਾਣੀ ਮਿਲਦਾ ਸੀ ਅਤੇ ਲੋਕ ਬਿਮਾਰ ਨਹੀਂ ਸਨ। ਹੁਣ ਇਹ ਬੰਦ ਹੋ ਗਏ, ਧਰਤੀ ਹੇਠਲਾ ਪਾਣੀ ਗੰਦਲਾ, ਜ਼ਹਿਰੀਲਾ ਅਤੇ ਮਾੜਾ ਹੋ ਗਿਆ ਹੈ ਅਤੇ ਹੁਣ ਲੋਕ ਖਾਸ ਕਰਕੇ ਬਠਿੰਡਾ-ਮਾਨਸਾ ਖੇਤਰ ਦੇ ਵਾਸੀ ਇਹ ਪਾਣੀ ਪੀਣ ਲਈ ਮਜਬੂਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਬਠਿੰਡਾ-ਮਾਨਸਾ ਖੇਤਰ ਵਿਚ ਪਾਣੀ ਦੇ ਟੀ.ਡੀ.ਐੱਸ ਦੀ ਮਾਤਰਾ ਵਧਣ ਨਾਲ ਇਹ ਧਰਤੀ ਹੇਠਲੇ ਪਾਣੀ ਪੀਣ-ਯੋਗ ਨਹੀਂ ਰਹੇ। ਉਨ੍ਹਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਮੰਗ ਕੀਤੀ ਕਿ ਇਹ ਆਰ.ਓ ਸਿਸਟਮ ਦੁਬਾਰਾ ਲਗਾਏ ਜਾਣ।

# ਪੰਜਾਬ ਵਾਸੀਆਂ ਲਈ ਅਹਿਮ ਖ਼ਬਰ, ਬਿਜਲੀ ਵਿਭਾਗ ਨੇ ਕੀਤਾ ਵੱਡਾ ਐਲਾਨ

**ਏਜੰਸੀਆਂ**

ਚੰਡੀਗੜ੍ਹ 8 ਨਵੰਬਰ। ਪੰਜਾਬ ਭਰ ਵਿਚ ਨਿਰਵਿਘਨ ਅਤੇ ਭਰੋਸੇਮੰਦ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣ ਦੀ ਦਿਸ਼ਾ ਵਿਚ ਅਹਿਮ ਕਦਮ ਚੁੱਕਦਿਆਂ, ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਐਲਾਨ ਕੀਤਾ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐੱਸ.ਪੀ.ਸੀ.ਐੱਲ.) ਨੇ ਮਾਰਚ 2026 ਤੱਕ ਜ਼ੀਰੋ ਪਾਵਰ ਆਊਟੇਜ ਪ੍ਰਾਪਤ ਕਰਨ ਦਾ ਟੀਚਾ ਮਿੱਥਿਆ ਹੈ। ਇਹ ਫੈਸਲਾ ਅਗਾਮੀ ਗਰਮੀ ਅਤੇ ਝੋਨੇ ਦੇ ਸੀਜ਼ਨ ਤੋਂ ਪਹਿਲਾਂ ਬਿਜਲੀ ਖੇਤਰ ਦੀਆਂ ਤਿਆਰੀਆਂ ਦੀ ਸਮੀਖਿਆ ਕਰਨ ਲਈ ਚੰਡੀਗੜ੍ਹ ਵਿਖੇ ਹੋਈ ਉੱਚ-ਪੱਧਰੀ ਮੀਟਿੰਗ ਦੌਰਾਨ ਲਿਆ ਗਿਆ। ਬਿਜਲੀ ਦੀ ਲਗਾਤਾਰ ਵੱਧ ਰਹੀ ਮੰਗ ਨੂੰ ਵੇਖਦਿਆਂ ਕੈਬਨਿਟ ਮੰਤਰੀ ਨੇ ਸਾਲ 2025-2030 ਲਈ ਥਰਮਲ, ਹਾਈਡ?ਰੋ ਅਤੇ ਨਵਿਆਉਣਯੋਗ ਊਰਜਾ ਸਮੇਤ ਵੱਖ-ਵੱਖ ਸਰੋਤਾਂ ਤੋਂ ਬਿਜਲੀ ਸਪਲਾਈ ਵਧਾਉਣ ਲਈ ਵਿਆਪਕ ਯੋਜਨਾਵਾਂ ਦੀ ਸਮੀਖਿਆ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਖਪਤਕਾਰਾਂ ਦੀਆਂ ਉਮੀਦਾਂ ਅਤੇ ਭਵਿੱਖੀ ਮੰਗਾਂ ਨੂੰ ਪੂਰਾ ਕਰਨ ਲਈ ਆਪਣੇ ਬਿਜਲੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਹਰਭਜਨ ਸਿੰਘ ਈ.ਟੀ.ਓ. ਨੇ ਸੂਬੇ ਦੀ ਐਗਰੀਗੇਟ ਟ?ਰਾਂਸਮਿਸ਼ਨ ਸਮਰੱਥਾ (ਏ.ਟੀ.ਸੀ.) ਵਿਚ ਕੀਤੇ ਜਾ ਰਹੇ ਵਾਧੇ 'ਤੇ ਤਸੱਲੀ ਪ੍ਰਗਟ ਕੀਤੀ, ਜੋ ਕਿ ਮਈ 2025 ਤੱਕ ਮੌਜੂਦਾ 10,102 ਐੱਮ.ਵੀ.ਏ. ਤੋਂ ਵਧਾ ਕੇ 10,400 ਐੱਮ. ਵੀ. ਏ. ਕੀਤਾ ਜਾਵੇਗਾ। ਇਸ ਤੋਂ ਇਲਾਵਾ, ਪੀ.ਐੱਸ.ਪੀ.ਸੀ.ਐੱਲ. ਨੂੰ ਜੂਨ 2027 ਤੱਕ 5000 ਐੱਮ.ਵੀ.ਏ. ਦੇ ਹੋਰ ਵਾਧੇ ਨੂੰ ਪ੍ਰਾਪਤ ਕਰਨ ਦਾ ਕੰਮ ਸੌਂਪਿਆ ਗਿਆ ਹੈ। ਮੀਟਿੰਗ ਦੌਰਾਨ, ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਸੂਬੇ ਭਰ ਵਿਚ 100 ਫੀਸਦ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ, ਜੋ ਪੂੰਜੀ ਸਬੰਧੀ ਵਿਆਪਕ ਕਾਰਜਾਂ ਅਤੇ ਬਿਹਤਰ ਰੱਖ-ਰਖਾਅ ਪ੍ਰੋਟੋਕੋਲ ਦੇ ਸੁਮੇਲ ਰਾਹੀਂ ਪ੍ਰਾਪਤ ਕੀਤਾ ਜਾਵੇਗਾ। ਮੁੱਖ ਪ੍ਰੋਜੈਕਟਾਂ ਵਿਚ ਐੱਚ.ਟੀ./ਐੱਲ.ਟੀ. ਅਤੇ ਈ.ਐੱਚ.ਟੀ. ਲਾਈਨਾਂ ਦੀ ਵੰਡ, ਰੀਕੰਡਕਟਰਿੰਗ ਅਤੇ ਵਿਸਤਾਰ; ਡਿਸਟ?ਰੀਬਿਊਸ਼ਨ ਟ?ਰਾਂਸਫਾਰਮਰਾਂ ਵਿਚ ਵਾਧਾ ਤੇ ਅਪਗ੍ਰੇਡ ਕਰਨਾ ਅਤੇ 66 ਕੇ.ਵੀ. ਸਬਸਟੇਸ਼ਨਾਂ 'ਤੇ ਪਾਵਰ ਟ?ਰਾਂਸਫਾਰਮਰਾਂ ਵਿਚ ਵਾਧਾ ਕਰਨਾ ਸ਼ਾਮਲ ਹੈ। ਰਿਵੈਂਪਡ ਡਿਸਟ?ਰੀਬਿਊਸ਼ਨ ਸੈਕਟਰ ਸਕੀਮ (ਆਰ.ਡੀ.ਐਸ.ਐਸ.) ਤਹਿਤ, 3600 ਕਰੋੜ ਰੁਪਏ ਦੀ ਲਾਗਤ ਨਾਲ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਨੂੰ



ਮਨਜ਼ੂਰੀ ਦਿੱਤੀ ਗਈ ਹੈ। ਇਸ ਵਿਚੋਂ 1700 ਕਰੋੜ ਰੁਪਏ ਦੇ ਕੰਮ ਪਹਿਲਾਂ ਹੀ ਦਿੱਤੇ ਜਾ ਚੁੱਕੇ ਹਨ, ਬਾਕੀ ਟੈਂਡਰਾਂ ਨੂੰ ਜੁਲਾਈ ਦੇ ਅੱਧ ਤੱਕ ਅੰਤਿਮ ਰੂਪ ਦਿੱਤੇ ਜਾਣ ਦੀ ਉਮੀਦ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਆਰ.ਡੀ.ਐੱਸ.ਐੱਸ. ਤੋਂ ਇਲਾਵਾ, 1200 ਕਰੋੜ ਰੁਪਏ ਦੇ ਵਾਧੂ ਪ੍ਰੋਜੈਕਟਾਂ ਲਈ ਜੁਲਾਈ 2025 ਦੇ ਅੰਤ ਤੱਕ ਟੈਂਡਰ ਜਾਰੀ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਸਤੰਬਰ ਦੇ ਅੱਧ ਤੱਕ ਸ਼ੁਰੂ ਕਰਨ ਅਤੇ ਮੌਜੂਦਾ ਵਿੱਤੀ ਸਾਲ ਅੰਦਰ 80 ਫੀਸਦ ਕੰਮ ਮੁਕੰਮਲ ਕਰਨ ਦੀ ਟੀਚਾ ਮਿੱਥਿਆ ਗਿਆ ਹੈ। ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਪੀ.ਐੱਸ.ਪੀ.ਸੀ.ਐੱਲ. ਪੰਜਾਬ ਦੇ ਬਿਜਲੀ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਉਣ ਲਈ ਅਣਥੱਕ ਮਿਹਨਤ ਕਰ ਰਿਹਾ ਹੈ। ਸਾਡੀ ਸਰਕਾਰ ਦਾ ਉਦੇਸ਼ ਹਰੇਕ ਨਾਗਰਿਕ ਨੂੰ ਨਿਰਵਿਘਨ, ਕੁਸ਼ਲ ਅਤੇ ਬਰਾਬਰ ਬਿਜਲੀ ਪ੍ਰਦਾਨ ਕਰਨਾ ਹੈ। ਇਹ ਸੁਧਾਰ ਪੰਜਾਬ ਦੀ ਪ੍ਰਗਤੀ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਜਾਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਕੈਬਨਿਟ ਮੰਤਰੀ ਨੇ ਇਨ੍ਹਾਂ ਟੀਚਿਆਂ ਨੂੰ ਪੂਰਾ ਕਰਨ ਲਈ ਪੀ.ਐੱਸ.ਪੀ.ਸੀ.ਐੱਲ. ਦੀ ਵਚਨਬੱਧਤਾ ਦੀ ਪੁਸ਼ਟੀ ਕਰਦਿਆਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਆਉਣ ਵਾਲੇ ਉੱਚ-ਮੰਗ ਵਾਲੇ ਮਹੀਨਿਆਂ ਦੌਰਾਨ ਬਿਜਲੀ ਦੀ ਸੁਚਾਰੂ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਸਾਰੇ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ।

## ਕਮਿਸ਼ਨਰੇਟ ਪੁਲਸ ਜਲੰਧਰ ਨੇ 17 ਸੇਵਾ ਮੁਕਤ ਪੁਲਸ ਅਧਿਕਾਰੀਆਂ ਨੂੰ ਦਿੱਤੀ ਵਿਦਾਇਗੀ

ਜਲੰਧਰ 8 ਨਵੰਬਰ। ਕਮਿਸ਼ਨਰੇਟ ਪੁਲਸ ਜਲੰਧਰ ਨੇ 17 ਅਧਿਕਾਰੀਆਂ ਨੂੰ ਸਨਮਾਨਤ ਕਰਨ ਲਈ ਇਕ ਯਾਦਗਾਰੀ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ, ਜੋ ਫੋਰਸ ਵਿੱਚ ਸਾਲਾਂ ਦੀ ਮਿਸਾਲੀ ਸੇਵਾ ਤੋਂ ਬਾਅਦ ਸੇਵਾਮੁਕਤ ਹੋਏ। ਪੁਲਸ ਲਾਈਨਜ਼ ਵਿਖੇ ਆਯੋਜਿਤ ਇਹ ਸਮਾਰੋਹ ਧੰਨਵਾਦ, ਸਤਿਕਾਰ ਅਤੇ ਦੋਸਤੀ ਦੁਆਰਾ ਦਰਸਾਈ ਗਈ ਇਕ ਦਿਲ ਨੂੰ ਛੂਹ ਲੈਣ ਵਾਲੀ ਸ਼ਰਧਾਂਜਲੀ ਸੀ। ਇਸ ਮੌਕੇ ਬੋਲਦਿਆਂ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ, ਜੁਆਇੰਟ ਸੀ. ਪੀ, ਸ਼੍ਰੀ ਸੰਦੀਪ ਸ਼ਰਮਾ, ਏ. ਡੀ. ਸੀ. ਪੀ-1, ਆਕਰਸ਼ੀ ਜੈਨ ਅਤੇ ਏ. ਡੀ. ਸੀ. ਪੀ. ਹੈੱਡਕੁਆਰਟਰ, ਸ਼੍ਰੀ ਸੁਖਵਿੰਦਰ ਸਿੰਘ ਨੇ ਭਾਵੁਕ ਭਾਸ਼ਣ ਦਿੱਤੇ, ਜਿਨ੍ਹਾਂ ਨੇ ਸੇਵਾਮੁਕਤ ਅਧਿਕਾਰੀਆਂ ਦੀਆਂ ਵਿਲੱਖਣ ਪ੍ਰਾਪਤੀਆਂ ਅਤੇ ਕਰੀਅਰ ਦੇ ਮੀਲ ਪੱਥਰਾਂ ਨੂੰ ਉਜਾਗਰ ਕੀਤਾ। ਪ੍ਰਸ਼ੰਸਾ ਦੇ ਪ੍ਰਤੀਕ ਵਜੋਂ ਸੇਵਾਮੁਕਤ ਅਧਿਕਾਰੀਆਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ। ਇਹ ਉਪਰਾਲਾ ਪੂਰੇ ਕਮਿਸ਼ਨਰੇਟ ਪੁਲਸ ਜਲੰਧਰ ਪਰਿਵਾਰ ਦੇ ਸਮਰਪਣ, ਇਮਾਨਦਾਰੀ ਅਤੇ ਨਿਰਸਵਾਰਥ ਯੋਗਦਾਨ ਲਈ ਗਹਿਰੀ ਸ਼ੁਕਰਗੁਜ਼ਾਰੀ ਨੂੰ ਦਰਸਾਉਂਦਾ ਹੈ। ਕਮਿਸ਼ਨਰੇਟ ਪੁਲਸ ਜਲੰਧਰ ਨੇ ਸੇਵਾਮੁਕਤ ਵਿਅਕਤੀਆਂ ਨੂੰ ਉਨ੍ਹਾਂ ਦੇ ਜੀਵਨ ਦੇ ਅਗਲੇ ਅਧਿਆਇ ਲਈ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ, ਉਮੀਦ ਕੀਤੀ ਕਿ ਉਨ੍ਹਾਂ ਦੀ ਚੰਗੀ ਕਮਾਈ ਸੇਵਾਮੁਕਤੀ ਉਨ੍ਹਾਂ ਲਈ ਸ਼ਾਂਤੀ, ਖ਼ੁਸ਼ੀ ਅਤੇ ਪੂਰਤੀ ਲਿਆਵੇ।